

INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
Monthly Issue "Atam Marg"
(December) 2010

ਸਾਲ ਸੋਲਵਾਂ, ਮਹੀਨਾ ਦਿਸੰਬਰ 2010

ਫਾਉਂਡਰ ਚੇਅਰਮੈਨ

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ

(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ

SUBSCRIPTION - ਚੰਦਾ - (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
280/-	2080/-	(For outstation cheques)

Postal Address for 'ATAM MARG' Enquiry, Money Order, Cheque and drafts in India :
ATAM MARG MAG. VISHAV G. R. M. CHARITABLE TRUST, Ratwara sahib, P.o. Mullanpur Garibdas, Distt. Mohali - 140901

SUBSCRIPTION FOREIGN (ਵਿਦੇਸ਼)

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

Postal Address for 'ATAM MARG' Enquiry, Money Order, Cheque and drafts from foreign to :
VISHAV GURMAT ROOHANI MISSION CHARITABLE TRUST
Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901, Pb. India.

Exemption U/S 80-G upto 31.03.2012 vide L. No. CIT-II/CHD/80G/TECH/245/2008-09/823

Registration Under Foreign Contribution (Regulation) Act 1976 R.No. 115320023

ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

Head Office INDIA - (M) 94172-14391, 9417214379 0160-2255002, Fax - 0160-2255009

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
Bibi Sukhvinder Kaur Bains - Phone : 403-270-3387
Canada - Bhai Sarmukh Singh Pannu
Phone - 604-433-0408
England - Bibi Gurbax Kaur /Jagtar Singh Jagi
Phone : 0121-200-2818
Fax : 0121-200-2879, **Raj Mobile** : 07968734058

For more information please visit us on internet at:-
Email : atammarg1@yahoo.co.in
http:# www.ratwarasahib.org, http # www.ratwarasahibmedia.org

ਤਤਕਰਾ

ਸੰਪਰਕ ਨੰ. ਰਤਵਾੜਾ ਸਾਹਿਬ

ਆਤਮ ਮਾਰਗ ਮੈਗਜ਼ੀਨ -	9417214391, 79
ਰਤਵਾੜਾ ਸਾਹਿਬ -	0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ -	9417214386
ਪਰਮ ਸਤਿਕਾਰਯੋਗ ਬੀਜੀ ਦੇ ਸੇਵਾਦਾਰ -	0172-2266315, 9417214381
ਬੀ. ਐਡ ਕਾਲਜ	9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ	9417214380
ਆਡੀਓ ਵੀਡੀਓ ਲਾਇਬ੍ਰੇਰੀ	9872814385, 9417214385
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ	0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ	0160-2255004
ਜਰਨਲ	9417214384

ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕੀ

ਮਿਤੀ 28 ਅਕਤੂਬਰ ਤੋਂ 31 ਅਕਤੂਬਰ 2010 ਨੂੰ ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਨੌਵੀਂ ਬਰਸੀ ਦੇ ਉਪਲਕਸ਼ ਵਿਚ ਰਤਵਾੜਾ ਸਾਹਿਬ ਦੀ ਪਵਿੱਤਰ ਧਰਤੀ ਤੇ ਹੋਏ 20ਵੇਂ ਗੁਰਮਤਿ ਰੂਹਾਨੀ ਸਤਿਸੰਗ ਪੂਰਨ ਪਿਆਰ ਅਤੇ ਸ਼ਰਧਾ ਨਾਲ ਸਪੰਨ ਹਨ। ਦੇਸ ਪ੍ਰਦੇਸ ਤੋਂ ਹਜ਼ਾਰਾਂ ਪ੍ਰੇਮੀ ਲੰਮੇ ਪੈਂਡੇ ਝਾਗ ਕੇ ਰਤਵਾੜਾ ਸਾਹਿਬ ਦੀ ਪੁੰਨ ਭੂਮੀ ਪੁੱਜੇ ਅਤੇ ਚਾਰੋਂ ਦਿਨ ਰੱਜ ਕੇ ਗੁਰਬਾਣੀ ਦੇ ਮਨੋਹਰ ਕੀਰਤਨ ਅਤੇ ਗਿਆਨ-ਭਰੇ ਪ੍ਰਵਚਨਾਂ ਦਾ ਅਨੰਦ ਮਾਣਿਆਂ। ਅਨੇਕ ਮਹਾਂਪੁਰਸ਼ਾਂ, ਸੰਤਾਂ, ਮਹਾਤਮਾ, ਸਾਧੂਆਂ, ਯੋਗੀਸ਼ੂਰਾਂ, ਵਿਦਵਾਨਾਂ ਅਤੇ ਪਤਿਵੰਤੇ ਸੱਜਣਾਂ ਨੇ ਮਹਾਂਪੁਰਸ਼ਾਂ ਨੂੰ ਰਜਵੀਂ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਨ੍ਹਾਂ ਦੇ ਪਰਉਪਕਾਰ ਦੱਸੇ। ਮਹਾਂਪੁਰਸ਼ ਸੱਚਮੁਚ ਹੀ ਬਖਸ਼ੀ ਹੋਈ ਰੂਹ ਸਨ, ਜਿਨ੍ਹਾਂ ਨੂੰ ਪਿਆਰ ਦਾ ਸਾਗਰ ਅਤੇ ਗਿਆਨ ਦਾ ਸੂਰਜ ਕਿਹਾ ਜਾਂਦਾ ਹੈ। ਉਨ੍ਹਾਂ ਨੇ ਗੁਰਬਾਣੀ ਤੋਂ ਪਿਆਰ ਦੀ ਭਾਸ਼ਾ ਸਿੱਖੀ, ਜੀਵਨ ਵਿਚ ਆਪਣਾਈ ਅਤੇ ਇਸ ਦਾ ਰੱਜ ਕੇ ਪ੍ਰਚਾਰ ਕੀਤਾ। ਉਨ੍ਹਾਂ ਲਈ ਕੋਈ ਵੈਰੀ ਨਹੀਂ ਸੀ, ਕੋਈ ਬਿਗਾਨਾ ਨਹੀਂ ਸੀ, ਸਭਨਾਂ ਦੇ ਸਾਂਝੀਵਾਲ, ਛੋਟੇ ਵੱਡੇ ਸਭਨਾਂ ਨੂੰ ਪਿਆਰ ਕਰਨ ਵਾਲੇ, ਸਭਨਾਂ ਦੇ ਦੁਖ ਸੁਣਨ ਵਾਲੇ, ਸਭਨਾਂ ਦੇ ਮਦਦਗਾਰ ਸਨ। ਏਸੇ ਲਈ ਸੰਗਤਾਂ ਵਲੋਂ ਵੀ ਆਪ ਜੀ ਨੂੰ ਅਥਾਹ ਪਿਆਰ ਮਿਲਿਆ। ਪਿਆਰ ਤੋਂ ਖਿਮਾਂ, ਧੀਰਜ, ਸੰਤੋਖ, ਜਤ, ਸਤ, ਅਨਮੋਲ ਗੁਣ ਉਤਪੰਨ ਹੁੰਦੇ ਹਨ ਜਿਨ੍ਹਾਂ ਨਾਲ ਆਪ ਜੀ ਦਾ ਜੀਵਨ ਸ਼ਰਸ਼ਾਰ ਸੀ। ਆਪ ਜੀ ਗਿਆਨ ਦਾ ਸੂਰਜ ਸਨ ਜਿਸ ਸਾਮ੍ਹਣੇ ਦ੍ਵੈਸ਼, ਸ਼ੰਕੇ, ਝੂਠ, ਫਰੇਬ, ਦੰਭ, ਈਰਖਾ, ਨਫਰਤ, ਅਗਿਆਨਤਾ ਵਰਗੇ ਅਨ੍ਹੇਰੇ ਟਿਕ ਨਹੀਂ ਸਕਦੇ। ਆਪ ਜੀ ਨੇ ਆਪਣੇ ਵਿਖਿਆਨਾਂ ਰਾਹੀਂ, ਆਡੀਓ ਵੀਡੀਓ ਕੈਸਟਾਂ ਰਾਹੀਂ, ਆਤਮ ਮਾਰਗ ਰਾਹੀਂ ਅਤੇ ਤਿੰਨ ਦਰਜਨ ਤੋਂ ਵੱਧ ਲਿਖੀਆਂ ਪੁਸਤਕਾਂ ਰਾਹੀਂ ਗਿਆਨ ਦਾ ਪ੍ਰਕਾਸ਼ ਕਰਕੇ ਅਗਿਆਨਤਾ, ਭਰਮਾਂ, ਵਹਿਮਾਂ, ਫੋਕਟ ਕਰਮਾਂ ਦੇ ਅਨ੍ਹੇਰੇ ਦੂਰ ਕੀਤੇ ਅਤੇ ਗੁਰਮਤਿ ਦਾ ਸੱਚਾ ਮਾਰਗ ਦ੍ਰਿਸ਼ਟਮਾਨ ਕੀਤਾ। ਪਰਉਪਕਾਰ ਕਰਨਾ ਆਪ ਜੀ ਦੇ ਜੀਵਨ ਦਾ ਸੁਭਾਅ ਹੀ ਬਣ ਗਿਆ ਸੀ। ਸਹਿਜ ਸੁਭਾਅ ਹੀ ਹੜ੍ਹ ਪੀੜਤਾਂ, ਭੁਚਾਲ ਗ੍ਰਸਿਆਂ ਦੀ ਸੇਵਾ ਕੀਤੀ, ਸਕੂਲ ਅਤੇ ਆਈ.ਟੀ. ਕਾਲਜ ਖੋਲ੍ਹ ਕੇ ਵਿਦਿਆ ਦਾ ਪਾਸਾਰ ਕੀਤਾ। ਰਤਵਾੜਾ ਸਾਹਿਬ ਦੀ ਸਿਰਜਨਾ ਆਪ ਜੀ ਦੀ ਅਨੇਕ-ਗੁਣ-ਸਪੰਨ ਮਨੋਹਰ ਸ਼ਖਸ਼ੀਅਤ ਦੀ ਮੂੰਹ-ਬੋਲਦੀ ਤਸਵੀਰ ਹੈ।

ਸਾਨੂੰ ਸਭਨਾਂ ਪ੍ਰੇਮੀਆਂ ਨੂੰ ਮਿਲ ਕੇ ਉਨ੍ਹਾਂ ਦੇ ਆਦੇਸ਼ਾਂ ਦਾ ਪਾਲਨ ਕਰਨਾ ਅਤੇ ਉਨ੍ਹਾਂ ਦੇ ਮਿਸ਼ਨ ਦੀ ਪੂਰਤੀ ਕਰਨੀ ਚਾਹੀਦੀ ਹੈ।

ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਵੀ ਇਸੇ ਮਹੀਨੇ ਹਨ, ਜਿਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਸਾਮ੍ਹਣੇ ਹਰੇਕ ਪ੍ਰਾਣੀ ਦਾ ਸਤਿਕਾਰ ਵਿਚ ਸੀਸ ਝੁਕਦਾ ਹੈ। ਨਿੱਕੀਆਂ ਜਿੰਦਾਂ ਨੇ ਵੱਡੇ ਸਾਕੇ ਸਿਰਜੇ ਤੇ ਇਹ ਸਿੱਧ ਕੀਤਾ ਕਿ ਕਿਵੇਂ ਧਰਮੀ, ਸਚਿਆਰਾ ਅਤੇ ਸ੍ਵੈਮਾਨ ਵਾਲਾ ਪ੍ਰਾਣੀ ਇਕ ਬਲਵਾਨ ਹਕੂਮਤ ਦੇ ਸਾਮ੍ਹਣੇ ਸਿਰ ਉਚਾ ਕਰਕੇ ਖੜ੍ਹ ਸਕਦਾ ਹੈ, ਲੜ ਸਕਦਾ ਹੈ, ਕੱਟ ਸਕਦਾ ਹੈ, ਮਰ ਸਕਦਾ ਹੈ ਪਰ ਕਿਸੇ ਦੇ ਝੁਕਾਇਆਂ ਝੁਕਦਾ ਨਹੀਂ। ਜ਼ਬਰ ਜ਼ੁਲਮ ਰਾਹੀਂ ਕਿਸੇ ਦਾ ਧਰਮ ਬਦਲਣਾ ਸਰਾਸਰ ਪਾਪ ਤੇ ਜ਼ੁਲਮ ਵਿਰੁੱਧ ਹੈ ਜਿਸ ਅੱਜ ਅੰਤਰਰਾਸ਼ਟਰੀ ਪੱਧਰ ਤੇ ਲੜਾਈ ਲੜੀ ਜਾ ਰਹੀ ਹੈ।

ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਸਾਹਿਬ ਵਿਖੇ ਲੱਖਾਂ ਦੀ ਗਿਣਤੀ ਵਿਚ ਇਕੱਠੀ ਹੋਈ ਮੁਗਲ ਤੇ ਪਹਾੜੀ ਸੈਨਾ ਨਾਲ ਲੋਹਾ ਲਾਖਾ ਹੁੰਦੇ ਸ਼ਹੀਦ ਹੋਏ। ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਨੂੰ ਆਪਣੀ ਹੱਥੀਂ ਸਸ਼ਤਰ ਸਜਾਏ, ਥਾਪੜਾ ਦਿਤਾ ਤੇ ਪੰਜ ਸਿੰਘਾਂ ਦੀ ਕਮਾਨ ਸੌਂਪ ਕੇ ਲੜਾਈ ਦੇ ਮੈਦਾਨ ਵਿਚ ਭੇਜਿਆ। ਉਨ੍ਹਾਂ ਨੇ ਅਣਗਿਣਤ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਸ਼ਹੀਦੀ ਨੂੰ ਪ੍ਰਾਪਤ ਹੋਏ। ਗੁਰੂ ਜੀ ਨੇ ਰੱਬ ਦਾ ਸ਼ੁਕਰ ਕੀਤਾ। ਸਿੰਘਾਂ ਨੂੰ ਚੜ੍ਹਦੀ ਕਲਾ ਵਿਚ ਰੱਖਿਆ ਤੇ ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਨੂੰ ਵੀ ਜੰਗ ਲਈ ਹੱਥੀਂ ਤਿਆਰ ਕੀਤਾ। ਨੌਜਵਾਨ ਸਾਹਿਬਜ਼ਾਦਾ ਦੁਸ਼ਮਣ ਸੈਨਾ ਤੇ ਬਿਜਲੀ ਵਾਂਗ ਟੁੱਟ ਕੇ ਪਿਆ। ਅਨੇਕਾਂ ਦੁਸ਼ਮਣਾਂ ਨੂੰ ਮਾਰਦਾ ਹੋਇਆ ਆਪ ਵੀ ਸ਼ਹੀਦ ਹੋ ਗਿਆ। ਗੁਰੂ ਜੀ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਬਹਾਦਰੀ ਨਾਲ ਲੜਦਾ ਤੇ ਸ਼ਹੀਦ ਹੁੰਦਾ ਅੱਖੀਂ ਵੇਖਿਆ ਪਰ ਕਿਸੇ ਤਰ੍ਹਾਂ ਦਾ ਅਫਸੋਸ ਜਾਂ ਦੁਖ ਨਹੀਂ ਪ੍ਰਗਟ ਕੀਤਾ ਸਗੋਂ ਰੱਬੀ ਸ਼ੁੱਕਰ ਵਿਚ ਰਹੇ।

ਇੰਜ ਹੀ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦੀਆਂ ਸ਼ਹੀਦੀਆਂ ਹਨ। ਤਿੰਨ ਦਿਨ ਕਚਹਿਰੀ ਲਗਦੀ ਰਹੀ, ਆਪ ਜੀਆਂ ਨੇ ਸੂਬਾ ਸਰਹੰਦ ਅਤੇ ਮੌਲਵੀ ਮੁਲਾਣਿਆਂ ਨੂੰ ਅਣਖੀਲੇ ਉਤਰ ਦੇ ਕੇ ਨਿਰੁੱਤਰ ਕਰ ਦਿਤਾ, ਆਖਰ ਸਰਹੰਦ ਦੀਆਂ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿਤਾ ਗਿਆ। ਲੱਖ ਲੱਖ ਪ੍ਰਣਾਮ ਹੈ ਇਨ੍ਹਾਂ ਅਮਰ ਜੋਤੀਆਂ ਨੂੰ।

ਪੋਖਿ ਦੀ ਸੰਗਰਾਂਦ

ਸੰਤ ਵਰਿਆਮ ਸਿੰਘ ਜੀ,
ਬਾਨੀ ਵਿ. ਗੁ. ਰੂ. ਮਿਸ਼ਨ।

ਸਤਿਨਾਮੁ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਅੰਗ - ੨੮੯

ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ ॥
ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ ॥
ਅੰਗ - ੧੦੯੫

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥
ਅੰਗ - ੧੦੯੪

ਧਾਰਨਾ - ਵਾਹਿਗੁਰੂ ਸੰਗਤ ਮੇਲੀਂ ਪਿਆਰਿਆਂ ਦੀ,
ਜਿਨ੍ਹਾਂ ਮਿਲਿਆਂ ਨਾਮ ਚਿਤ ਆਵੇ।
ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥
ਅਨਦਿਨੁ ਬਧੇ ਮਾਰੀਅਨਿ
ਫਿਰਿ ਵੇਲਾ ਨਾ ਲਹੰਨਿ ॥ ੧ ॥
ਹਰਿ ਹਰਿ ਰਾਖਹੁ ਕ੍ਰਿਪਾ ਧਾਰਿ ॥
ਸਤਸੰਗਤਿ ਮੇਲਾਇ ਪ੍ਰਭ ਹਰਿ ਹਿਰਦੈ ਹਰਿ ਗੁਣ ਸਾਰਿ
॥ ੧ ॥ ਸੇ ਭਗਤ ਹਰਿ ਭਾਵਦੇ
ਜੋ ਗੁਰਮੁਖਿ ਭਾਇ ਚਲੰਨਿ ॥
ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥ ੨ ॥
ਜਿਸ ਦਾ ਪਿੰਡੁ ਪਰਾਣ ਹੈ ਤਿਸ ਕੀ ਸਿਰਿ ਕਾਰ ॥
ਓਹੁ ਕਿਉ ਮਨਹੁ ਵਿਸਾਰੀਐ ਹਰਿ ਰਖੀਐ ਹਿਰਦੈ ਧਾਰਿ
॥ ੩ ॥ ਨਾਮਿ ਮਿਲਿਐ ਪਤਿ ਪਾਈਐ
ਨਾਮਿ ਮੰਨਿਐ ਸੁਖੁ ਹੋਇ ॥
ਸਤਿਗੁਰ ਤੇ ਨਾਮੁ ਪਾਈਐ ਕਰਮਿ ਮਿਲੈ ਪ੍ਰਭੁ ਸੋਇ ॥
ਅੰਗ - ੨੩੩

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਦੇ ਅੰਦਰ, ਸੁੱਖਾਂ ਦੀ ਪ੍ਰਾਪਤੀ, ਵਿਘਨਾਂ ਦੇ ਨਾਸ਼, ਜੋ ਇਛਿਆ, ਵਾਸ਼ਨਾ ਸ਼ੁਭ ਹਨ ਉਨ੍ਹਾਂ ਦੀ ਪੂਰਤੀ ਵਾਸਤੇ, ਗੁਰੂ ਦਰਬਾਰ ਵਿਚ ਪਹੁੰਚੇ ਓਂ। ਪੋਹ ਦੀ ਸੰਗਰਾਂਦ ਮਨਾਉਣ ਵਾਸਤੇ ਸਾਰਿਆਂ ਦੇ ਦਿਲਾਂ ਦੇ ਵਿੱਚ ਉਤਸ਼ਾਹ ਹੈ ਤੇ ਸਾਡਾ ਜੋ ਆਉਣ ਵਾਲਾ ਮਹੀਨਾ ਹੈ ਇਹ ਤੀਹ ਦਿਨ ਜੋ ਆਉਂਦੇ ਨੇ, ਬਹੁਤ ਹੀ ਸਖਤ ਪਾਲੇ ਦੇ, ਜਿਹਦੇ ਵਿਚ ਠੰਢਾਂ ਲੱਗ-ਲੱਗ ਕੇ ਬਿਮਾਰੀਆਂ ਆ ਜਾਂਦੀਆਂ ਨੇ; ਸਾਡੇ ਇਹ ਸਾਰੇ ਸੁੱਖ ਦੇ ਬਤੀਤ ਹੋਣ। ਮਹਾਰਾਜ ਕਹਿੰਦੇ ਨੇ ਕਿ ਸੁੱਖ ਦਾ ਮਹੀਨਾ, ਪੋਹ ਦਾ ਤਾਂ ਹੁੰਦਾ ਹੈ, ਜੇ ਵਾਹਿਗੁਰੂ ਹਿਰਦੇ 'ਚ ਵਸ ਜਾਵੇ। ਫੇਰ ਇਹ ਠੰਢ ਨਹੀਂ ਲੱਗਿਆ ਕਰਦੀ -

ਪੋਖਿ ਤੁਖਾਰੁ ਨ ਵਿਆਪਈ
ਕੰਠਿ ਮਿਲਿਆ ਹਰਿ ਨਾਹੁ ॥ ਅੰਗ - ੧੩੫

ਜਿਨ੍ਹਾਂ ਨੂੰ ਪ੍ਰਮੇਸ਼ਰ ਮਿਲ ਗਿਆ, ਜਿਹੜੇ ਬੰਦਗੀ ਕਰਦੇ ਨੇ, ਨਾਮ ਜਪਦੇ ਨੇ; ਉਨ੍ਹਾਂ ਨੂੰ ਇਹ ਠੰਢ ਕੁਛ ਕਿਹਾ ਨਹੀਂ ਕਰਦੀ। ਇਹ ਤਾਂ ਹੈ ਮਹੀਨੇ ਦੀ ਗੱਲ। ਮਹਾਰਾਜ ਕਹਿੰਦੇ ਦੋ ਤਰ੍ਹਾਂ ਦੇ ਬੰਦੇ ਨੇ ਸੰਸਾਰ ਦੇ ਅੰਦਰ ਮਨਮੁਖ ਹੋ ਜਾਂਦੇ ਨੇ, ਪਿੱਠ ਦੇ ਕੇ ਬੇਮੁਖ ਹੋ ਜਾਂਦੇ ਨੇ। ਗੱਲ ਨਹੀਂ ਮੰਨਣੀ ਗੁਰੂ ਦੀ। ਉਹ ਬੰਦੇ ਜਿਹੜੇ ਗੁਰੂ ਦੀ ਬਾਤ ਨਹੀਂ ਮੰਨਦੇ। ਵਿਚਾਰ ਕਰੋ ਆਪਣੇ-ਆਪਣੇ ਹਿਰਦੇ 'ਚ ਕਿ ਮੈਂ ਕਿੱਥੇ ਖੜ੍ਹਾਂ ਹਾਂ, ਮੈਂ ਗੁਰੂ ਦੀ ਗੱਲ ਮੰਨਦਾ ਹਾਂ ਕਿ ਨਹੀਂ ਮੰਨਦਾ। ਮੇਰਾ ਮੁਖ ਗੁਰੂ ਵਲ ਹੈ ਕਿ ਮਾਇਆ ਵਲ ਹੈ। ਜੇ ਮਾਇਆ ਵਲ ਹੈ ਤਾਂ ਮਨਮੁਖ ਹਾਂ, ਜੇ ਗੁਰੂ ਵਲ ਹੈ ਤਾਂ ਗੁਰਮੁਖ ਹਾਂ। ਮਹਾਰਾਜ ਕਹਿੰਦੇ, ਜਿਹੜੇ ਗੁਰੂ ਦੇ ਹੁਕਮਾਂ ਤੋਂ ਮੂੰਹ ਫੇਰ ਲੈਂਦੇ ਨੇ, ਉਨ੍ਹਾਂ ਵਾਸਤੇ ਫੁਰਮਾਨ ਕਰਦੇ ਨੇ -

ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥
ਅੰਗ - ੨੩੩

ਦਿਸਣੇ ਵੀ ਮਾੜੇ ਨੇ ਉਹ। ਬੁਰੇ ਨੇ ਉਹ। ਕਿਉਂਕਿ ਉਨ੍ਹਾਂ ਤੋਂ ਚੰਗਿਆਈ ਕੋਈ ਹੋ ਹੀ ਨਹੀਂ ਸਕਣੀ। ਹਉਮੈ ਦੇ ਅੰਦਰ ਜਾਲ 'ਚ ਫਸੇ ਹੋਏ ਦੁਨੀਆਂ ਨੂੰ ਦੁਖੀ ਕਰਨ ਵਾਲੇ ਬੰਦੇ ਨੇ ਤੇ ਜਦੋਂ ਇਹ ਸੰਸਾਰ ਤੋਂ ਜਾਣਗੇ, ਜਿੰਨਾਂ ਚਿਰ ਸੰਸਾਰ ਦੇ ਅੰਦਰ ਨੇ, ਜਿੰਨਾਂ ਚਿਰ ਇਥੇ ਨੇ ਓਨਾਂ ਚਿਰ ਉਨ੍ਹਾਂ ਦੇ ਹਉਕੇ ਤੇ ਹਾਵੇ ਨਹੀਂ ਮੁੱਕਣੇ। ਉਹ ਵਕਤ ਕਹਿਣਗੇ ਕਿ ਮੈਂ ਬੀਮਾਰ ਹਾਂ, ਮੇਰੇ ਘਾਟਾ ਪੈ ਰਿਹਾ ਹੈ, ਮੇਰਾ ਆਹ ਨਹੀਂ ਹੋ ਰਿਹਾ, ਮੇਰਾ ਮੁੰਡਾ ਨਹੀਂ ਆਖੇ ਲੱਗ ਰਿਹਾ, ਮੇਰਾ ਕੋਈ ਕੰਮ ਨਹੀਂ ਬਣ ਰਿਹਾ, ਮੇਰਾ ਹੱਥ ਪਿੱਛੇ-ਪਿੱਛੇ ਜਾਂਦਾ ਹੈ। ਜਦੋਂ ਇੱਥੋਂ ਜਾਣਗੇ ਸੰਸਾਰ ਤੋਂ, ਫੇਰ ਉਨ੍ਹਾਂ ਨੂੰ ਸਜ਼ਾ ਮਿਲੇਗੀ ਬੁਰੀ। ਸਜ਼ਾ ਵੀ ਐਸੀ ਮਿਲੇਗੀ ਕਿ ਬੰਨ੍ਹੇ ਜਾਣਗੇ, ਫੇਰ ਕੁੱਟੇ ਜਾਣਗੇ। ਫੇਰ ਉਹ ਜਦੋਂ ਉਨ੍ਹਾਂ ਨੂੰ ਕਹਿਣਗੇ ਕਿ ਤੈਨੂੰ ਮਾਨਸ ਜਨਮ ਮਿਲਿਆ ਸੀ, ਤੂੰ ਗਵਾ ਕੇ ਕਿਉਂ ਆਇਆ, ਚੌਰਾਸੀ ਲੱਖ ਜੂਨਾਂ ਦੇ ਵਿਚੋਂ ਤੂੰ ਸ਼੍ਰੋਮਣੀ ਜੂਨ ਵਿਚ ਸੀ। 83 ਲੱਖ 9 ਹਜ਼ਾਰ, 999 ਜੂਨਾਂ 'ਚੋਂ ਜਿਹੜੀ ਸੁਰਤੀ ਸੀ, ਏਸਨੂੰ ਹੌਲੀ-ਹੌਲੀ ਤਰੱਕੀ ਕਰਕੇ ਮਨੁੱਖ ਦੇ ਜਾਮੇ ਤੱਕ ਪਹੁੰਚਾਇਆ ਤੇ ਮਨੁੱਖ ਹੋ ਕੇ ਤੂੰ ਪਸ਼ੂ ਫੇਰ ਬਣ ਗਿਆ। ਏਸ ਕਰਕੇ ਉਥੇ ਮਾਰ ਪੈਂਦੀ ਹੈ। ਕੁਛ ਗਲਤੀਆਂ ਹੁੰਦੀਆਂ ਨੇ, ਪਸ਼ੂਆਂ ਵਾਲੀਆਂ ਗਲਤੀਆਂ। ਖੋਹ ਖਿੰਝ ਕਰਨੀ, ਦੂਜੇ ਦਾ ਬੁਰਾ ਚਿਤਵਨਾ, ਨਿੰਦਿਆ ਕਰਨੀ, ਚੁਗਲੀਆਂ ਕਰਨੀਆਂ, ਈਰਖਾ ਕਰਨੀ, ਹੋਰ ਅਨੇਕਾਂ ਚੀਜ਼ਾਂ ਦੇ ਨਾਲ ਧੋਖੇ ਦੇਣੇ। ਕਿਸੇ ਨੂੰ ਜ਼ਹਿਰ ਖਿਲਾ ਦਿਤੀ, ਕਿਸੇ ਦਾ ਬੁਰਾ ਚਿਤਵ ਲਿਆ। ਕਿਸੇ ਨੂੰ ਬੰਨ੍ਹ ਦਿੱਤਾ, ਕਿਸੇ ਸਾਧ ਤੋਂ ਲੈ ਲਿਆ ਕੁਛ। ਆਹ ਜਿਹੜੀਆਂ ਚੀਜ਼ਾਂ ਨੇ ਸਾਰੇ ਪਾਪ, ਇਹ ਜੀਵ ਜਦੋਂ ਕਰਕੇ ਜਾਂਦਾ ਹੈ, ਮਹਾਰਾਜ ਕਹਿੰਦੇ ਫੇਰ ਪਤਾ ਹੈ ਤੁਹਾਡੇ ਨਾਲ ਕੀ ਬਣਨੀ ਹੈ -

ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ ॥
ਅੰਗ - ੨੩੩

ਦਿਨੇ ਵੀ ਬੰਨ੍ਹੇ ਰਹਿਣਗੇ, ਰਾਤ ਨੂੰ ਵੀ ਬੰਨ੍ਹੇ ਰਹਿਣਗੇ ਤੇ ਕੁੱਟ ਪੈਂਦੀ ਰਹੇਗੀ। ਪੁਲਿਸ ਦੀ ਤਾਂ ਕੁੱਟ ਪੰਜ ਸੱਤ ਦਿਨ ਹੀ ਨਹੀਂ ਸਹਿ ਹੁੰਦੀ। ਜਿਹੜੇ ਜਾ ਕੇ ਆਉਂਦੇ ਨੇ ਉਨ੍ਹਾਂ ਨੂੰ ਪਤਾ ਹੈ। ਕਹਾਣੀਆਂ ਸੁਣ ਲਓ ਕਿ ਕਿਵੇਂ ਕੁੱਟਦੇ ਨੇ। ਜਦੋਂ ਦਿਨ ਰਾਤ ਬੰਨ੍ਹ ਕੇ ਮਾਰੀ ਜਾਣਾ ਹੈ, ਮਾਰੀ ਜਾਣਾ ਹੈ। ਮਹਾਰਾਜ ਕਹਿੰਦੇ ਫੇਰ ਨਹੀਂ ਵੇਲਾ ਮਿਲਣਾ, ਪਛਤਾਵਾ ਰਹਿ ਜਾਣਾ ਹੈ। ਏਸ ਕਰਕੇ ਜਿਹੜੇ ਸਿਆਣੇ ਬੰਦੇ ਨੇ ਉਨ੍ਹਾਂ ਨਾਲ ਹੁਣ ਗੱਲ ਕਰਦੇ ਨੇ ਕਿ ਤੁਸੀਂ ਪਿਆਰਿਓ -

ਹਰਿ ਹਰਿ ਰਾਖਹੁ ਕ੍ਰਿਪਾ ਧਾਰਿ ॥ ਅੰਗ - ੨੩੩

ਹੇ ਵਾਹਿਗੁਰੂ! ਤੂੰ ਹੁਣ ਸਾਨੂੰ ਕ੍ਰਿਪਾ ਕਰਕੇ ਰੱਖ ਲੈ। ਇਕ ਸਾਡੀ ਬੇਨਤੀ ਮੰਨ ਲੈ ਉਹ ਇਹ ਹੈ ਕਿ -

ਸਤਸੰਗਤਿ ਮੇਲਾਇ ਪ੍ਰਭ ਹਰਿ
ਹਿਰਦੈ ਹਰਿ ਗੁਣ ਸਾਰਿ ॥ ਅੰਗ - ੨੩੩

ਸਾਨੂੰ ਸੰਗਤ ਮਿਲਾ ਦੇ ਆਪਣੇ ਪਿਆਰਿਆਂ ਦੀ।

ਸਤਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨

ਉਹ ਸੰਗਤ ਮਿਲਾ ਦੇ, ਸਾਡੇ ਤੇ ਤੇਰੀ ਬਹੁਤ ਵੱਡੀ ਕ੍ਰਿਪਾ ਹੋ ਜਾਏਗੀ। ਅਸੀਂ ਪੈਸਾ ਨਹੀਂ ਮੰਗਦੇ, ਕੋਈ ਚੀਜ਼ ਨਹੀਂ ਮੰਗਦੇ ਤੇ ਜੇ ਮੰਗਦੇ ਹਾਂ ਤਾਂ ਤੇਰੇ ਪਿਆਰਿਆਂ ਦੀ ਸੰਗਤ ਮੰਗਦੇ ਹਾਂ। ਉਨ੍ਹਾਂ ਦੇ ਦਰਸ਼ਨ ਮੰਗਦੇ ਹਾਂ। ਉਹ ਕਿਉਂ ਮੰਗਦੇ ਹਾਂ, ਕਿਉਂਕਿ ਉਹ ਤੈਨੂੰ ਭਾਉਂਦੇ ਨੇ। ਜਿਹੜੇ ਤੈਨੂੰ ਪਿਆਰੇ ਲਗਦੇ ਨੇ, ਜੇ ਅਸੀਂ ਉਨ੍ਹਾਂ ਦੀ ਸੰਗਤ 'ਚ ਜਾਈਏ ਤਾਂ ਸਾਡਾ ਵੀ ਉਧਾਰ ਹੋ ਜਾਏਗਾ।

ਸਤਸੰਗਤਿ ਮੇਲਾਇ ਪ੍ਰਭ ਹਰਿ ਹਿਰਦੈ
ਹਰਿ ਗੁਣ ਸਾਰਿ ॥ ਅੰਗ - ੨੩੩

ਹਿਰਦੇ ਦੇ ਵਿਚ ਜੋ ਸਾਰ ਗੁਣ ਨੇ, ਤੱਤ ਗੁਣ, ਉਨ੍ਹਾਂ ਨੂੰ ਕਹਿੰਦੇ ਵਸਾ।

ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥
ਅੰਗ - ੨੩੩

ਜਿਹੜੇ ਗੁਰੂ ਦੀ ਮਰਜ਼ੀ ਦੇ ਵਿਚ ਚਲਦੇ ਨੇ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਨੁਸਾਰ ਜਿਹੜੇ ਚਲਦੇ ਨੇ, ਉਹ ਭਾਅ ਜਾਂਦੇ ਨੇ ਵਾਹਿਗੁਰੂ ਨੂੰ। ਉਹ ਕਰਦੇ ਕੀ ਨੇ, ਅਹੰਕਾਰ ਨਹੀਂ ਕਰਦੇ। ਨਿਮਰਤਾ ਦੇ ਨਾਲ ਸੇਵਾ ਕਰਦੇ ਨੇ। ਕੋਈ ਅਭਿਮਾਨ ਨਹੀਂ ਕਰਦੇ, ਹਉਮੈ 'ਚ ਨਹੀਂ ਆਉਂਦੇ। ਹੁਕਮ 'ਚ ਰਹਿੰਦੇ ਨੇ ਤੇ ਜੀਉਂਦੇ ਹੀ ਮਰੇ ਹੋਏ ਹੁੰਦੇ ਨੇ, ਸੰਸਾਰ ਤੋਂ। ਮਰ ਕੇ ਫੇਰ ਜੀਉਂਦੇ ਹੋ ਜਾਂਦੇ ਨੇ -

ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥
ਜਿਸ ਦਾ ਪਿੰਡੁ ਪਰਾਣ ਹੈ ਤਿਸ ਕੀ ਸਿਰਿ ਕਾਰ ॥
ਅੰਗ - ੨੩੩

ਜਿਹਨੇ ਸਰੀਰ ਵੀ ਸਾਨੂੰ ਦਿੱਤਾ ਹੈ, ਜੀਉ; ਤੇ ਪਿੰਡ ਵੀ ਦਿੱਤਾ ਹੈ ਪੰਜਾਂ ਤੱਤਾਂ ਦਾ, ਸਾਨੂੰ ਪੰਜ ਪ੍ਰਾਣ ਦਿਤੇ ਨੇ, ਮਨ ਦਿਤਾ ਹੈ, ਚਿੱਤ ਦਿਤਾ ਹੈ, ਬੁੱਧੀ ਦਿਤੀ ਹੈ, ਉਹਦੀ ਸਾਡੇ ਸਿਰ ਦੇ ਉਤੇ ਕਾਰ ਪਈ ਹੋਈ ਹੈ। ਉਹ ਇਹ ਹੈ ਕਿ ਅਸੀਂ ਉਹਦਾ ਨਾਮ ਜਪਣਾ ਹੈ, ਉਹਨੂੰ ਪਿਆਰ ਕਰਨਾ ਹੈ। ਫੇਰ ਦੱਸੋ ਉਹਨੂੰ ਕਿਉਂ ਮਨੋ ਵਿਸਾਰੀਏ।

ਸਾਡੇ ਤਾਂ ਵਿਸਰਿਆ ਹੀ ਰਹਿੰਦਾ ਹੈ, ਅਸੀਂ ਤਾਂ ਮਨਮੁੱਖਾਂ ਦੀ ਗਿਣਤੀ 'ਚ ਆਉਂਦੇ ਹਾਂ। ਗੁਰਮੁਖ ਤਾਂ ਕੋਈ ਵਿਰਲਾ ਹੀ ਹੋਣਾ ਹੈ, ਕਿਉਂਕਿ ਸਾਨੂੰ ਭੁੱਲਿਆ ਰਹਿੰਦਾ ਹੈ ਹਰ ਵਕਤ। ਮਹਾਰਾਜ ਕਹਿੰਦੇ ਉਹਨੂੰ ਨਾ ਭੁਲਾ।

ਓਹੁ ਕਿਉ ਮਨਹੁ ਵਿਸਾਰੀਐ
ਹਰਿ ਰਖੀਐ ਹਿਰਦੈ ਧਾਰਿ ॥
ਨਾਮਿ ਮਿਲਿਐ ਪਤਿ ਪਾਈਐ
ਨਾਮਿ ਮੰਨਿਐ ਸੁਖੁ ਹੋਇ ॥ ਅੰਗ - ੨੩੩

ਹਿਰਦੇ 'ਚ ਹਰ ਵਕਤ ਉਹਦੀ ਯਾਦ ਰੱਖੋ। ਜੇ ਨਾਮ ਮਿਲ ਜਾਵੇ ਤਾਂ ਸੰਸਾਰ 'ਤੇ ਪਤ ਰਹਿ ਜਾਂਦੀ ਹੈ, ਜਿਹਦੇ ਕੋਲ ਨਾਮ ਨਹੀਂ ਨਾ ਹੈ, ਉਹ ਕਿੱਡਾ ਹੀ ਵੱਡਾ ਹੈ, ਕਿੰਨੀਆਂ ਹੀ ਕਾਰਾਂ ਨੇ ਉਹਦੇ ਕੋਲ, ਕਿੰਨੀਆਂ ਹੀ ਕੋਠੀਆਂ ਨੇ, ਕਿੰਨਾ ਹੀ ਕਾਰੋਬਾਰ ਹੈ, ਕਿੰਨੇ ਹੀ ਬੰਦੇ ਉਹਦੇ ਪਿੱਛੇ ਚਲਦੇ ਨੇ; ਮਹਾਰਾਜ ਕਹਿੰਦੇ, ਉਹ ਤਾਂ ਮਰਿਆ ਹੋਇਆ ਬੰਦਾ ਹੈ। ਜੀਉਂਦਾ ਉਹ ਹੈ -

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ - ੧੪੨

ਕਿਉਂਕਿ ਉਹਦੇ ਕੋਲ ਨਾਮ ਨਹੀਂ, ਨਾਮ ਬਿਨਾਂ ਪਤ ਲਹਿ ਜਾਂਦੀ ਹੈ। ਪਤ ਪ੍ਰਵਾਨ ਨਹੀਂ ਹੁੰਦਾ, ਦਰਗਾਹ ਦੇ ਵਿਚ ਜਾ ਕੇ। ਦੁਨੀਆਂ ਦੇ ਅੰਦਰ ਸੋਨੇ ਦੇ ਸਿੱਕਿਆਂ ਨਾਲ ਤੋਲਿਆ ਜਾ ਸਕਦਾ ਹੈ। ਸੋਨੇ ਦੇ ਗਜ਼ਾਂ ਨਾਲ ਮਿਣਿਆ ਜਾ ਸਕਦਾ ਹੈ। ਦਰਗਾਹ ਦੇ ਵੱਟਿਆਂ ਦੇ ਮੂਹਰੇ ਇਹ ਖੋਟਾ ਸਿੱਕਾ ਹੈ।

ਨਾਮਿ ਮਿਲਿਐ ਪਤਿ ਪਾਈਐ
ਨਾਮਿ ਮੰਨਿਐ ਸੁਖੁ ਹੋਇ ॥
ਸਤਿਗੁਰ ਤੇ ਨਾਮੁ ਪਾਈਐ ਕਰਮਿ ਮਿਲੈ ਪ੍ਰਭੁ ਸੋਇ ॥
ਅੰਗ - ੨੩੩

ਜੇ ਨਾਮ ਨੂੰ ਮੰਨ ਲਓ। ਸੰਤਾਂ ਤੋਂ ਪੁੱਛਿਆ ਕਰੋ ਕਿ ਨਾਮ ਕਿਵੇਂ ਮੰਨੀਦਾ ਹੈ। ਕਹਿੰਦੇ ਫੇਰ ਸੁੱਖ ਆਪੇ ਹੀ ਹੋ ਜਾਂਦਾ ਹੈ। ਪਰ ਨਾਮ ਮਿਲਦਾ ਹੈ ਗੁਰੂ ਗ੍ਰੰਥ ਸਾਹਿਬ ਤੋਂ, ਪੰਜਾਂ ਪਿਆਰਿਆਂ ਦੇ ਰਾਹੀਂ, ਮਿਹਨਤ ਕਰਕੇ, ਸ਼ਬਦ ਦਾ ਜਾਪ ਕਰਕੇ, ਸਤਿਸੰਗਤ 'ਚ ਆ ਕੇ; ਸਾਧੂਆਂ ਦੀ ਸੰਗਤ 'ਚ ਸੇਵਾ ਕਰਕੇ, ਅਭਿਆਸ ਕਰਕੇ ਫੇਰ ਨਾਮ ਅੰਦਰੋਂ ਪ੍ਰਗਟ ਹੋ ਜਾਂਦਾ ਹੈ।

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩

ਪਰ ਵਾਹਿਗੁਰੂ ਦੀ ਬਖਸ਼ਿਸ਼ ਹੋ ਜਾਵੇ, ਜੇ ਰਹਿਮ ਹੋ ਜਾਵੇ। ਹੁਣ ਦੂਜੇ ਪਾਸੇ ਮਹਾਰਾਜ ਫੁਰਮਾਨ ਕਰਦੇ ਨੇ ਕਿ -

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਅੰਗ - ੨੩੩

ਜਿਨ੍ਹਾਂ ਨੇ ਪਿੱਠ ਦੇ ਦਿਤੀ ਗੁਰੂ ਨੂੰ, ਕਹਿੰਦੇ ਉਹ ਭ੍ਰਮਦੇ

ਹੋਏ, ਉਨ੍ਹਾਂ ਨੂੰ ਕਿਤੇ ਵੀ ਟਿਕਾਅ ਨਹੀਂ ਮਿਲਦਾ। ਉਨ੍ਹਾਂ ਦੇ ਬਾਰੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ, ਵਿਚਾਰ ਕੇ ਪੜ੍ਹਿਓ ਸਾਰੇ –

ਧਾਰਨਾ – ਤੈਨੂੰ ਧਰਤੀ ਅਸਮਾਨ ਨੇ ਨਹੀਂ ਝੱਲਣਾ,
ਵਿਸ਼ਟਾ ਵਿਚ ਗਣੇ ਮੂਰਖਾ।

ਧਰਤਿ ਅਸਮਾਨੁ ਨ ਝਲਈ
ਵਿਚਿ ਵਿਸਟਾ ਪਏ ਪਚੰਨਿ ॥ ਅੰਗ – ੨੩੩

ਵਿਸ਼ਟਾ ਦੇ ਵਿਚ ਪਚਦੇ ਨੇ ਉਹ। ਮਹਾਰਾਜ ਕਹਿੰਦੇ ਕੀ ਕਰਿਆ ਜਾਵੇ, ਪ੍ਰਮੇਸ਼ਰ ਦੀ ਮਾਇਆ ਐਸੀ ਪ੍ਰਬਲ ਹੈ, ਉਹਨੇ ਠਗਮੂਰੀ ਸੁੰਘਾ ਦਿਤੀ। ਠਗਮੂਰੀ ਇਕ ਵੱਟੀ ਹੋਇਆ ਕਰਦੀ ਸੀ। ਪਹਿਲੇ ਜ਼ਮਾਨਿਆਂ 'ਚ ਬੂਟੀ ਹੁੰਦੀ, ਉਹ ਚੁੱਪ ਕਰਕੇ ਹੱਥ ਨੂੰ ਲਾ ਲੈਣੀ ਤੇ ਦੂਜੇ ਨੂੰ ਸੁੰਘਾ ਦੇਣੀ, ਉਹ ਬੇਹੋਸ਼ ਹੋ ਜਾਂਦਾ ਸੀ। ਫੇਰ ਉਹਨੂੰ ਨਾ ਆਪਣਾ ਗਿਆਨ ਰਹਿੰਦਾ ਸੀ, ਕਿਸੇ ਚੀਜ਼ ਦਾ ਗਿਆਨ ਨਹੀਂ ਸੀ ਰਹਿੰਦਾ। ਐਸੇ ਤਰ੍ਹਾਂ ਦੇ ਨਾਲ ਸਾਨੂੰ ਅਗਿਆਨ, ਅਵਿਦਿਆ, ਮਾਇਆ ਦੀ ਬੇਹੋਸ਼ ਕਰਨ ਵਾਲੀ ਬੂਟੀ ਚੜ੍ਹ ਗਈ, ਹੁਣ ਦੇਖੋ ਕੀ ਹੁੰਦਾ ਹੈ। ਹੈ ਤਾਂ ਇਥੇ ਪ੍ਰਮੇਸ਼ਰ ਦੀ ਜੋਤ, ਇਹ ਹੁੰਦਾ ਹੈ ਕਿ ਮੇਰਾ ਪੁੱਤਰ, ਮੇਰੀ ਧੀ, ਮੇਰਾ ਭਰਾ, ਮੇਰੀ, ਜ਼ਮੀਨ, ਮੇਰਾ ਧਰਮ, ਮੇਰੇ ਪਿੰਡ ਦੇ, ਮੇਰੇ ਜ਼ਿਲੇ ਦੇ, ਆਹ ਚੱਲ ਪੈਂਦਾ ਹੈ ਫੇਰ। ਫੇਰ ਆਪਣੇ ਵਾਸਤੇ ਹੁੰਦਾ ਹੈ ਕਿ ਮੈਂ, ਮੈਂ ਰਹਿ ਜਾਂਦਾ ਅਖੀਰ 'ਤੇ। ਬੇਹੋਸ਼ ਹੋ ਜਾਂਦਾ ਹੈ। ਪ੍ਰਮੇਸ਼ਰ ਸਾਰੇ ਹੈ ਲੇਕਿਨ ਬੂਟੀ ਨੇ ਪ੍ਰਮੇਸ਼ਰ ਤਾਂ ਦੂਰ ਕਰ ਦਿੱਤਾ, ਪੁੱਤਾਂ ਧੀਆਂ ਦੇ ਵਿਚ ਪ੍ਰਗਟ ਕਰ ਦਿੱਤਾ, ਉਹਦੇ ਵਿਚ ਹੀ ਕਹਿੰਦੇ ਭ੍ਰਮਦਾ ਚਲਿਆ ਜਾਂਦਾ ਹੈ। ਇਹ ਭਰਮਾਂ 'ਚ ਪਾ ਦਿਤਾ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

ਧਾਰਨਾ – ਸਾਰੇ ਜਗ ਨੂੰ ਭਰਮਾਂ ਦੇ ਵਿਚ ਪਾ ਕੇ,
ਹਰੀ ਨਾਲੋਂ ਤੋੜ ਸੁੱਟਿਆ।

ਅਸਲ ਨੂੰ ਨਕਲ ਬਣਾ ਦਿਤਾ। ਗੱਲ ਸਮਝੋ ਜਿਹੜੀ ਮੈਂ ਕਹਿੰਦਾ ਹਾਂ, ਅਸਲ ਚੀਜ਼ ਤਾਂ ਹੋਰ ਹੈ, ਲੇਕਿਨ ਨਕਲ ਬਣਾ ਦਿਤੀ, ਐਨ ਪੱਕੀ ਬਣਾ ਦਿਤੀ, ਸਾਡੇ ਦਿਮਾਗ 'ਚ ਆਉਂਦੀ ਨਹੀਂ ਜ਼ੋਰ ਲਾ ਲਓ ਜਿੰਨਾ ਲਗਦਾ ਹੈ, ਸਾਰੇ ਸਾਰੀ ਸੇਵਾ, ਸਾਰੀ ਤਪ ਤਪਸਿਆ, ਸਾਰੇ ਨਿਤਨੇਮ, ਸਾਰੇ ਧਰਮ ਦੀਆਂ ਪਾਬੰਦੀਆਂ, ਸਿਰਫ ਇੱਕ ਗੱਲ ਸਮਝਣ ਵਾਸਤੇ ਨੇ ਕਿ ਕਿਵੇਂ ਇਹ ਭਰਮ ਦੂਰ ਹੋ ਜਾਵੇ। ਮਹਾਰਾਜ ਕਹਿੰਦੇ, ਐਉਂ ਨਹੀਂ ਭਰਮ ਦੂਰ ਹੋਣਾ। ਭਰਮ ਦੇ ਵਿਚ ਪਿਆ ਹੋਇਆ ਲੁੱਟਿਆ ਜਾ ਰਿਹਾ ਹੈ, ਮਾਰਿਆ ਜਾ ਰਿਹਾ ਹੈ ਤੇ ਰੱਬ ਦੇ ਨਾਲੋਂ ਤੂੰ ਟੁੱਟ ਗਿਆ, ਦੁਖੀ ਹੁੰਦਾ ਫਿਰਦਾ ਹੈਂ ਕਿ ਨਹੀਂ, ਕੋਈ ਬੰਦਾ ਹੈ ਸੁਖੀ। ਕੋਈ ਬੰਦਾ ਦੱਸੋ ਕਿ ਮੈਂ ਸੁਖੀ ਹਾਂ। ਸਿਵਾਏ ਨਾਮ ਜਪਣ ਵਾਲੇ ਤੋਂ ਹੋਰ ਕੋਈ ਸੁਖੀ ਹੋ ਹੀ ਨਹੀਂ ਸਕਦਾ। ਮਹਾਰਾਜ ਐਸਾ ਫੁਰਮਾਨ ਕਰਦੇ ਨੇ –

ਧਾਰਨਾ – ਦੁਖੀਆ ਸਭ ਸੰਸਾਰ, ਨਾਨਕ ਦੁਖੀਆ – ੨

ਬਾਲੀ ਰੋਵੈ ਨਾਹਿ ਭਤਾਰੁ ॥
ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ – ੯੫੪

ਇੱਕ ਦੋ ਚਾਰ ਨਹੀਂ। ਕਿਉਂ ਦੁਖੀ ਹੋ ਗਿਆ? ਕਿਉਂਕਿ ਨਾਮ ਨਾਲੋਂ ਟੁੱਟ ਗਿਆ।

ਦੁੱਖ ਵਾਹਿਗੁਰੂ ਜੀ ਨੇ ਨਹੀਂ ਸੀ ਬਣਾਇਆ ਸਾਧਸੰਗਤ ਜੀ। ਆਦਮੀ ਨੇ ਦੁੱਖ ਆਪ ਪੈਦਾ ਕਰ ਲਿਆ ਤੇ ਹੁਣ ਉਹ ਜਿਹੜਾ ਦੁੱਖ ਸੀ ਉਹ ਕਿਰਤ 'ਚ ਪੈ ਗਿਆ, ਸੁਭਾਅ 'ਚ ਆ ਗਿਆ, ਸੁਭਾਅ ਦੇ ਨਾਲ ਕੰਮ ਕਰਨ ਲਗ ਗਿਆ। ਕੰਮਾਂ ਦੇ ਨਾਲ ਕਰਮ ਬਣ ਗਏ, ਕਰਮਾਂ ਦਾ ਬੰਨ੍ਹਿਆ ਹੋਇਆ ਦੁੱਖ ਭੋਗਣ ਫੇਰ ਆ ਜਾਂਦਾ ਹੈ। ਸੁੱਖੀ ਕਿਵੇਂ ਹੋਵੇ? ਮਹਾਰਾਜ ਤਾਂ ਕਹਿੰਦੇ ਨੇ –

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਅੰਗ – ੪੬੩

ਜਦੋਂ ਸੱਚਾ ਵਾਹਿਗੁਰੂ ਇਹਦੇ ਵਿਚ ਰਹਿੰਦਾ ਹੈ ਫੇਰ ਦੁੱਖ ਕਿੱਥੋਂ ਆਉਣਾ ਚਾਹੀਦਾ ਹੈ? ਹੋਣਾ ਹੀ ਨਹੀਂ ਚਾਹੀਦਾ ਜਿੱਥੇ ਵਾਹਿਗੁਰੂ ਰਹਿੰਦਾ ਹੈ। ਇਹ ਤਾਂ ਬੜੀ ਹੀ ਸੁੰਦਰ ਦੁਨੀਆਂ ਬਣਾਈ ਸੀ ਮਨੁੱਖ ਵਾਸਤੇ ਤੇ ਬਣਾਈ ਉਸ ਮਨੁੱਖ ਵਾਸਤੇ ਸੀ ਜਿਹਦੇ 'ਚ ਸਾਧ ਦੇ ਗੁਣ ਨੇ। ਸਾਧੂਆਂ ਵਾਸਤੇ, ਬੰਦਗੀ ਕਰਨ ਵਾਲਿਆਂ ਵਾਸਤੇ ਧਰਤੀ ਬਣਾਈ ਸੀ, ਦੇਖੋ ਕਿੰਨਾ ਪ੍ਰਬੰਧ ਕਰਦੇ ਨੇ, ਮਾੜੀ ਜਿਹੀ ਗੱਲ ਸੋਚ ਕੇ ਦੇਖਿਆ ਕਰੋ। ਇੱਕ ਬੀਜ ਹੈ ਛੋਟਾ ਜਿਹਾ। ਉਹਨੂੰ ਧਰਤੀ ਦੇ ਵਿਚ ਰਲਾ ਦਿਤਾ ਜਾਂਦਾ ਹੈ ਜਾਂ ਆਪੇ ਹੀ ਰਲ ਜਾਂਦਾ ਹੈ। ਉਹਦੇ 'ਚੋਂ ਨਿੱਕਾ ਜਿਹਾ ਬੂਟਾ ਨਿਕਲਦਾ ਹੈ। ਪਾਣੀ ਦਿਓ ਨਾ ਦਿਓ ਉਹਨੇ ਆਪਣੀ ਜ਼ਿੰਦਗੀ ਦੇ ਵਿਚ ਉਠਦੇ ਚਲੇ ਜਾਣਾ ਹੈ। ਉਠ ਕੇ ਉਹਦੇ 'ਚ ਡੋਡੀ ਆਉਣੀ ਹੈ, ਫੇਰ ਫੁੱਲ ਆਉਣਾ ਹੈ। ਫੁੱਲ ਦੇ ਵਿੱਚ ਪ੍ਰਮੇਸ਼ਰ ਨੇ ਰਸ ਰੱਖ ਦਿੱਤਾ, ਮਿੱਠਾ ਰਸ ਜਿਹਨੂੰ ਪਰਾਗ ਕਹਿੰਦੇ ਨੇ। ਉਹ ਬਹੁਤ ਹੀ ਮਿੱਠਾ ਹੈ। ਉਹ ਰਸ ਐਵੇਂ ਹੀ ਹਵਾ ਦੇ ਵਿੱਚ ਜ਼ਾਇਆ ਚਲਿਆ ਜਾਂਦਾ ਹੈ ਤੇ ਜਿੰਨਾਂ ਕੰਮ ਲੈਣਾ ਸੀ ਬੂਟੇ ਤੋਂ ਦੂਜਾ ਬੂਟਾ ਬਣਾਉਣ ਦਾ। ਓਨਾਂ ਤਾਂ ਥੋੜ੍ਹੇ ਜਿਹੇ ਨਾਲ ਹੋਣਾ ਸੀ, ਲੇਕਿਨ ਪ੍ਰਮੇਸ਼ਰ ਨੇ, ਵਾਧੂ ਰੱਖ ਦਿੱਤਾ, ਬਹੁਤਾ ਰੱਖ ਦਿੱਤਾ। ਉਹ ਬਹੁਤਾ ਰੱਖਿਆ ਹੋਇਆ, ਉਧਰਲੇ ਪਾਸੇ ਸ਼ਹਿਦ ਦੀ ਮੱਖੀ ਪੈਦਾ ਕਰ ਦਿੱਤੀ। ਸ਼ਾਇਦ ਦੀ ਮੱਖੀ ਨੂੰ ਜੁਗਤ ਦਸ ਦਿੱਤੀ ਕਿ ਤੂੰ ਕਿਵੇਂ ਇਹਦੇ 'ਚੋਂ ਸ਼ਹਿਦ ਕੱਢਣਾ ਹੈ, ਤੇਰਾ ਵਾਧਾ ਕਿਵੇਂ ਹੋਣਾ ਹੈ, ਤੇਰੀ ਰਾਖੀ ਕਿਵੇਂ ਹੋਏਗੀ ਇਹਦੇ ਵਿਚ। ਸਾਰਾ ਪ੍ਰਬੰਧ ਪ੍ਰਮੇਸ਼ਰ ਨੇ ਕਰ ਦਿੱਤਾ। ਉਹਨੂੰ ਗਿਆਨ ਦੇ ਦਿੱਤਾ ਕਿ ਇਹੋ ਜਿਹੇ ਥਾਵਾਂ 'ਤੇ ਤੂੰ ਛੱਤਾ ਲਾਇਆ ਕਰ, ਜਿੱਥੇ ਹੱਥ ਨਾ ਪਹੁੰਚੇ, ਦੂਰ-ਦਰਾਜ਼ ਹੋਵੇ, ਕਿਉਂਕਿ ਮਨੁੱਖ ਦੇ ਉਤੇ ਕੋਈ ਇਤਬਾਰ ਨਹੀਂ ਹੈ। ਉਸ ਤੋਂ ਬਾਅਦ ਤੂੰ ਸ਼ਾਇਦ ਇਕੱਠਾ ਕਰੀਂ। ਉਹ ਸ਼ਹਿਦ ਇਕੱਠਾ ਕਰਕੇ ਛੱਤੇ 'ਚ ਭਰਦੀ ਹੈ। ਉਹ ਫੇਰ ਮਨੁੱਖ ਉਹਨੂੰ ਚੋਅ ਕੇ ਵਰਤਦਾ ਹੈ, ਹੁਣ ਦੇਖੋ ਕਿੱਡੀ ਵੱਡੀ ਚੀਜ਼ ਵਾਹਿਗੁਰੂ ਨੇ ਦਿਤੀ, ਪ੍ਰਬੰਧ ਕਿੱਡਾ ਵੱਡਾ ਕਰਿਆ। ਉਹ ਸਾਰੀਆਂ ਚੀਜ਼ਾਂ ਮਨੁੱਖ ਦੇ ਸੁੱਖ ਵਾਸਤੇ ਬਣਾਈਆਂ ਸੀ। ਜਿੰਨਾਂ ਕੁਛ ਵੀ ਹੈ, ਦਰਖਤ ਪੈਦਾ ਕੀਤੇ ਸੁੱਖ ਵਾਸਤੇ। ਪਾਣੀ ਪੈਦਾ ਕੀਤਾ ਸੁਖ ਵਾਸਤੇ, ਹਵਾ ਪੈਦਾ ਕੀਤੀ ਸੁਖ ਵਾਸਤੇ, ਧਰਤੀ ਪੈਦਾ ਕੀਤੀ ਸੁਖ ਵਾਸਤੇ, ਪਹਾੜ, ਦਰਿਆ, ਸਮੁੰਦਰ ਸਭ ਸੁਖ ਵਾਸਤੇ ਪੈਦਾ ਕੀਤੇ। ਦੁਖ ਵਾਸਤੇ ਕੋਈ ਚੀਜ਼ ਨਹੀਂ ਆਦਮੀ ਕੋਲ, ਦੁਖ ਤਾਂ ਪੈਦਾ ਹੀ ਨਹੀਂ ਸੀ ਕਰਿਆ। ਦੁਖ ਤਾਂ ਇਹਦੀ ਗਲਤੀ ਨਾਲ ਪੈਦਾ ਹੋਇਆ। ਜਦੋਂ ਸੱਚੇ ਦੀ ਕੋਠੜੀ ਹੈ, ਵਾਹਿਗੁਰੂ ਰਹਿੰਦਾ ਹੋਵੇ, ਫੇਰ ਉਥੇ ਕੂੜ-ਕਬਾੜ ਹੋਣਾ ਚਾਹੀਦਾ ਹੈ। ਵਾਹਿਗੁਰੂ ਤਾਂ ਆਪ ਸਤਿ, ਚਿਤ, ਅਨੰਦ ਹੈ, ਪ੍ਰਿਅ ਹੈ। ਜਿਹੜਾ ਸਤਿ ਵੀ ਹੈ ਤੇ ਚੇਤਨ ਵੀ ਹੈ, ਪੂਰਾ ਅਨੰਦ ਹੈ ਤੇ ਪਿਆਰ ਵਾਲਾ ਹੈ

ਉਥੇ ਦੁੱਖ ਨਹੀਂ ਆ ਸਕਦਾ। ਫੇਰ ਸਵਾਲ ਆਉਂਦਾ ਹੈ ਕਿ ਦੁਖ ਕਿਥੋਂ ਆ ਗਿਆ। ਇਹ ਵੱਡੇ ਜਿਹੜੇ ਵਿਦਵਾਨ ਪੁਰਸ਼ ਸੀ ਉਨ੍ਹਾਂ ਦੇ ਮਨਾਂ 'ਚ ਇਸ ਤਰ੍ਹਾਂ ਦੀਆਂ ਗੱਲਾਂ ਚਲਦੀਆਂ ਨੇ, ਮੂਰਖਾਂ ਨੂੰ ਤਾਂ ਸੋਝੀ ਨਹੀਂ ਹੈ ਕਿਸੇ ਗੱਲ ਦੀ ਕਿ ਅਸੀਂ ਸੋਚ ਲਈਏ। ਸਿਆਣੇ ਬੰਦੇ ਸੋਚਦੇ ਨੇ ਕਿ ਵਾਹਿਗੁਰੂ ਦੀ ਦੁਨੀਆਂ ਕਹਿੰਦੇ ਨੇ ਤੇ ਇੱਥੇ ਫੇਰ ਦੁਖ ਕਿੱਥੋਂ ਆ ਗਿਆ। ਇੱਥੇ ਤਾਂ ਸੁਖ ਹੀ ਸੁਖ ਚਾਹੀਦਾ ਹੈ, ਜੇ ਅਸੀਂ ਕਿਸੇ ਵੱਡੇ ਗਵਰਨਰ ਦੇ ਘਰ ਚਲੇ ਜਾਈਏ। ਰਾਜ ਭਵਨ 'ਚ, ਉਥੇ ਫੁੱਲ ਹੀ ਫੁੱਲ ਖਿੜ੍ਹੇ ਹੋਣਗੇ। ਕੋਈ ਕਬਾੜ ਨਹੀਂ ਹੋਏਗਾ, ਕੋਈ ਉਥੇ ਗੰਦਗੀ ਨਹੀਂ ਹੋਏਗੀ, ਕੋਈ ਮੱਖੀਆਂ ਨਹੀਂ ਉਡਦੀਆਂ ਹੋਣਗੀਆਂ। ਘਾਹ ਕੱਟੇ ਹੋਏ ਹੋਣਗੇ, ਵਿਉਂਤ ਦੇ ਵਿੱਚ ਫੁੱਲ ਲੱਗੇ ਹੋਣਗੇ, ਸੜਕਾਂ ਬਣੀਆਂ ਹੋਣਗੀਆਂ, ਖੁਸ਼ਬੂ ਆਉਂਦੀ ਹੋਏਗੀ, ਘਰ ਸਾਫ ਸੁਥਰਾ ਹੋਏਗਾ ਤੇ ਜੇ ਗਵਰਨਰ ਦੇ ਘਰ ਮੂਹਰੇ ਰੂੜ੍ਹੀਆਂ ਲੱਗੀਆਂ ਹੋਣ? ਫਿਰ ਤਾਂ ਗੱਲ ਬਣਦੀ ਨਹੀਂ ਨਾ ਹੈ, ਬਦਬੂ ਅੰਦਰ ਘਰ ਦੇ ਜਾ ਰਹੀ ਹੋਵੇ, ਮੱਖੀਆਂ ਫਿਰਦੀਆਂ ਹੋਣ। ਇਵੇਂ ਜਿਵੇਂ ਜਿਸ ਧਰਤੀ 'ਚ ਵਾਹਿਗੁਰੂ ਰਹਿੰਦਾ ਹੋਵੇ, ਉਥੇ ਦੁੱਖ ਦਾ ਕੀ ਕੰਮ, ਉਥੇ ਹਉਕਿਆਂ ਦਾ ਕੀ ਕੰਮ, ਬਿਮਾਰੀਆਂ ਦਾ ਕੀ ਕੰਮ। ਉਥੇ ਤੋਟਿਆਂ ਤੇ ਘਾਟਿਆਂ ਦਾ ਕੀ ਕੰਮ। ਉਥੇ ਵੈਰ ਵਿਰੋਧ ਦਾ ਕੀ ਕੰਮ। ਇਹ ਸਵਾਲ ਗੁਰੂ ਨਾਨਕ ਪਾਤਸ਼ਾਹ 'ਤੇ ਗੋਰਖ ਨੇ ਕਰਿਆ ਸੀ, ਪੜ੍ਹਿਆ ਕਰੋ ਬਾਣੀ ਧਿਆਨ ਨਾਲ। ਗੋਰਖ ਨੇ ਪੁੱਛਿਆ ਹੇ ਨਾਨਕ! ਤੂੰ ਕਹਿੰਦਾ ਹੈਂ, ਇਹ ਪ੍ਰਮੇਸ਼ਰ ਦਾ ਘਰ ਹੈ, ਸੰਸਾਰ ਕਿਵੇਂ ਬਣ ਗਿਆ ਦੁੱਖਾਂ ਦਾ ਘਰ, ਕਿਉਂਕਿ ਸਾਡਾ ਜਿਹੜਾ ਆਚਾਰੀਆ ਹੈ, ਪਹਿਲਾ ਮਹਾਤਮਾ ਬੁੱਧ, ਉਹਨੇ ਇਹ ਫੈਸਲਾ ਕਰ ਦਿਤਾ ਕਿ ਦੁਨੀਆਂ ਦੁੱਖਾਂ ਦਾ ਘਰ ਹੈ। ਸੁਖ ਇਥੇ ਹੈ ਹੀ ਨਹੀਂ। ਦੁੱਖ ਹੀ ਦੁੱਖ ਨੇ ਸਾਰੇ। ਫੇਰ ਤੂੰ ਕਹਿੰਦਾ ਹੈਂ ਕਿ ਇੱਥੇ ਸੁੱਖ ਹੀ ਸੁੱਖ ਨੇ ਤੇ ਦੁੱਖ ਕਿਥੋਂ ਆ ਗਿਆ ਤੇ ਦੁੱਖ ਦਾ ਖਾਤਮਾ ਕਿਵੇਂ ਹੋਵੇ, ਰੱਬ ਦੇ ਘਰ ਤੋਂ ਸੰਸਾਰ ਕਿਵੇਂ ਬਣ ਗਿਆ ਇਹ। ਮਹਾਰਾਜ ਕਹਿੰਦੇ, ਨਾਥ ਜੀ! ਆਦਮੀ ਦੇ ਅੰਦਰ ਇੱਕ ਤੱਤ ਹੈ ਜਿਹਨੂੰ ਹਉਮੈ ਕਹਿੰਦੇ ਨੇ। ਉਹ ਹਉਮੈ ਆਕਾਸ਼ ਵਿਚ ਵੀ ਹੈ, ਤਾਰਿਆਂ ਵਿਚ ਵੀ ਹੈ, ਦੇਵੀ ਦੇਵਤਿਆਂ ਵਿਚ ਵੀ ਹੈ, ਉਹ ਇੱਕ ਤੱਤ ਹੈ, ਜਿਵੇਂ ਆਕਾਸ਼ ਤੱਤ ਹੈ, ਪਾਣੀ ਦਾ ਤੱਤ ਹੈ, ਹਵਾ ਤੱਤ ਹੈ ਤੇ ਮਿੱਟੀ ਦਾ ਤੱਤ ਹੈ, ਅੱਗ ਦਾ ਤੱਤ ਹੈ, ਇਵੇਂ ਜਿਵੇਂ ਇਕ ਸੂਖਸ਼ਮ ਦੁਨੀਆਂ ਦੇ ਅੰਦਰ ਸੂਖਸ਼ਮ ਤੱਤ ਹੈ ਜਿਹਨੂੰ ਹਉਮੈ ਕਹਿੰਦੇ ਨੇ। ਸਭ ਤੋਂ ਪਹਿਲਾਂ ਉਹ ਬਣੀ ਹੈ, ਜਦੋਂ ਪ੍ਰਮੇਸ਼ਰ ਨੇ ਸੰਸਾਰ ਬਣਾਇਆ। ਉਹ ਆਪਣੇ ਆਪ ਅਸਰ ਨਹੀਂ ਕਰਦੀ, ਉਹ ਛੱਡੀ ਵੀ ਜਾ ਸਕਦੀ ਹੈ। ਪੱਕੀ ਚੀਜ਼ ਨਹੀਂ ਹੈ ਉਹ। ਕਹਿੰਦੇ ਉਹਦੇ ਵਿਚ ਬਣ ਗਿਆ, ਪਹਿਲਾਂ ਉਹਨੇ ਪੁੱਛਿਆ-

ਕਿਤੁ ਕਿਤੁ ਬਿਧਿ ਜਗੁ ਉਪਜੈ
ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ - ੧੪੬

ਜਿਹੜਾ ਦੁੱਖ ਪੈਦਾ ਹੋ ਗਿਆ ਇਹ ਕਿਵੇਂ ਜਾ ਸਕਦਾ ਹੈ ਤੇ ਸੰਸਾਰ ਕਿਵੇਂ ਬਣ ਗਿਆ। ਮਹਾਰਾਜ ਕਹਿੰਦੇ -

ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬

ਹਉਮੈ ਤੱਤ ਨੇ ਸੰਸਾਰ ਬਣਾ ਦਿੱਤਾ, ਉਹ ਇੱਕ ਠਗਮੂਰੀ ਵੱਟੀ ਵਰਗੀ ਹੈ। ਉਹ ਚੀਜ਼ ਜਿਹਦੇ ਅਸਰ ਵਿਚ ਆ ਕੇ, ਅਸਲ ਨੂੰ ਭੁੱਲ ਜਾਵੇ ਤੇ ਨਕਲ ਨੂੰ ਪਿਆਰ ਕਰਨ ਲਗ ਜਾਵੇ ਉਹਨੂੰ ਹਉਮੈ ਕਹਿੰਦੇ ਨੇ, ਆਹ ਨਹੀਂ ਜਿਹੜਾ ਅਸੀਂ ਲਾ ਲੈਂਦੇ ਹਾਂ ਕਿ ਬੜਾ ਹਉਮੈ ਹੈ ਇਹਦੇ 'ਚ। ਇਹਦੇ 'ਚ ਬੜਾ ਅਭਿਮਾਨ ਹੈ। ਹਉਮੈ ਹੋਰ ਹੁੰਦੀ ਹੈ, ਅਭਿਮਾਨ ਹੋਰ ਹੁੰਦਾ ਹੈ। ਹੰਕਾਰ ਹੋਰ ਹੁੰਦਾ ਹੈ, ਹਉਮੈ ਹੋਰ ਹੁੰਦੀ ਹੈ। ਹਉਮੈ ਹੁੰਦਾ ਹੈ ਕਿ ਆਪਣੀ ਹਸਤੀ ਵਾਹਿਗੁਰੂ ਤੋਂ ਵੱਖਰੀ ਸਮਝਣੀ, ਇਹਨੂੰ ਹਉਮੈ ਕਹਿੰਦੇ ਨੇ -

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਅੰਗ - ੪੬੬

ਆਹ ਜਿਹੜੀ ਜਾਤ ਹੈ ਨਾ ਮੈਂ, I am, ਸਮਝਦਾ, ਇਹਨੂੰ ਹੀ ਹਉਮੈ ਕਹਿੰਦੇ ਨੇ। ਮੈਂ ਤੇ ਮੇਰੀ ਨੂੰ। ਬਾਕੀ ਤਾਂ ਇਹਦਾ department ਹੈ ਕਾਮ ਵੀ, ਕ੍ਰੋਧ ਵੀ, ਲੋਭ ਵੀ, ਮੋਹ ਵੀ, ਹੰਕਾਰ ਵੀ, ਇਹ ਤਾਂ ਬਰਾਚਾਂ ਨੇ। ਸ਼ਬਦ, ਸਪਰਸ਼, ਰੂਪ, ਰਸ, ਗੰਧ; ਮਹਾਰਾਜ ਕਹਿੰਦੇ ਹਉਮੈ ਤੱਤ ਨੇ ਸੰਸਾਰ ਦੇ ਉਤੇ ਪੜਦਾ ਪਾ ਦਿਤਾ। ਇਹ ਪੜਦਾ ਪੈਣ ਦੇ ਨਾਲ ਦੁੱਖ ਆ ਗਏ-

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਅੰਗ - ੧੩੫

ਖਸਮੁ ਵਿਸਾਰਿ ਕੀਏ ਰਸ ਭੋਗ ॥
ਤਾਂ ਤਨਿ ਉਠਿ ਖਲੋਏ ਰੋਗ ॥ ਅੰਗ - ੧੨੫੬

ਰੱਬ ਨੂੰ ਭੁੱਲ ਜਾਓ, ਰੋਗ ਪੈਦਾ ਹੋ ਜਾਣਗੇ। ਰੱਬ ਨੂੰ ਯਾਦ ਕਰ ਲਓ, ਰੋਗ ਖਤਮ ਹੋ ਜਾਣੇ ਨੇ।

ਮੈਨੂੰ ਪੁੱਛੀ ਜਾਣਗੇ ਕਿ ਜੀ ਅਸੀਂ ਬੀਮਾਰ ਹਾਂ? ਮੈਂ ਤਾਂ ਦੀਵਾਨਾਂ 'ਚ ਦੱਸੀ ਜਾਂਦਾ ਹਾਂ ਕਿ ਤੁਸੀਂ ਭਜਨ ਕਰੋ, ਪ੍ਰਮੇਸ਼ਰ ਦਾ ਨਾਮ ਜਪੋ, ਬੀਮਾਰੀਆਂ ਖਤਮ ਹੋ ਜਾਣਗੀਆਂ -

ਦੁਖੁ ਤਦੇ ਜਾ ਵਿਸਰਿ ਜਾਵੈ ॥ ਅੰਗ - ੯੮

ਦੁਖ ਤਾਂ ਪੈਦਾ ਹੀ ਤਾਂ ਹੁੰਦਾ ਹੈ ਜਦੋਂ ਵਾਹਿਗੁਰੂ ਵਿਸਰਦਾ ਹੈ। ਜੇ ਵਾਹਿਗੁਰੂ ਯਾਦ ਰਹੇ ਸਭ ਸੁੱਖ ਹੀ ਸੁੱਖ ਹੋ ਜਾਂਦਾ ਹੈ। ਦੁੱਖ ਖਤਮ ਹੋ ਜਾਂਦੇ ਨੇ। ਦੁੱਖ ਦੀ ਪਰਿਭਾਸ਼ਾ ਬਦਲ ਜਾਂਦੀ ਹੈ। ਮਹਾਰਾਜ ਕਹਿੰਦੇ -

ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ ॥ ਅੰਗ - ੯੪੬

ਦੁਖ ਤਾਂ ਹੋਇਆ ਕਿ ਨਾਮ ਨੂੰ ਭੁੱਲ ਗਏ, ਨਾਮ ਦੀ ਸ਼ਕਤੀ ਇਹਦੇ ਅੰਦਰ ਰੱਖੀ ਸੀ। ਉਸ ਸ਼ਕਤੀ ਨਾਲੋਂ ਇਹਦਾ ਸੰਪਰਕ ਟੁੱਟ ਗਿਆ ਜਿਵੇਂ ਬਿਜਲੀ ਦਾ ਕਨੈਕਸ਼ਨ ਟੁੱਟ ਜਾਵੇ, ਸਵਿੱਚ ਤਾਂ ਲੱਗੀ ਹੋਵੇ, ਕਨੈਕਸ਼ਨ ਟੁੱਟ ਜਾਵੇ, ਬੰਦ ਕਰ ਦੇਵੇ ਕੋਈ। ਉਹਦੇ ਨਾਲ ਕੀ ਹੋਇਆ, ਅੰਦਰਲਾ ਕਨੈਕਸ਼ਨ ਟੁੱਟ ਗਿਆ।

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩

ਸੀਗਾ ਅੰਦਰ, ਲੇਕਿਨ ਠਗਮੂਰੀ ਨੇ, ਮਾਇਆ ਨੇ, ਭਰਮ ਨੇ ਇਸਨੂੰ ਪ੍ਰਮੇਸ਼ਰ ਦੇ ਨਾਲੋਂ ਤੋੜ ਦਿੱਤਾ। ਆਹ ਗੱਲ ਅਸੀਂ ਸਮਝਣੀ ਹੈ, ਚਾਹੇ ਕਰਮ ਕਰ ਲਓ, ਧਰਮ ਕਰ ਲਓ, ਜਪ ਕਰ ਲਓ, ਸੇਵਾ ਕਰ ਲਓ, ਹੋਰ ਬਹੁਤੀਆਂ ਗੱਲਾਂ ਨਹੀਂ ਇਹ ਤਾਂ ਐਵੇਂ ਤੱਤ ਦੀ ਗੱਲ ਮੈਂ ਬੇਨਤੀ ਕਰਦਾ ਹਾਂ। ਬਾਕੀ ਜਿਹੜਾ ਹੈ ਨੱਠੇ ਭੱਜੇ ਅਸੀਂ ਫਿਰਦੇ ਹਾਂ ਕਿ ਸ਼ਰਾਬ ਛੱਡ ਦਿਓ, ਜਰਦਾ ਛੱਡ ਦਿਓ, ਸਿੱਖੀ ਧਾਰਨ ਕਰ ਲਓ, ਉਹ ਤਾਂ ੳ, ਅ, ਪੜ੍ਹਾਉਂਦੇ ਫਿਰਦੇ ਨੇ। ਉਹ ਕੋਈ ਬਹੁਤੀ ਮਹੱਤਤਾ ਦੀ ਗੱਲ ਨਹੀਂ ਹੈ ਕਿ ਜੇ ਅਸੀਂ ਕਹੀਏ ਬਹੁਤ ਵੱਡਾ ਕੰਮ ਕਰ ਰਹੇ ਹਾਂ, ਬਿਲਕੁਲ ਨਹੀਂ, ਵੱਡੀ ਗੱਲ ਤਾਂ ਮਹਾਂਪੁਰਸ਼ ਕਰਦੇ ਨੇ, ਜੇ ਹਉਮੈ ਨੂੰ ਨਾਸ਼ ਕਰ ਦੇਣ ਤੇ ਜੀਵ ਨੂੰ ਪ੍ਰਮੇਸ਼ਰ ਦੇ ਮੰਡਲ 'ਚ ਪਹੁੰਚਾ ਕੇ, ਪ੍ਰਮੇਸ਼ਰ ਵਰਗਾ ਹੀ ਬਣਾ ਦੇਣ ਇਹ ਤਾਂ ਅਸਲੀ ਗੱਲ ਹੈ ਸੰਤਾਂ ਦੀ। ਜਿਹੜਾ ਐਵੇਂ ਹੀ ਹੈ ਭੇਡਾਂ 'ਤੇ ਰੰਗ ਪਾਈ ਜਾਣਾ, ਬੋਲੀ ਤਾਂ ਉਨ੍ਹਾਂ ਦੀ ਮੈਂ-ਮੈਂ ਹੀ ਰਹਿੰਦੀ ਹੈ। ਬੋਲੀ ਨਾ ਜੇ ਬਦਲੀ ਉਹ ਭੇਡਾਂ ਦੀਆਂ ਭੇਡਾਂ ਨੇ, ਰੰਗ ਨਾਲ ਕੀ ਬਣੇਗਾ? ਧਰਮਾਂ 'ਚ ਲਾਈ ਲਾਓ, ਕਿ ਜੀ ਐਨੇ ਮੁਸਲਮਾਨ ਬਣਾ ਲਏ, ਐਨੇ ਰਾਧਾ ਸੁਆਮੀ ਬਣਾ ਲਏ, ਐਨੇ ਸਿੱਖ ਬਣਾ ਲਏ। ਇਹਦੇ ਨਾਲ ਕੀ ਬਣੇਗਾ? ਕੋਈ ਅੱਗੇ ਵੀ ਤੁਰਦਾ ਹੈ, ਉਹ ਤਾਂ ਉਥੇ ਹੀ ਖੜ੍ਹੀ ਹੈ ਦੁਨੀਆਂ।ਤਾਂ, ਤਾਂ ਲੇਖੇ 'ਚ ਪੈਂਦੀ ਹੈ ਗੱਲ। ਜੇ ਤਰੱਕੀ ਨਹੀਂ ਹੁੰਦੀ, ਤਾਂ ਭਰਮ ਦੇ ਮਾਰੇ ਹੋਏ ਭਟਕਦੇ ਫਿਰਦੇ ਨੇ। ਗੁਰੂ ਵਾਲੇ ਹੋ ਕੇ ਵੀ ਭਟਕਦੇ ਫਿਰਦੇ ਨੇ, ਕਿਉਂਕਿ ਗੁਰੂ ਦੀ ਬਾਤ ਨਹੀਂ ਮੰਨਦੇ, ਫੇਰ ਮਨਮੁਖ ਦੇ ਮਨਮੁਖ ਰਹਿ ਜਾਂਦੇ ਨੇ। ਸੋ ਇਹ ਠਗਮੂਰੀ ਹੈ ਸਾਧਸੰਗਤ ਜੀ! ਦੁੱਖ ਪ੍ਰਮੇਸ਼ਰ ਨੂੰ ਵਿਸਾਰ ਕੇ ਪੈਦਾ ਹੋਇਆ। ਉਹ ਵਿਸਰਿਆ ਤਾਂ ਜੇ ਉਹਨੇ ਵੱਟੀ ਸੁੰਘ ਲਈ ਮਾਇਆ ਦੀ। ਉਹਨੇ ਰੱਬ ਦੇ ਨਾਲੋਂ ਤੋੜ ਦਿਤਾ ਇਹਨੂੰ ਉਸੇ ਵੇਲੇ। ਜਦੋਂ ਨਸ਼ਾ ਹੋਇਆ ਇਕ ਮਿੰਟ 'ਚ ਰੱਬ ਨਾਲੋਂ ਤੋੜ ਦਿੱਤਾ। ਹੁਣ ਬਣਾ ਕੀ ਦਿੱਤਾ, ਉਹ ਪੁੱਤਰ ਧੀਆਂ ਬਣਾ ਲਏ, ਜ਼ਮੀਨ ਬਣਾ ਲਈ, ਜਾਇਦਾਦ ਬਣਾ ਲਈ, ਪਿੰਡ ਬਣਾ ਲਿਆ, ਆਪਣੀ ਪ੍ਰਾਪਰਟੀ ਬਣਾ ਲਈ, ਇਹਦੇ 'ਚ ਭਟਕਦਾ ਫਿਰਦਾ ਹੈ। ਮਹਾਰਾਜ ਕਹਿੰਦੇ-

ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥
ਅੰਗ - ੨੩੩

ਮੋਹ ਦੀ ਠਗਉਲੀ ਪਾ ਦਿਤੀ -

ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥
ਅੰਗ - ੨੩੩

ਜਿਨ੍ਹਾਂ ਨੇ ਗੁਰੂ ਨੂੰ ਭੇਟ ਲਿਆ, ਗੁਰੂ ਦੀ ਬਾਣੀ ਨੂੰ ਮਨ ਚਿੱਤ ਹੋ ਕੇ ਸਤਿ ਮੰਨ ਲਿਆ ਤੇ ਉਹਦੀ ਕਮਾਈ ਕਰ ਲਈ। ਮਹਾਰਾਜ ਕਹਿੰਦੇ, ਉਹਦੇ ਨੇੜੇ ਵੀ ਨਹੀਂ ਆਉਂਦੀ, ਹੁਣ ਮਾਇਆ ਦੀ ਮੈਂ ਇੱਕ ਮਿਸਾਲ ਦਿੰਦਾ ਹਾਂ ਸਮਝਣ ਦਾ ਯਤਨ ਕਰਿਓ ਕਿ ਕਿਵੇਂ ਭੁੱਲਦਾ ਹੈ ਆਦਮੀ। ਮਾਇਆ ਦਾ ਅਸਲ ਨਹੀਂ ਹੈ ਨਕਲ ਹੈ। ਇਕ ਭੁਲੇਖਾ ਤੇ ਪਰਛਾਵਾਂ ਹੈ, ਹੈਰਾਨੀ ਇਸੇ ਗੱਲ ਦੀ ਹੈ ਕਿ ਉਹਦੀ ਹਸਤੀ ਕੋਈ ਹੈ ਨਹੀਂ, ਲੇਕਿਨ ਫੇਰ ਵੀ ਉਹ ਹੈਗੀ। ਵੇਦਾਂਤ ਦੇ ਆਚਾਰੀਆ ਨੂੰ ਪੁੱਛਿਆ ਕਿ ਮਾਇਆ ਕੀ ਹੈ? ਕਹਿੰਦਾ, ਇਹਦੀ ਗੱਲ ਮੇਰੇ ਨਾਲ ਨਾ ਕਰਿਓ। ਉਹਨੇ ਕਹਿ ਦਿਤਾ 'ਅਨਰਬਚਨੀ' ਕਿ ਇਹਦੀ ਗੱਲ ਨਾ ਕਰੋ। ਕੋਈ ਗੱਲ ਨਹੀਂ ਕਰਨੀ ਚਾਹੀਦੀ। ਕਿਉਂਕਿ ਇਹਦਾ ਪਤਾ ਨਹੀਂ ਲਗਦਾ। ਇਹ ਸਤਿ ਹੈ? ਕਹਿੰਦਾ ਨਾ ਸਤਿ ਨਹੀਂ ਹੈ। ਫੇਰ ਅਸਿਤ ਹੈ? ਕਹਿੰਦਾ ਅਸਤਿ ਵੀ ਨਹੀਂ। ਫੇਰ ਕੀ ਹੈ? ਕਹਿੰਦਾ ਸਤਿ ਅਸਤਿ ਵੀ ਨਹੀਂ ਹੈ, ਹੈਗੀ ਲੇਕਿਨ ਹੈ ਨਹੀਂ ਫੇਰ ਵੀ। ਉਹਦਾ ਵਜੂਦ ਹੈ ਨਹੀਂ ਪਰ ਹੈਗੀ ਜ਼ਰੂਰ ਉਹ। ਇਸੇ ਗੱਲ ਨੂੰ ਸਮਝਣ ਵਾਸਤੇ ਸਾਨੂੰ ਦ੍ਰਿਸ਼ਟਾਂਤ ਦੀ ਲੋੜ ਹੈ। ਕੋਈ ਰਾਜਾ ਸੀਗਾ ਬੈਠਾ, ਉਹਦੇ ਕੋਲ ਕੋਈ ਜਾਦੂਗਰ ਆਇਆ, ਉਹਨੇ ਆ ਕੇ ਕਿਹਾ ਕਿ ਰਾਜਨ! ਆਪ ਕੀ ਜੈ ਹੋ ਤੇ ਮੈਂ ਕੋਈ ਤਮਾਸ਼ਾ ਦਿਖਾਉਣਾ ਚਾਹੁੰਦਾ ਹਾਂ। ਉਹ ਕਹਿੰਦੇ ਜਾਦੂਗਰ! ਤਮਾਸ਼ੇ ਤਾਂ ਦੇਖਦਿਆਂ ਸਾਡੀ ਉਮਰ ਲੰਘ ਗਈ, ਪਰ ਜੇ ਤੇਰੇ ਮਨ 'ਚ ਕੁਛ ਦਿਖਾਉਣ ਦਾ ਹੀ ਹੈ ਤਾਂ ਐਹੋ ਜਿਹਾ ਦਿਖਾ, ਜਿਹਦੇ ਨਾਲ ਨਾਲੇ ਤਾਂ ਮੰਨੋਰੰਜਨ ਹੋਵੇ, ਅਸੀਂ ਉਚਾਟ ਵੀ ਨਾ ਹੋਈਏ, ਤੇ ਨਾਲੇ ਸਿਖਿਆ ਵੀ ਹੋਵੇ। ਕਹਿੰਦਾ ਐਹੋ ਜਿਹਾ ਹੀ ਦਿਖਾ ਦਿੰਦਾ ਹਾਂ? ਕਹਿੰਦੇ ਦਿਖਾ। ਕਹਿੰਦਾ ਮੇਰੇ ਨਾਲ ਮੇਰੀ ਘਰਵਾਲੀ ਹੈ, ਉਹ ਹੈ ਬਹੁਤ ਸੁੰਦਰ ਤੇ ਮੈਂ ਜਿਹੜਾ ਤਮਾਸ਼ਾ ਤੁਹਾਨੂੰ ਦਿਖਾਉਣ ਲੱਗਿਆ ਹਾਂ, ਉਹ ਮੈਂ ਸਵਰਗ ਲੋਕ 'ਚ ਜਾ ਕੇ ਦੇਵਿਆਂ ਨਾਲ ਲੜਾਈ ਕਰਨੀ ਹੈ ਤੇ ਮੇਰੀ ਘਰਵਾਲੀ ਕਿੱਥੇ ਰਹੇਗੀ? ਰਾਜਾ ਕਹਿਣ ਲੱਗਿਆ, ਜਾਦੂਗਰ! ਕਿੱਥੇ ਹੈ ਤੇਰੀ ਘਰਵਾਲੀ, ਮੇਰੀ ਲੜਕੀ ਵੀ ਐਡੀਓ ਹੀ ਹੈ, ਇਹ ਮੇਰੀ ਲੜਕੀ ਦੇ ਨਾਲ ਰਹੇਗੀ, ਤੂੰ ਫਿਕਰ ਨਾ ਕਰ। ਕਹਿੰਦਾ, ਮਹਾਰਾਜ! ਰਾਜੇ ਲੋਕ ਬਚਨ ਦੇ ਪੱਕੇ ਨਹੀਂ ਹੋਇਆ ਕਰਦੇ। ਐਵੇਂ ਨਾ ਕਿਤੇ ਆਪਣੇ ਮਹਿਲਾਂ 'ਚ ਦਾਖਲ ਕਰ ਲੈਣਾ। ਮੇਰਾ ਕੀ ਪਤਾ ਮੈਂ ਜੀਉਂਦਾ ਆਵਾਂ ਕਿ ਮਰ ਜਾਵਾਂ। ਉਹ ਕਹਿੰਦਾ ਤੂੰ ਵਿਸ਼ਵਾਸ਼ ਕਰ, ਵਜ਼ੀਰਾਂ ਨੇ, ਅਫਸਰਾਂ ਨੇ ਸਾਰਿਆਂ ਨੇ ਵਿਸ਼ਵਾਸ਼ ਦਿਵਾਇਆ ਕਿ ਤੂੰ ਫਿਕਰ ਨਾ ਕਰ, ਤੂੰ ਤਮਾਸ਼ਾ ਦਿਖਾ ਜਿਹੜਾ ਦਿਖਾਉਣਾ ਹੈ। ਰਾਜੇ ਨੇ ਹੁਕਮ ਕਰ ਦਿੱਤਾ ਕਿ ਇਹਦੀ ਘਰਵਾਲੀ ਨੂੰ ਮੇਰੀ ਲੜਕੀ ਕੋਲ ਛੱਡ ਆਓ। ਸਾਰੇ ਉਥੇ ਬੈਠ ਗਏ, ਲੜਕੀ ਵੀ ਆ ਗਈ, ਘਰਵਾਲੀ ਵੀ ਆ ਕੇ ਬੈਠ ਗਈ। ਸਾਰਿਆਂ ਦੇ ਬੈਠਣ ਤੋਂ ਬਾਅਦ ਉਹਨੇ ਗੋਲਾ ਕੱਢਿਆ ਇਕ ਕੱਛ ਵਿਚੋਂ, ਉਤੇ ਨੂੰ ਮਾਰਿਆਂ ਧਾਗਿਆਂ ਦਾ ਗੋਲਾ, ਉਹ ਉਪਰ ਹੀ ਉਪਰ ਜਾਂਦਾ ਹੈ, ਜਦੋਂ ਅੱਖਾਂ ਤੋਂ ਦਿਸਣ ਤੋਂ ਹਟ ਗਿਆ ਸਾਰਿਆਂ ਨੂੰ, ਉਸ ਵੇਲੇ ਉਹਨੂੰ ਉਹ ਖਿੱਚ ਕੇ ਦੇਖਦਾ ਹੈ, ਲਟਕ ਕੇ ਦੇਖਦਾ ਹੈ ਉਹਦੇ ਨਾਲ, ਜਦੋਂ ਦੇਖਿਆ ਕਿ ਠੀਕ ਹੈ, ਸਾਰੇ ਹੈਰਾਨ ਨੇ ਕਿ ਕਾਹਦੇ 'ਚ ਜਾ ਕੇ ਫਸ ਗਿਆ ਉਥੇ। ਕਿਸੇ ਦੀ ਸਮਝ 'ਚ ਨਹੀਂ ਇਹ ਗੱਲ ਆਉਂਦੀ। ਉਸ ਤੋਂ ਬਾਅਦ ਇਹ ਚੜ੍ਹ ਜਾਂਦਾ ਹੈ। ਚੜ੍ਹ ਕੇ ਤਲਵਾਰ ਨਾਲ ਲੈ ਗਿਆ, ਢਾਲ ਨਾਲ ਲੈ ਗਿਆ ਤੇ ਦੇਖਦੇ-ਦੇਖਦੇ ਅੱਖਾਂ ਤੋਂ ਓਹਲੇ ਹੋ ਕੇ ਉਤੇ ਜਾ ਕੇ ਜ਼ੋਰ ਨਾਲ ਗਰਜ਼ਿਆ ਜਿਵੇਂ ਬੱਦਲ ਗਰਜਦਾ ਹੈ, ਕਹਿੰਦਾ ਰਾਜਨ ਮੈਂ ਸਵਰਗ ਲੋਕ 'ਚ ਪਹੁੰਚ ਗਿਆ ਤੇ ਮੈਂ ਇੰਦਰ ਨੂੰ ਕਿਹਾ ਹੈ ਕਿ ਮੈਂ ਤੇਰੇ ਦੇਵਤਿਆਂ ਨਾਲ ਮੈਂ ਲੜਾਈ ਕਰਨੀ ਹੈ। ਮੈਂ ਤੇਰੇ ਨਾਲ ਯੁੱਧ ਕਰਨਾ ਹੈ। ਉਹ ਕਹਿੰਦਾ ਮੇਰੇ ਨਾਲ ਤਾਂ ਪਿਛੋਂ ਕਰੀਂ ਪਹਿਲਾਂ ਦੇਵਤਿਆਂ ਨਾਲ ਕਰਕੇ ਦੇਖ ਤੇ ਹੁਣ ਮੈਂ ਅਗਨ ਦੇਵਤੇ ਨਾਲ ਯੁੱਧ ਕਰਨ ਲੱਗਿਆ ਹਾਂ, ਥੋੜ੍ਹੀ ਦੇਰ ਬਾਅਦ ਆਵਾਜ਼ ਆਈ ਕਿ ਮੈਂ ਅਗਨ ਦੇਵਤਾ ਮਾਰ ਲਿਆ ਤੇ ਉਹਦਾ ਸਿਰ ਥੱਲੇ ਸੁੱਟ ਰਿਹਾਂ ਹਾਂ। ਅੱਗ ਹੀ ਅੱਗ ਅਸਮਾਨ 'ਚੋਂ ਚਲੀ ਆ ਰਹੀ ਹੈ। ਧਰਤੀ 'ਤੇ ਜਿੱਥੇ ਗਿਰ ਗਿਆ ਉਥੇ ਅੱਗ ਹੀ ਅੱਗ ਹੋ ਗਈ।

ਮੂੰਹ 'ਚ ਉਂਗਲੀਆਂ ਲੈ ਲਈਆਂ, ਕਹਿੰਦੇ ਦੇਖੋ ਕਿੱਡਾ ਬਹਾਦਰ ਹੈ, ਜੇ ਕਿਤੇ ਐਹੋ ਜਿਹਾ ਜਰਨੈਲ ਹੋਵੇ ਨਾ ਫੌਜਾਂ ਦਾ ਫੇਰ ਤਾਂ ਕਦੇ ਹਾਰ ਹੀ ਨਾ ਹੋਵੇ। ਚੁੱਪ ਕਰ ਗਏ ਸਾਰੇ ਸਨਾਟਾ ਛਾ ਗਿਆ। ਬੋਲਦਾ ਨਹੀਂ ਕੋਈ, ਕੋਈ-ਕੋਈ ਕਹਿੰਦਾ ਹੈ ਕਿ ਵਾਹ ਬਈ ਵਾਹ, ਐਨੇ ਨੂੰ ਆਵਾਜ਼ ਆਈ ਕਿ ਮੈਂ ਵਰੁਨ ਦੇਵਤਾ ਵੀ ਮਾਰ ਲਿਆ। ਸੁੱਟ ਦਿਤਾ ਥੱਲੇ, ਪਾਣੀ ਹੀ ਪਾਣੀ ਹੋ ਗਿਆ। ਕਹਿਣ ਲੱਗਿਆ ਹੁਣ ਮੈਂ ਪਵਨ ਦੇਵਤਾ ਮਾਰ ਲਿਆ। ਹਵਾ ਹੀ ਹਵਾ ਹੋ ਗਈ। ਉਸ ਤੋਂ ਬਾਅਦ ਆਵਾਜ਼ ਆਈ ਕਿ ਮੈਂ ਇੰਦਰ ਨਾਲ ਲੜ ਰਿਹਾ ਹਾਂ। ਜ਼ੋਰ ਦੀ ਆਵਾਜ਼ ਆਈ ਕਿ ਹਾਏ ਮੇਰੀ ਬਾਂਹ ਵੱਢੀ ਗਈ, ਮੇਰੀ ਦੂਜੀ ਬਾਂਹ ਵੱਢੀ ਗਈ, ਮੇਰੀਆਂ ਲੱਤਾਂ ਵੱਢੀਆਂ ਗਈਆਂ, ਉਹ ਅਸਮਾਨ 'ਚੋਂ ਇਕੱਲੀ-ਇਕੱਲੀ ਹੇਠਾਂ ਨੂੰ ਆ ਰਹੀ ਹੈ। ਅਖੀਰ ਧੜ ਵੀ ਉਹਦਾ ਗਿਰ ਗਿਆ, ਸਾਰਿਆਂ ਨੂੰ ਅਫਸੋਸ ਹੋਇਆ। ਉਹਦੀ ਜਿਹੜੇ ਘਰਵਾਲੀ ਸੀ ਉਹ ਰੋਣ ਲਗ ਗਈ ਉਥੇ ਤਮਾਸ਼ਾ ਦੇਖਦੀ ਕਿ ਮੇਰਾ ਪਤੀ ਮਰ ਗਿਆ, ਹੁਣ ਮੈਂ ਕੀ ਕਰਾਂਗੀ। ਕਹਿੰਦੇ, ਬੀਬੀ! ਤੂੰ ਫਿਕਰ ਨਾ ਕਰ। ਕਹਿੰਦੀ ਫਿਕਰ ਮੈਂ ਕਿਉਂ ਨਾ ਕਰਾਂ, ਜਦ ਪਤੀ ਹੀ ਮੇਰਾ ਚਲਿਆ ਗਿਆ, ਮੈਂ ਦੁਨੀਆਂ 'ਤੇ ਕਿਉਂ ਰਹਿਣਾ ਹੈ। ਚਿਖਾ ਚਿਣੀ ਜਾਵੇ ਤੇ ਮੈਂ ਸਤੀ ਹੋਵਾਂਗੀ। ਚਿਖਾ ਚਿਣ ਲਈ ਗਈ, ਉਹਦੇ ਟੁਕੜੇ-ਟੁਕੜੇ ਹੋਏ ਰੱਖ ਦਿੱਤੇ ਉਹਦੇ ਉਤੇ, ਪਛਾਣ ਲਿਆ ਉਸ ਬੀਬੀ ਨੇ ਕਿ ਹੋਰ ਕੋਈ ਨਹੀਂ ਤੇ ਚਿਖਾ ਦੇ ਵਿੱਚ ਬੈਠ ਗਈ, ਅੱਗ ਲਾ ਦਿਤੀ, ਉਹਦੇ ਵਿਚ ਜਲ ਗਈ, ਸੁਆਹ ਬਣ ਗਈ। ਅਫਸੋਸ ਹੋਇਆ ਪਿਆ ਹੈ, ਬੈਠੇ ਉਵੇਂ ਜਿਵੇਂ ਨੇ ਅਫਸੋਸ 'ਚ, ਐਨੇ ਨੂੰ ਕੀ ਦੇਖਦੇ ਨੇ, ਉਹ ਜਾਦੂਗਰ ਨੇ ਆਵਾਜ਼ ਦੇ ਦਿਤੀ ਕਿ ਰਾਜਨ! ਆਪ ਕੀ ਜੈ ਹੈ। ਕਹਿੰਦੇ, ਤੂੰ? ਕਹਿੰਦਾ ਮੈਂ ਤਾਂ ਬਚ ਕੇ ਆ ਗਿਆ। ਘਰਵਾਲੀ ਮੇਰੀ ਕਿੱਥੇ ਹੈ? ਕਹਿੰਦੇ ਉਹ ਤਾਂ ਸਤੀ ਹੋ ਗਈ। ਕਹਿੰਦਾ, ਕਮਾਲ ਹੈ, ਜਦ ਮੈਂ ਮਰਿਆ ਹੀ ਨਹੀਂ ਸਤੀ ਕਾਹਦੇ ਨਾਲ ਹੋ ਗਈ। ਕਹਿੰਦੇ, ਉਹ ਦੇਖ ਸਾਮ੍ਹਣੇ ਚਿਖਾ ਜਲਦੀ ਹੈ ਅਜੇ ਤੇ ਅਸੀਂ ਸੱਚ ਬੋਲਦੇ ਹਾਂ, ਕਹਿੰਦੇ, ਬਿਲਕੁਲ ਰਾਜਾ ਬੇਈਮਾਨ ਹੋ ਗਿਆ, ਮੇਰੇ ਘਰਵਾਲੀ ਨੂੰ ਆਪਣੇ ਮਹਿਲਾਂ 'ਚ ਭੇਜ ਦਿੱਤਾ, ਰਾਣੀਆਂ ਦੇ ਕੋਲ। ਤਾਂ ਉਸ ਵੇਲੇ ਵਜ਼ੀਰ ਵੀ ਕਹਿੰਦੇ ਨੇ ਕਿ ਤੂੰ ਐਹੋ ਜਿਹੇ ਦੋਸ਼ ਨਾ ਦੇ, ਰਾਜੇ ਨੂੰ। ਕਹਿੰਦਾ, ਮੈਨੂੰ ਪਤਾ ਹੈ, ਮੈਂ ਆਵਾਜ਼ ਦੇ ਕੇ ਬੁਲਾ ਲੈਂਦਾ ਹਾਂ। ਪੂਰੇ ਜ਼ੋਰ ਨਾਲ ਆਵਾਜ਼ ਮਾਰੀ, ਅੰਦਰੋਂ ਆਵਾਜ਼ ਆਈ ਕਿ ਮੈਨੂੰ ਇਸ ਰਾਜੇ ਨੇ ਸੱਤ ਤਾਲਿਆਂ ਦੇ ਅੰਦਰ ਕੈਦ ਕਰਿਆ ਹੋਇਆ ਹੈ। ਕਹਿੰਦਾ ਬੋਲਦੀ ਹੈ ਕਿ ਨਹੀਂ ਦੇਖੋ? ਮਹਿਲਾਂ 'ਚ ਚਲਿਆ ਗਿਆ, ਤਾਲੇ ਖੋਲ੍ਹਦਾ, ਸੱਤਵੀ ਕੋਠੜੀ ਦੇ ਵਿਚੋਂ ਜਾ ਕੇ ਕੱਢ ਲਿਆਇਆ। ਸਾਰੇ ਹੈਰਾਨ ਹੋ ਗਏ ਕਿ ਇਹ ਤਾਂ ਜਲ ਗਈ ਸੀ, ਸਾਡੇ ਸਾਮ੍ਹਣੇ ਜਲੀ ਹੈ, ਆਹ ਮਾਮਲਾ ਕੀ ਹੋ ਰਿਹਾ ਹੈ ਸਾਰਾ। ਉਸ ਤੋਂ ਬਾਅਦ ਜਦੋਂ ਸਾਰਾ ਕੁਛ ਹੋ ਗਿਆ, ਉਹਨੇ ਸਾਰਾ ਹੀ ਖੇਲ੍ਹ ਖਤਮ ਕਰ ਦਿੱਤਾ। ਨਾ ਚਿਖਾ ਰਹੀ, ਨਾ ਉਥੇ ਗਿੱਲਾ ਪਾਣੀ ਜਿਹੜਾ ਰੁੜ੍ਹਿਆਂ ਸੀ ਉਹ ਰਿਹਾ। ਨਾ ਕੋਈ ਹੋਰ ਅੱਗ ਦਾ ਨਿਸ਼ਾਨ ਰਿਹਾ। ਇਕੱਲਾ ਜਾਦੂਗਰ ਖੜ੍ਹਾ ਹੈ ਕਹਿੰਦਾ, ਮਹਾਰਾਜ ਆਪ ਕੀ ਜੈ ਹੋ, ਮੇਰਾ ਤਮਾਸ਼ਾ ਪਸੰਦ ਆਇਆ? ਕਹਿੰਦੇ, ਜਾਦੂਗਰ ਤੇਰਾ ਤਮਾਸ਼ਾ? ਕਮਾਲ ਕਰ ਦਿੱਤੀ ਤੂੰ, ਸਾਡੇ ਤਾਂ ਹੁਣ ਦਿਮਾਗ ਚੱਕਰ ਖਾ ਰਹੇ ਨੇ। ਇਹ ਸਾਨੂੰ ਸਮਝਾ, ਗੱਲ ਕੀ ਹੋਈ? ਕਹਿੰਦਾ, ਮਹਾਰਾਜ! ਨਾ ਮੇਰੀ ਕੋਈ ਘਰਵਾਲੀ ਸੀ। ਨਾ ਮੈਂ ਕਿਤੇ ਗਿਆ ਹਾਂ, ਨਾ ਮੈਂ ਕਿਸੇ ਨਾਲ ਯੁੱਧ ਕਰਿਆ ਹੈ, ਮੇਰਾ ਖਿਆਲ ਕੰਮ ਕਰਦਾ ਸੀ ਇਥੇ, ਜੋ ਕੁਛ ਮੈਂ ਤੁਹਾਨੂੰ ਦਿਖਾਉਣਾ ਚਾਹੁੰਦਾ ਸੀ ਉਹ ਦਿਸਦਾ ਸੀ। ਮੈਂ ਕਿਤੇ ਨਹੀਂ ਗਿਆ। ਜੇ ਗਿਆ ਹੁੰਦਾ ਤਾਂ ਮੈਂ ਇੱਥੇ ਕਿਉਂ ਖੜ੍ਹਾ ਹੁੰਦਾ। ਜੇ ਮੇਰੀ ਘਰਵਾਲੀ ਦੀ ਚਿਖਾ ਜਲੀ ਹੁੰਦੀ, ਹੁਣ ਚਿਖਾ ਕਿੱਥੇ ਚਲੀ ਗਈ, ਦਿਖਾਓ ਕਿੱਥੇ ਹੈ? ਹੈਰਾਨ ਹੋਈ ਜਾਂਦੇ ਨੇ। ਕਹਿੰਦੇ, ਦੇਖ ਰਾਜਨ! ਇਹਦੇ 'ਚ ਸਿੱਖਿਆ ਇਹ ਹੈ ਕਿ ਮੈਂ ਇੱਕ ਮਨੁੱਖ, ਦੇਖੋ ਕਿੰਨੇ ਸਿਆਣੇ ਬੰਦੇ ਬੈਠੇ ਓਂ, ਸਭ ਨੂੰ ਤੁਹਾਨੂੰ ਚੱਕਰ 'ਚ ਪਾ ਸਕਦਾ ਹਾਂ, ਭੁਲਾ ਦਿਤੇ ਨਾ ਸਾਰੇ। ਕਹਿੰਦੇ ਹਾਂ। ਕਹਿੰਦਾ, ਅਸਲੀਅਤ ਅੱਖਾਂ ਤੋਂ ਓਹਲੇ ਹੋ ਗਈ, ਨਕਲੀ ਜਿਹੜੀ ਮੈਂ ਦਿਖਾਉਂਦਾ ਸੀ ਉਹ ਤੁਹਾਨੂੰ ਦਿਸਦੀ ਰਹੀ, ਅਸਲੀਅਤ ਖਤਮ ਹੋ ਗਈ। ਕਹਿੰਦੇ ਹਾਂ। ਕਹਿੰਦਾ, ਇਸੇ ਤਰ੍ਹਾਂ ਦੇ ਨਾਲ ਮੇਰੀ ਨਿੱਕੀ ਜਿਹੀ ਮਾਇਆ ਦੇ ਵਿਚ ਤੁਸੀਂ ਭੁੱਲ ਗਏ। ਜਿਹੜਾ ਪ੍ਰਮੇਸ਼ਰ ਸਰਬਸ਼ਕਤੀ ਮਾਨ ਹੈ, ਉਹਦੀ ਮਾਇਆ 'ਚ ਨਹੀਂ ਭੁੱਲੋਂਗੇ? ਸੋ ਸਾਰਾ ਸੰਸਾਰ ਭੁੱਲ ਕੇ ਪ੍ਰਮੇਸ਼ਰ ਨਾਲੋਂ ਟੁੱਟ ਗਿਆ -

ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥
ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥
ਅੰਗ - ੨੩੩

ਕਿਉਂਕਿ ਗੁਰੂ ਉਹਦਾ ਪੜਦਾ ਫਾਸ ਕਰ ਦਿੰਦਾ ਹੈ ਕਿ ਮਾਇਆ ਨਹੀਂ ਹੈ ਇਹ, ਇਹ ਕੀ ਹੈ? ਕਹਿੰਦੇ -

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ
ਨਿਹਾਲਿਆ ॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥
ਅੰਗ - ੯੨੨

ਕਹਿੰਦੇ, ਇਹ ਤਾਂ ਵਾਹਿਗੁਰੂ ਹੈ -

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥
ਖੇਲ ਖੇਲ ਅਖੇਲ ਖੇਲਨ ਅੰਤੁ ਕੋ ਫਿਰ ਏਕ॥

ਕਹਿੰਦੇ ਉਹ ਤਾਂ ਖੇਲ੍ਹ ਕਰਦਾ ਹੈ, ਆਪਣੀ ਕੁਦਰਤ ਆਪੇ ਹੀ ਸਾਜੀ ਹੈ।

ਆਪੀਨ੍ਹੈ ਆਪੁ ਸਾਜਿਓ
ਆਪੀਨ੍ਹੈ ਰਚਿਓ ਨਾਉ ॥ ਅੰਗ - ੪੬੩

ਕੁਦਰਤ ਵੀ ਆਪੇ ਸਾਜੀ ਹੈ, ਆਪੇ ਨਾਮ ਸ਼ਕਤੀ ਸਾਜੀ ਹੈ, ਨਾਮ ਸ਼ਕਤੀ ਤੋਂ ਸਭ ਪਸਾਰਾ ਹੋਇਆ ਹੈ। ਅਸਲ ਵਿਚ ਕੁਛ ਵੀ ਨਹੀਂ ਹੈ, ਵਾਹਿਗੁਰੂ ਆਪੇ ਹੀ ਹੈ ਅਨੇਕ ਰੂਪਾਂ 'ਚ, ਕਿਵੇਂ-ਕਿਵੇਂ ਨਜ਼ਰ ਆ ਰਿਹਾ ਹੈ। ਆਹ ਹੈਗੀ ਅਸਲੀਅਤ। ਮਹਾਰਾਜ ਕਹਿੰਦੇ, ਜਿਹਨੇ ਸਤਿਗੁਰ ਨੂੰ ਭੇਟ ਲਿਆ, ਉਨ੍ਹਾਂ ਨੂੰ ਗਿਆਨ ਦੇ ਨੇਤਰ ਮਿਲ ਗਏ -

ਗਿਆਨ ਅੰਜਨੁ ਗੁਰਿ ਦੀਆ
ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ
ਨਾਨਕ ਮਨਿ ਪਰਗਾਸੁ ॥ ਅੰਗ - ੨੯੩

ਜਦੋਂ ਸੰਤ ਮਿਲ ਗਿਆ ਫੇਰ ਸੰਤ ਨਾਲ ਕੀ ਹੋਇਆ -

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ - ੨੯੩

ਕਹਿੰਦੇ ਅੰਦਰ ਦੇਖ ਲਿਆ ਵਾਹਿਗੁਰੁ, ਫੇਰ ਸੰਤਾਂ ਨੇ ਅੰਦਰ ਜਿਹੜਾ ਹੈ ਕਹਿੰਦੇ ਬਾਹਰ ਵੀ ਦੇਖ।

ਸੋ ਅੰਤਰਿ ਸੋ ਬਾਹਰਿ ਅਨੰਤ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥ਅੰਗ- ੨੯੩

ਹਰ ਥਾਂ 'ਤੇ ਵਾਹਿਗੁਰੂ ਹੈ। ਸੋ ਇਹ ਭਾਈ ਭੁਲੇਖਾ ਪੈ ਗਿਆ।

ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥
ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥
ਹਰਿ ਪ੍ਰਭ ਦਾਤਾ ਏਕੁ ਤੂੰ ਤੂੰ ਆਪੇ ਬਖਸਿ ਮਿਲਾਇ ॥
ਜਨੁ ਨਾਨਕੁ ਸਰਣਾਗਤੀ ਜਿਉ ਭਾਵੈ ਤਿਵੈ ਛਡਾਇ ॥
ਅੰਗ - ੨੩੪

ਹੇ ਪ੍ਰਭੂ! ਤੂੰ ਜਿਵੇਂ ਤੈਨੂੰ ਭਾਉਂਦਾ ਹੈ ਤਿਵੇਂ ਛੁਡਾ ਲੈ। ਸਾਨੂੰ ਪਤਾ ਲਗ ਗਿਆ। ਕਿਉਂਕਿ ਮਨ ਦੇ ਪਿੱਛੇ ਲਗ ਕੇ ਅਸੀਂ ਭੁੱਲੇ ਸੀ -

ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥
ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥
ਅੰਗ - ੬੦

ਕੋਈ ਹੋਵੇ ਪੂਰਾ ਤਾਂ ਦਿਖਾਵੇ, ਨਹੀਂ ਤਾਂ ਅੰਨ੍ਹੇ ਹੀ ਜੰਮ ਪੈਂਦੇ ਹਾਂ, ਅੰਨ੍ਹੇ ਹੀ ਅਸੀਂ ਮਰ ਜਾਂਦੇ ਹਾਂ।

ਨਾਨਕ ਮਨਮੁਖਿ ਅੰਧੁ ਪਿਆਰੁ ॥
ਬਾਝੁ ਗੁਰੂ ਡੁਬਾ ਸੰਸਾਰੁ ॥ ਅੰਗ - ੧੩੮

ਮਨਮੁਖਾਂ ਨੂੰ ਹਨ੍ਹੇਰੇ ਨਾਲ ਪਿਆਰ ਹੈ। ਗੁਰੂ ਜਿਹੜਾ ਹੈ ਅੰਦਰ ਪ੍ਰਕਾਸ਼ ਕਰਨ ਵਾਲਾ, ਅਜੇ ਲੱਗਿਆ ਨਹੀਂ ਗੁਰੂ -

ਕਬੀਰ ਗੁਰੁ ਲਾਗਾ ਤਬ ਜਾਨੀਐ
ਮਿਟੈ ਮੋਹੁ ਤਨ ਤਾਪ ॥ ਅੰਗ - ੧੩੭੪

ਜਦੋਂ ਮੋਹ ਜਾਏਗਾ, ਤਨ ਦੇ ਤਿੰਨੋਂ ਤਾਪ ਮਿਟ ਜਾਣਗੇ। ਸਮਝੋ ਗੁਰੂ ਮੈਨੂੰ ਲਗ ਗਿਆ ਹੁਣ। ਜੇ ਨਹੀਂ ਮਿਟਦੇ ਤਾਂ ਸਮਝੋ ਭਾਈ ਹਾਲੇ ਗੁਰੂ ਲੱਗਿਆ ਨਹੀਂ ਭਾਈ, ਯਤਨ ਕਰੋ।

ਸੋ ਮਹਾਰਾਜ ਕਹਿੰਦੇ, ਜਿਹੜਾ ਇਹਦੇ ਸਰੀਰ ਕੋਲ ਸੀ ਸਰੀਰ ਦੇ ਅੰਦਰ ਨਾਮ ਧਨ, ਉਹ ਕਹਿੰਦੇ ਇਹਨੇ ਖੋ ਲਿਆ। ਇਸ ਤੋਂ ਗਵਾਚ ਗਿਆ। ਇਹ ਠਗਿਆ ਗਿਆ ਤੇ ਹੁਣ ਰੋਂਦਾ ਜਾਂਦਾ ਹੈ। ਮਾਇਆ ਨੇ ਠੱਗ ਲਿਆ ਐਉਂ ਪੜ੍ਹ ਲਓ -

ਧਾਰਨਾ - ਲੁੱਟ ਲਿਆ ਸੰਸਾਰ ਜੀ,
ਮਾਇਆ ਇਹ ਮੋਹਣੀ ਭਾਈ।

ਮਾਇਆ ਕਹਿੰਦੀ ਪ੍ਰਮੇਸ਼ਰ ਨੂੰ ਕਿ ਤੂੰ ਕ੍ਰੋੜਾਂ ਬ੍ਰਹਿਮੰਡ ਬਣਾ ਦਿਤੇ ਮੈਂ ਤੈਨੂੰ ਹੀ ਭੁਲਾ ਦਿੱਤਾ ਤੇਰੇ ਜੀਵਾਂ ਤੋਂ। ਭਗਵਾਨ! ਮੇਰੀ ਤਾਕਤ ਜ਼ਿਆਦਾ ਹੈ ਤੈਨੂੰ ਦੱਸਣ ਵਾਸਤੇ ਸਾਧੂ ਸੰਤ ਕ੍ਰੋੜਾਂ ਦੀ ਤਾਦਾਦ ਵਿਚ ਫਿਰਦੇ ਨੇ। ਪੈਗੰਬਰ ਭੇਜਦਾ ਹੈਂ, ਕਦੇ ਅਵਤਾਰ ਭੇਜਦਾ ਹੈਂ। ਮੈਂ ਵੀ ਕਦੇ ਕੋਈ ਅਵਤਾਰ ਭੇਜਿਆ ਹੈ? ਮੇਰਾ ਵੀ ਕੋਈ ਮੰਦਰ ਹੈਗਾ? ਮੇਰੀ ਵੀ ਕੋਈ ਪੂਜਾ ਕਰਦਾ ਹੈ? ਲੇਕਿਨ ਮੇਰਾ ਪ੍ਰਚਾਰ ਜ਼ਿਆਦਾ ਹੈ, ਮੈਨੂੰ ਸਭ ਜਾਣਦੇ ਨੇ ਤੈਨੂੰ ਕੋਈ ਨਹੀਂ ਜਾਣਦਾ। ਭਗਵਾਨ ਚੁੱਪ ਹੋ ਗਏ, ਕਹਿੰਦੇ, ਨਹੀਂ ਲੱਛਮੀ! ਮੇਰੇ ਵੀ ਭਗਤ ਹੈਗੇ। ਕਹਿੰਦੀ ਫੇਰ ਕੀ ਫਾਇਦਾ ਜੇ ਦੋ ਚਾਰ ਭਗਤ ਨਿਕਲ, ਕਰੋੜਾਂ 'ਚ ਇੱਕ ਨਿਕਲ ਆਇਆ ਇਹ ਕਾਹਦੀ ਤੇਰੀ ਵਡਿਆਈ ਹੈ। ਮੇਰੇ ਸਾਰੇ ਹੀ ਭਗਤ ਨੇ।

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥
ਅੰਗ - ੧੪੨੭

ਉਹ ਤਾਂ ਕਰੋੜਾਂ 'ਚੋਂ ਇੱਕ ਹੋ ਗਿਆ ਤਾਂ ਕੀ ਵੱਡੀ ਗੱਲ ਹੋ ਗਈ। ਮੇਰੇ ਹੀ ਨੇ ਸਾਰੇ ਹੀ। ਸਭ ਮੇਰੇ ਪ੍ਰਚਾਰਕ ਨੇ। ਮੈਂ ਪ੍ਰਚਾਰ ਨਹੀਂ ਕਰਦੀ, ਕੋਈ ਮੈਂ ਪ੍ਰਚਾਰਕ ਨਹੀਂ ਰਖਦੀ, ਕੋਈ ਮੈਂ ਗ੍ਰੰਥ ਨਹੀਂ ਬਣਾਏ ਹੋਏ, ਕੁਛ ਨਹੀਂ ਹੈ। ਤੇਰੇ ਬੰਦੇ ਜਾਂਦੇ ਨੇ, ਤੂੰ ਸਾਰੀਆਂ ਤਾਕਤਾਂ ਦੇ ਕੇ ਭੇਜਦਾ ਹੈਂ, ਕਰੋੜਾਂ ਸ਼ਕਤੀਆਂ ਦੇ ਕੇ ਭੇਜਦਾ ਹੈਂ, ਉਹ ਦੁਨੀਆਂ ਨੂੰ ਦਿਖਾਉਂਦੇ ਨੇ ਸਾਰੀਆਂ। ਲੇਕਿਨ ਮੇਰਾ ਜ਼ੋਰ ਐਨਾ ਹੈ ਕਿ ਉਹ ਉਸ ਵਕਤ ਤਾਂ ਯਾਦ ਰਖਦੇ ਨੇ, ਉਸੇ ਵੇਲੇ ਭੁੱਲ ਵੀ ਜਾਂਦੇ ਨੇ, ਮੈਂ ਓਦੋਂ ਹੀ ਭੁਲਾ ਦਿੰਦੀ ਹਾਂ। ਕਿਸੇ ਦੇ ਯਾਦ ਨਹੀਂ ਰਹਿਣ ਦਿੰਦੀ। ਜੇ ਤੇਰਾ ਕੋਈ ਭਗਤ ਹੈਗਾ ਤਾਂ ਦਿਖਾ ਦੇ। ਕਹਿੰਦੇ ਦਿਖਾ ਦਿੰਦਾ ਹਾਂ, ਬਿਰਦ ਬਣ ਕੇ ਚਲੇ ਗਏ, ਇੱਕ ਸੇਠ ਦੇ ਉਤੇ ਨਿਗ੍ਹਾ ਕਰੀ, ਇਹ ਛੁਪ ਗਈ ਤੇ ਉਹ ਪ੍ਰਗਟ ਹੋ ਗਏ। ਸੇਠ ਨੇ ਦੇਖਿਆ ਕਿ ਕੋਈ ਸਾਧੂ ਆ ਰਿਹਾ ਹੈ, ਉਠਿਆ ਨਮਸ਼ਕਾਰ ਕਰੀ, ਸਤਿਕਾਰ ਕਰਿਆ, ਕਿਉਂਕਿ ਸਤਿਕਾਰ ਕਰਨ ਦੇ ਵਿਚ ਆਪਣਾ ਹੀ ਫਾਇਦਾ ਹੁੰਦਾ ਹੈ, ਗੁਰਮੁਖਾਂ ਦਾ ਸਤਿਕਾਰ ਕਰਨਾ; ਗੁਰਮੁਖਾਂ ਨੂੰ ਕੋਈ ਲੋੜ ਨਹੀਂ ਹੁੰਦੀ ਬਿਲਕੁਲ ਹੀ। ਉਹ ਤਾਂ ਆਪਣੀ ਮੌਜ ਵਿਚ ਚਲਦੇ ਹੁੰਦੇ ਨੇ। ਸਾਨੂੰ ਲੋੜ ਹੈ। ਕਿਉਂਕਿ ਜੇ ਅਸੀਂ ਸਤਿਕਾਰ ਕਰਾਂਗੇ, ਨਾਮ ਜਪਣ ਵਾਲੇ, ਬੰਦਗੀ ਕਰਨ ਵਾਲੇ; ਗੁਰਸਿੱਖਾਂ ਦਾ; ਉਹਦਾ ਫਲ ਮਿਲਦਾ ਹੈ ਸਾਨੂੰ ਕਿ -

ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥
ਅੰਗ - ੧੩੨੮

ਜੇ ਹੱਥ ਬੰਨ੍ਹ ਕੇ ਸਤਿ ਸ੍ਰੀ ਅਕਾਲ, ਫਤਹਿ ਬੁਲਾ ਦਿਓ, ਦਿਲ ਤੋਂ ਬੁਲਾ ਦਿਓ, ਉਹਨੂੰ ਜਮਦੂਤ ਨਹੀਂ ਬੁਲਾਉਂਦੇ ਫੇਰ ਮੁੜ ਕੇ, ਕਹਿੰਦੇ ਇਹਨੇ ਸਾਧੂ ਨੂੰ ਨਮਸ਼ਕਾਰ ਕਰੀ ਸੀ। ਇਹਦੇ 'ਚ ਸਾਡਾ ਫਾਇਦਾ ਹੋਇਆ ਕਿ ਸੰਤਾਂ ਦਾ ਹੋਇਆ? ਸੋ ਜਿਹੜੇ ਮਰਿਆਦਾ ਪੁਰਸ਼ੋਤਮ ਨੇ ਉਹ ਦੋ ਗੱਲਾਂ ਕਰਦੇ ਨੇ। ਨਾ ਤਾਂ ਸੰਤਾਂ ਨੂੰ ਪੈਸੇ ਦੀ ਲੋੜ ਹੁੰਦੀ ਹੈ, ਨਾ ਮਾਣ ਦੀ, ਕਿਉਂਕਿ ਦੋਵੇਂ ਚੀਜ਼ਾਂ ਛੱਡੀਆਂ ਹੁੰਦੀਆਂ ਨੇ ਉਨ੍ਹਾਂ ਨੇ। ਉਹ ਭਾਵਨਾ ਦੀ ਲੋੜ ਦੇਖਦੇ ਨੇ। ਜੇ ਕੋਈ ਲਿਆ ਕੇ ਭੇਟਾ ਵੀ ਕਰਦਾ ਹੈ, ਉਹ ਭਾਵਨਾ ਦੇਖ ਲੈਂਦੇ ਨੇ ਕਿ ਇਹਦੀ ਐਨੀ ਕੁ ਭਾਵਨਾ ਹੈ। ਇਸ ਵਿਚ ਛੋਟੇ ਵੱਡੇ ਦਾ ਹਿਸਾਬ ਨਹੀਂ, ਭਾਵਨਾ ਦਾ ਪਤਾ ਲਗ ਜਾਂਦਾ ਹੈ, ਦਿਲ ਦਾ ਦਿਲ 'ਚ ਰਾਹ ਹੁੰਦਾ ਹੈ ਕਿ ਹਾਂ ਇਹ ਐਵੇਂ ਹੀ ਹੈ, ਜਾਂ ਇਹ ਸੱਚੀਓਂ ਹੀ ਹੈ। ਉਸ ਸੇਠ ਬੜੀ ਭਾਵਨਾ ਦੇ ਨਾਲ ਨਮਸ਼ਕਾਰ ਕਰੀ। ਉਠ ਕੇ ਕਹਿਣ ਲੱਗਿਆ ਕਿ ਮਹਾਰਾਜ ਕੋਈ ਸੇਵਾ ਦੱਸੋ? ਕਹਿਣ ਲੱਗੇ, ਸੇਠ ਜੀ! ਅਸੀਂ ਚਾਲੀ ਦਿਨ ਇੱਕ ਜਾਪ ਕਰਨਾ ਹੈ, ਸਾਨੂੰ ਕੋਈ ਦੋ ਚਾਰ ਫੁੱਟ ਥਾਂ ਦੀ ਲੋੜ ਹੈ।

ਜਿਹਦੇ 'ਚ ਅਸੀਂ ਇਕਾਂਤ ਬੈਠ ਕੇ ਪ੍ਰਭੂ ਦਾ ਜਾਪ ਕਰ ਸਕੀਏ। ਥੋੜ੍ਹਾ ਥਾਉਂ ਚਾਹੀਦਾ ਹੈ ਮੈਨੂੰ, ਕਹਿਣ ਲੱਗੇ, ਮਹਾਰਾਜ! ਆਹ ਦੇਖੋ ਕਿੱਡੀ ਵੱਡੀ ਸਰ੍ਹਾਂ ਮੈਂ ਸਾਧੂਆਂ ਵਾਸਤੇ ਬਣਾਈ ਹੈ, ਤੁਸੀਂ ਦੋ ਚਾਰ ਫੁੱਟ ਜਗ੍ਹਾ ਮੰਗਦੇ ਓਂ, ਵੱਡਾ ਕਮਰਾ ਲਓ। ਵਿਚੇ ਹੀ ਸਭ ਸਹੂਲਤਾਂ ਨੇ, ਇਸ਼ਨਾਨ ਕਰਨ ਵਾਸਤੇ ਬਾਥਰੂਮ ਵੀ ਅੰਦਰ ਹੀ ਨੇ। ਸਭ ਕੁਛ ਬਣਾਇਆ ਹੋਇਆ ਹੈ ਅੰਦਰ। ਤੁਸੀਂ ਇੱਥੇ ਰਹੋ। ਕਹਿੰਦੇ ਨਾ ਇੱਥੇ ਕੋਈ ਆ ਜਾਂਦਾ ਹੈ। ਜ਼ੋਰਾਵਾਰ ਬੰਦਾ ਫੇਰ ਕੱਢ ਦਿੰਦਾ ਹੈ, ਕਹਿੰਦੇ ਨਾ, ਸੰਤ ਜੀ! ਮੈਂ ਨਹੀਂ ਕੱਢਣਾ, ਜਗ੍ਹਾ ਦਿਖਾ, ਜਗ੍ਹਾ ਦਿਖਾਈ, ਕੋਲੇ ਜਿਥੇ ਸੁੱਟਦਾ ਸੀ, ਉਹ ਜਗ੍ਹਾ ਲੈ ਲਈ, ਕਹਿੰਦੇ ਇੱਥੇ ਨਹੀਂ ਕਿਸੇ ਨੇ ਕੱਢਣਾ, ਤੂੰ ਚਾਲੀ ਦਿਨ ਕੋਲੇ ਤੇ ਲੱਕੜਾਂ ਬਾਹਰ ਰੱਖ ਲਈਂ। ਇਨ੍ਹਾਂ ਦੇ ਉਤੇ ਤਰਪਾਲ ਪਾ ਦੇਈਂ। ਕਹਿੰਦਾ, ਠੀਕ ਹੈ ਮਹਾਰਾਜ! ਪਰ ਮੈਨੂੰ ਬੜੀ ਨਮੋਸ਼ੀ ਆਉਂਦੀ ਹੈ ਕਿ ਤੁਸੀਂ ਸਾਰੇ ਸੋਹਣੇ ਕਮਰੇ ਛੱਡ ਕੇ ਇਹੋ ਜਿਹੇ ਥਾਉਂ ਆ ਕੇ ਆਸਣ ਲਾਉਣ ਦਾ ਫੁਰਨਾ ਕਰਿਆ ਹੈ ਜਿਥੇ ਨਾ ਹਵਾ ਆਉਂਦੀ ਹੈ, ਨਾ ਕੋਈ ਝਰੋਖਾ ਰੱਖਿਆ ਹੋਇਆ ਹੈ। ਚਾਰੇ ਪਾਸਿਓਂ ਬੰਦ ਹੈ, ਕਹਿੰਦੇ ਆਹੀ ਵਧੀਆ ਹੈ। ਬੈਠ ਗਏ ਤੇ ਦੋ ਚਾਰ ਘੰਟੇ ਤੋਂ ਬਾਅਦ ਮਾਇਆ ਵੀ ਆ ਗਈ, ਉਹਨੇ ਆ ਕੇ ਆਪਣਾ ਚਮਤਕਾਰਾ ਦਿਖਾਇਆ। ਬਹੁਤ ਵਧੀਆ ਕੱਪੜੇ, ਝਿਲਮਿਲ-ਝਿਲਮਿਲ ਕਰਦੇ ਨੇ, ਹੀਰੇ ਜਵਾਹਰਾਤ ਮੋਤੀ, ਸੋਨਾ ਪਹਿਨਿਆ ਹੋਇਆ ਹੈ, ਸੇਠ ਕੋਲ ਆ ਗਈ। ਸੇਠ ਨੇ ਪੁੱਛਿਆ ਕਿ ਬੀਬੀ! ਕੋਈ ਸੇਵਾ? ਕਹਿੰਦਾ ਕੌਣ ਹੈ? ਕਹਿੰਦੇ, ਇਹ ਮਹਾਰਾਣੀ ਹੈ ਵੱਡੀ। ਕਹਿੰਦਾ, ਧੰਨ ਭਾਗ, ਜੇ ਮਹਾਰਾਣੀ ਨਾਲ ਸਾਡੇ ਤੁਅੱਲਕ ਜੁੜ ਜਾਣ, ਤਾਂ, ਤਾਂ ਬੜੇ ਕੰਮ ਮੈਂ ਇਨ੍ਹਾਂ ਤੋਂ ਕਰਵਾ ਲਵਾਂਗਾ। ਕਹਿੰਦਾ, ਬੀਬੀ ਜੀ ਤੁਸੀਂ ਬਾਹਰ ਨਾ ਬੈਠੋ, ਅੰਦਰ ਚੱਲੋ। ਕੋਈ ਸੇਵਾ ਦੱਸੋ, ਕਹਿੰਦੀ, ਨਹੀਂ ਸੇਠ ਜੀ! ਅਸੀਂ ਥੋੜ੍ਹੀ ਦੇਰ ਨੂੰ ਚਲੇ ਜਾਣਾ ਹੈ, ਜੇ ਸਾਡਾ ਫੁਰਨਾ ਹੋਇਆ ਤਾਂ ਅਸੀਂ ਸੇਵਾ ਵੀ ਦਸ ਦੇਵਾਂਗੇ, ਇਸ ਤਰ੍ਹਾਂ ਕਰ ਸਾਨੂੰ ਤੂੰ ਰਸਦ ਦੇ ਦੇ। ਸ਼ਰਦਾਈ ਪੀਣੀ ਹੈ ਅਸੀਂ। ਉਸੇ ਵੇਲੇ ਰਸਦ ਦੇ ਦਿਤੀ। ਉਨ੍ਹਾਂ ਨੇ ਸੋਨੇ ਦਾ ਕੂੰਡਾ ਕੱਢ ਲਿਆ, ਸੋਨੇ ਦਾ ਹੀ ਘੋਟਣਾ ਸੀਗਾ, ਸਾਰਾ ਕੁਛ ਸੋਨੇ ਦਾ; ਢੇਰ ਲਾ ਦਿੱਤੇ ਬਰਤਨਾਂ ਦੇ। ਪੀਤਾ ਤੇ ਉਨ੍ਹਾਂ ਨੂੰ ਵੀ ਪਿਲਾ ਦਿੱਤਾ। ਕਹਿੰਦੇ ਸੇਠ ਜੀ ਆਹ ਸੇਵਾ ਕਰ ਦਿਓ, ਆਹ ਜਿਹੜੇ ਬਰਤਨ ਨੇ ਸਾਡੇ ਇਨ੍ਹਾਂ ਨੂੰ ਚੁੱਕ ਕੇ ਕਿਤੇ ਸੁੱਟ ਦਿਓ। ਅਸੀਂ ਇੱਕ ਵਾਰੀ ਚੀਜ਼ ਪੀ ਕੇ ਦੂਜੀ ਵਾਰੀ ਇਨ੍ਹਾਂ ਬਰਤਨਾਂ 'ਚ ਨਹੀਂ ਪੀਂਦੇ। ਸੇਠ ਨੇ ਟੋਕਰਾ ਮੰਗਾ ਲਿਆ, ਦੋਵੇਂ ਤਿੰਨੋ ਮੁੰਡੇ ਬੁਲਾ ਲਏ, ਕਹਿੰਦਾ ਲਓ ਕਾਕਾ! ਚੁੱਕੋ ਛੇਤੀ। ਲਓ ਬੀਬੀ ਜੀ ਫਿਕਰ ਨਾ ਕਰੋ। ਅਸੀਂ ਤਾਂ ਬੇਨਤੀ ਕਰਦੇ ਹਾਂ ਕਿ ਤੁਸੀਂ ਅੱਠ-ਦਸ ਦਿਨ ਸਾਡੇ ਕੋਲ ਠਹਿਰੋ। ਟੋਕਰਾ ਭਰ ਕੇ ਘਰ ਨੂੰ ਲੈ ਗਿਆ। ਖੁਸ਼ ਹੋ ਗਿਆ ਕਿ ਇਹ ਤਾਂ ਸੱਤਾਂ ਪੁਸ਼ਤਾਂ ਤਕ ਦਾ ਧਨ ਮਿਲ ਗਿਆ। ਬੀਬੀ ਕਹਿਣ ਲੱਗੀ ਕਿ ਸੇਠ ਜੀ! ਜਿਸ ਜਗ੍ਹਾ ਮਰਦ ਹੋਵੇ, ਅਸੀਂ ਉਸ ਜਗ੍ਹਾ ਨਹੀਂ ਠਹਿਰਦੇ। ਕਹਿੰਦਾ, ਦੇਖੋ ਕਿੰਨੀ ਸਰਾਏਂ ਖਾਲੀ ਹੈ ਮਰਦ ਇੱਥੇ ਕੋਈ ਨਹੀਂ, ਕਹਿੰਦੀ ਕਮਰੇ ਦਿਖਾ ਦਿਓ ਪਹਿਲਾਂ ਮੈਨੂੰ। ਕਮਰੇ ਦਿਖਾ ਦਿਤੇ, ਜਦੋਂ ਕੋਲਿਆ ਵਾਲੇ ਕਮਰੇ 'ਚ ਗਏ, ਕਹਿੰਦੀ ਆਹ ਬੰਦ ਕਰਿਆ ਹੈ? ਕਹਿੰਦਾ, ਇੱਥੇ ਇਕ ਬੁੜਾ ਜਿਹਾ ਹੈ, ਉਹਨੇ ਚਾਲੀ ਦਿਨ ਬਹਿਣਾ। ਕਹਿੰਦੀ ਨਾ ਅਸੀਂ ਫੇਰ ਜਾਂਦੇ ਹਾਂ। ਕਹਿੰਦਾ, ਨਾ-ਨਾ ਤੁਸੀਂ ਜਾਓ ਨਾ, ਉਹਨੂੰ ਮੈਂ ਕੱਢ ਦਿੰਦਾ ਹਾਂ ਹੁਣੇ। ਉਸ ਵੇਲੇ ਸੇਠ ਕਹਿੰਦਾ ਕਿ ਬਾਬਾ! ਬਾਹਰ ਆ। ਉਹ ਕਹਿੰਦਾ, ਨਾ ਮੈਂ ਨਹੀਂ ਆਉਣਾ, ਮੈਂ ਤਾਂ ਚਾਲੀ ਦਿਨ ਇੱਥੇ ਹੀ ਰਹਿਣਾ ਹੈ। ਤੂੰ ਮੇਰਾ ਪਾਠ ਖੰਡਤ ਕਰਨਾ ਹੈ ਮੈਂ ਨਹੀਂ ਆਉਣਾ। ਉਹਦੇ ਮੁੰਡੇ ਕਹਿੰਦੇ ਕਿ ਬਾਬਾ! ਸਿੱਧੀ ਤਰ੍ਹਾਂ ਨਿਕਲ ਆ ਨਹੀਂ ਦੇਖ ਲੈ ਫੇਰ ਤੇਰੇ ਨਾਲ ਦੂਆ ਕੰਮ ਹੋਊ। ਉਹ ਕਹਿੰਦਾ, ਮੈਂ ਦਰਵਾਜ਼ਾ ਨਹੀਂ ਖੋਲ੍ਹਣਾ, ਦਰਵਾਜ਼ਾ ਭੰਨ੍ਹ ਲਿਆ ਉਨ੍ਹਾਂ ਨੇ, ਦਰਵਾਜ਼ਾ ਭੰਨ੍ਹ ਕੇ ਇੱਕ ਨੇ ਮੋਢੇ ਤੋਂ ਏਧਰੋਂ ਫੜ ਲਿਆ ਇੱਕ ਨੇ ਓਧਰੋਂ, ਇੱਕ ਨੇ ਲੱਤਾਂ ਵੱਲੋਂ ਚੁੱਲ ਲਿਆ, ਬਾਹਰ ਲਿਜਾ ਕੇ ਸੁੱਟ ਦਿਤਾ, ਕਹਿੰਦੇ ਤੂੰ ਇੱਥੇ ਆਪਣਾ ਕਬਜ਼ਾ ਕਰ ਲਿਆ। ਅਖੀਰ ਧੱਕੇ ਵਗੈਰਾ ਪਏ। ਓਧਰਲੇ ਪਾਸੇ ਆਏ, ਉਥੇ ਕੁਛ ਵੀ ਨਾ, ਨਾ ਕੋਈ ਬੀਬੀ ਨਾ ਕੋਈ ਚੀਜ਼। ਘਰੋਂ ਸੁਨੇਹਾ ਆ ਗਿਆ ਕਿ ਜਿਹੜੇ ਸੋਨੇ ਦੇ ਭਾਂਡੇ ਰੱਖ ਕੇ ਆਏ ਸੀ ਉਹ ਪਤਾ ਨਹੀਂ ਕਿੱਧਰ ਨੂੰ ਚਲੇ ਗਏ, ਕੋਈ ਨਹੀਂ ਉਥੇ ਰਿਹਾ। ਵਿਸ਼ਨੂੰ ਜੀ ਨੂੰ ਕਹਿਣ ਲੱਗੀ ਲੱਛਮੀ ਕਿ ਦੇਖਿਆ ਭਗਵਾਨ! ਆਹ ਹੈ ਮੇਰਾ ਅਸਰ। ਮੈਂ ਕੋਈ ਗੱਲ ਕਰੀ, ਤੇਰੇ ਵਾਂਗਣ ਉਪਦੇਸ਼ ਦਿੱਤੇ? ਮੇਰਾ ਦੇਖ ਲੈ ਕਿੰਨਾ ਬਲ ਹੈ। ਕਹਿੰਦਾ, ਕੋਈ ਨਾ ਮੇਰਾ ਇੱਕ ਭਗਤ ਹੈਗਾ, ਤੈਨੂੰ ਉਹਦੇ ਦਰਸ਼ਨ ਕਰਾਉਂਦੇ ਹਾਂ। ਕਬੀਰ ਸਾਹਿਬ ਕੋਲ ਆ ਗਈ, ਉਲਝਿਆ ਹੋਇਆ ਤਾਣਾ ਦੇ ਦਿਤਾ, ਭਗਵਾਨ ਨੇ ਕਿ ਆਹ ਦੇਖ ਲੜਕੇ ਦਾ ਵਿਆਹ ਹੈ, ਜਲਦੀ ਮੈਨੂੰ ਚਾਹੀਦਾ ਹੈ। ਕਹਿੰਦੇ, ਭਗਤ ਜੀ! ਜਲਦੀ ਬਣਾ ਦੇਣਾ। ਕਹਿੰਦੇ, ਫਿਕਰ ਨਾ ਕਰ।ਤਾਣਾ ਕਬੀਰ ਸਾਹਿਬ ਨੇ, ਕਮਾਲੇ ਨੇ, ਕਮਾਲੀ ਨੇ, ਲੋਈ ਨੇ ਲਗ ਕੇ ਸੁਲਝਾ ਲਿਆ, ਸੁਲਝਾ ਕੇ ਅੱਡੇ 'ਤੇ ਚਾੜ੍ਹ ਲਿਆ, ਕੁੰਭਲ 'ਤੇ ਚਾੜ੍ਹ ਕੇ ਬੁਣਨ ਵਾਸਤੇ ਜਦੋਂ ਬੈਠੇ, ਇਹ ਬਹੁਤ ਛਣਨ-ਛਣਨ ਹੁੰਦੀ ਆਉਂਦੀ ਹੈ। ਕੁਛ ਸਾਧੂ ਵੀ ਓਥੇ ਬੈਠੇ ਨੇ, ਉਸ ਵੇਲੇ ਆ ਕੇ ਕਹਿਣ ਲੱਗੀ ਕਿ ਮੇਰਾ ਰੇਸ਼ਮ ਦੇ ਧਾਗਿਆਂ ਦਾ ਤਾਣਾ ਹੈ, ਬੜਾ ਹੀ ਸੋਹਣਾ ਹੈ ਉਲਝਿਆ ਹੋਇਆ ਨਹੀਂ, ਮੈਨੂੰ ਹੁਣੇ ਹੀ ਚਾਹੀਦਾ ਹੈ ਤੇ ਭਗਤ ਜੀ! ਤੁਸੀਂ ਇਹ ਬੁਣ ਦਿਓ ਤੇ ਇਹ ਤਾਣਾ ਕੱਟ ਦਿਓ। ਕਹਿੰਦੇ ਬੀਬੀ! ਇਹ ਕੱਟਿਆ ਹੋਇਆ ਕਿਵੇਂ ਜੁੜੇਗਾ? ਕਹਿੰਦੀ, ਮੈਂ ਨਵਾਂ ਹੀ ਲਿਆ ਦੇਵਾਂਗੀ ਸਾਰਾ ਕੁਛ, ਤੁਸੀਂ ਇਹ ਕੱਟ ਦਿਓ। ਮੇਰੇ ਵਾਲਾ ਚਾੜ੍ਹ ਲਓ ਤੇ ਪੈਸੇ ਜਿੰਨੇ ਕਹੋਂਗੇ ਓਨੇ ਦੇ ਦੇਵਾਂਗੀ। ਆਹ ਫੜੋ ਪਹਿਲਾਂ ਐਡਵਾਂਸ, ਸੋਨੇ ਦੀਆਂ ਮੋਹਰਾਂ ਰੱਖ ਦਿੱਤੀਆਂ ਢੇਰ ਲਾ ਕੇ। ਕਬੀਰ ਸਾਹਿਬ ਅੰਤਰ ਧਿਆਨ ਹੋਏ, ਕਹਿਣ ਲੱਗੇ, ਅੱਛਾ! ਕਹਿੰਦੇ, ਕਮਾਲਿਆ! ਲਿਆ ਛੁਰੀ ਤਿੱਖੀ ਕਰਕੇ। ਖੁਸ਼ ਹੋ ਗਈ ਕਿ ਇਹ ਤਾਂ ਹੁਣ ਤਾਣਾ ਵੱਢ ਦਏਗੀ। ਕਬੀਰ ਸਾਹਿਬ ਬਾਹਰ ਨਿਕਲ ਆਏ, ਜਦੋਂ ਛੁਰੀ ਆ ਗਈ, ਨੱਠ ਕੇ ਗੁੱਤ ਤੋਂ ਫੜ ਕੇ, ਨੱਕ ਵੱਢ ਦਿੱਤਾ ਤੇ ਕੰਨ੍ਹ ਵੱਢ ਦਿੱਤੇ। ਕਹਿੰਦੇ, ਜਾਹ ਕਿਸੇ ਹੋਰ ਨੂੰ ਛਲੀਂ -

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥
ਕਹੁ ਕਬੀਰ ਸੰਤਨ ਕੀ ਬੈਰਨਿ
ਤੀਨਿ ਲੋਕ ਕੀ ਪਿਆਰੀ ॥ ***ਅੰਗ - ੪੭੬***

ਮੈਨੂੰ ਛਲਣ ਵਾਸਤੇ ਆਈ ਹੈਂ?

ਮਾਇਆ ਦੇ ਅਨੇਕ ਰੂਪ ਹੁੰਦੇ ਨੇ। ਭਗਵਾਨ ਕਹਿੰਦੇ, ਦਸ ਹੁਣ ਨੱਕ ਕੰਨ ਕਟਾ ਲਿਆ ਨਾ, ਹੁਣ ਤੈਨੂੰ ਨਕਟੀ ਕਿਹਾ ਕਰਨਗੇ, ਅੱਜ ਤੋਂ ਬਾਅਦ। ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਨਕਟੀ ਨਾਮ

ਰੱਖਿਆ ਹੋਇਆ ਹੈ ਇਹਦਾ। ਸੋ ਮਹਾਰਾਜ ਕਹਿੰਦੇ –

ਗਿਆਨ ਪਦਾਰਥੁ ਖੋਇਆ
ਠਗਿਆ ਮੁਠਾ ਜਾਇ ॥ ੧ ॥
ਬਾਬਾ ਮਾਇਆ ਭਰਮਿ ਭੁਲਾਇ ॥
ਭਰਮਿ ਭੁਲੀ ਡੋਹਾਗਣੀ
ਨਾ ਪਿਰ ਅੰਕਿ ਸਮਾਇ ॥ ਅੰਗ – ੬੦

ਹੁਣ ਭਰਮ ਭੁੱਲੀ ਹੋਈ ਬੁੱਕਲ 'ਚ ਨਹੀਂ ਸਮਾਅ ਸਕਦੀ, ਕਿਉਂਕਿ ਭਰਮ 'ਚ ਭੁੱਲ ਗਈ –

ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥
ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥
ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥
ਅੰਗ – ੬੦

ਮਾਇਆ ਨੇ ਭੁਲਾ ਦਿਤਾ। ਸੋ ਇਹਦੇ ਅਨੇਕਾਂ ਹੀ ਰੂਪ ਨੇ। ਇੱਕ ਰੂਪ ਨਹੀਂ ਹੈ, ਅਨੇਕਾਂ ਰੂਪ ਧਾਰ ਕੇ ਭੁਲਾਉਂਦੀ ਹੈ, ਅਸੀਂ ਵੀ ਭੁੱਲੇ ਹੋਏ ਹਾਂ। ਕਹਿੰਦੇ –

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥
ਅੰਗ – ੬੧

ਪੁੱਤਰ ਦਾ ਰੂਪ ਮਾਇਆ ਹੈ, ਬੰਧਪ ਰਿਸ਼ਤੇਦਾਰ ਸਾਰੇ ਮਾਇਆ ਨੇ। ਕੋਠੀਆਂ ਸਾਰੀਆਂ ਹੀ ਮਾਇਆ ਨੇ। ਘਰਵਾਲੀ ਇਸਤ੍ਰੀ ਮਾਇਆ ਹੈ। ਧਨ ਵੀ ਮਾਇਆ ਹੈ, ਜੋਬਨ, ਜਵਾਨੀ ਜਿਹੜੀ ਹੈ ਉਹ ਵੀ ਮਾਇਆ ਹੈ।

ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਅੰਗ – ੬੧

ਲਬਿ ਕਹਿੰਦੇ ਨੇ, ਲੋੜ ਤੋਂ ਜ਼ਿਆਦਾ ਚੀਜ਼ਾਂ ਇਕੱਠੀਆਂ ਕਰੀ ਜਾਣੀਆਂ। ਲੋਭ ਕਹਿੰਦੇ ਨੇ, ਬੇਗਾਨੀ ਚੀਜ਼ ਦੇ ਉਤੇ ਆਪਣਾ ਕਬਜ਼ਾ ਜਮਾਂ ਲੈਣਾ। ਅਹੰਕਾਰ, ਅਭਿਮਾਨ ਹੈ ਆਦਮੀ ਦੇ ਮਨ ਦੇ ਅੰਦਰ। ਇਹ ਲਬ, ਲੋਭ ਕਿਹੋ ਜਿਹਾ ਕੰਮ ਕਰ ਰਿਹਾ ਹੈ।

ਇੱਕ ਵਾਰੀ ਕੋਈ ਮਹਾਤਮਾ ਰਹਿੰਦੇ ਸੀ ਉਹਦੇ ਕੋਲ ਕੋਈ ਐਸਾ ਪ੍ਰੇਮੀ ਆ ਗਿਆ। ਮਹਾਤਮਾ ਕਹਿਣ ਲੱਗੇ, ਪ੍ਰੇਮੀਆਂ! ਦੁਪਹਿਰਾ ਹੋ ਚਲਿਆ, ਤੂੰ ਪ੍ਰਸ਼ਾਦਾ ਛਕ ਕੇ ਜਾਈਂ, ਕਹਿੰਦਾ, ਮਹਾਰਾਜ! ਮੈਂ ਜ਼ਰੂਰੀ ਜਾਣਾ ਹੈ, ਕਹਿੰਦੇ ਲੈ ਪ੍ਰਸ਼ਾਦਾ ਆਉਣ ਵਾਲਾ ਹੈ। ਪ੍ਰਸ਼ਾਦਾ ਤਾਂ ਅਸੀਂ ਹੋਰ ਨਹੀਂ ਸੇਵਾ ਕਰ ਸਕਦੇ ਤਾਂ ਪ੍ਰਸ਼ਾਦਾ ਤਾਂ ਛਕ ਜਾਈਂ। ਐਨੇ ਨੂੰ ਇੱਕ ਬੀਬੀ ਆ ਗਈ, ਪੋਣੇ 'ਚ ਬੰਨ੍ਹਿਆ ਹੋਇਆ ਪ੍ਰਸ਼ਾਦਾ, ਸੰਤਾਂ ਨੇ ਕਿਹਾ ਕਿ ਬੀਬੀ! ਇਥੇ ਰੱਖ ਦੇ, ਹੱਥ ਪੈਰ ਧੋ ਕੇ ਆਉਂਦੇ ਹਾਂ ਅਸੀਂ ਫੇਰ ਛਕ ਲਵਾਂਗੇ, ਤੂੰ ਜਾਹ। ਬੀਬੀ ਨੂੰ ਤੋਰ ਦਿੱਤਾ ਤੇ ਇਹਨੂੰ ਸੁਗੰਧੀ ਆ ਗਈ ਸਬਜ਼ੀ ਦੀ। ਮਨ ਵਿਚ ਲਾਲਚ ਆ ਗਿਆ ਕਿ ਵੰਡੇਗਾ ਸੰਤ। ਜੇ ਮੈਂ ਸਾਰੀ ਹੀ ਖਾ ਲਵਾਂ, ਤਾਂ ਚੰਗਾ ਹੈ। ਸੰਤ ਕਹਿਣ ਲੱਗੇ ਲੈ ਪ੍ਰੇਮੀਆਂ! ਆਪਾਂ ਇਸ਼ਨਾਨ ਕਰ ਆਈਏ। ਦੁਪਹਿਰੇ 'ਚ ਗਰਮੀ ਲਹਿ ਜਾਊ, ਪ੍ਰਸ਼ਾਦਾ ਆਰਾਮ ਨਾਲ ਬੈਠ ਕੇ ਛਕਾਂਗੇ। ਕਹਿੰਦਾ, ਮੈਂ ਤਾਂ ਨਦੀ 'ਚੋਂ ਹੀ ਲੰਘਿਆ, ਇਸ਼ਨਾਨ ਕਰਕੇ ਹੀ ਤੁਰਿਆ ਸੀ। ਸੰਤ ਚਲੇ ਗਏ, ਦੂਰੋਂ ਦੇਖ ਲਿਆ ਕਿ ਹੁਣ ਕੱਪੜੇ ਲਾਹ ਲਏ। ਪੋਣਾ ਖੋਲ੍ਹਿਆ ਤੇ ਦੇਖਿਆ ਛੇ ਪਰੌਂਠੇ ਨੇ ਦੋ ਕੱਢ ਕੇ ਖਾ ਗਿਆ। ਉਵੇਂ ਜਿਵੇਂ ਪੋਣਾ ਬੰਨ੍ਹ ਕੇ ਰੱਖ ਦਿਤਾ। ਪਰ੍ਹੇ ਨੂੰ ਜਾ ਕੇ ਬਹਿ ਗਿਆ ਪਿੱਠ ਜਿਹੀ ਕਰਕੇ, ਸੰਤ ਆ ਗਏ। ਕਹਿੰਦੇ, ਆ ਜਾ ਫੇਰ ਪ੍ਰਸ਼ਾਦਾ ਛਕੀਏ। ਕਹਿੰਦਾ, ਮਹਾਰਾਜ! ਤੁਹਾਡੀ ਮਰਜ਼ੀ ਹੈ, ਛਕ ਕੇ ਤਾਂ ਮੈਂ ਆਇਆ ਸੀ, ਦੋ ਦੇ ਦਿਓ, ਦੋ ਨਾਲ ਮੇਰਾ ਗੁਜ਼ਾਰਾ ਚਲ ਜਾਏਗਾ। ਸੰਤਾਂ ਨੇ ਪੋਣਾ ਖੋਲ੍ਹਿਆ। ਰੋਜ਼ ਛੇ ਪਰੌਂਠੇ ਆਉਂਦੇ ਸੀ, ਕਹਿੰਦੇ ਬੀਬੀ ਨੇ ਤਾਂ ਲਿਆਂਦੇ ਹੀ ਪੂਰੇ ਹੀ, ਆਹ ਬੰਦਾ ਲਬ ਵਾਲਾ ਲੱਭ ਗਿਆ, ਲੋਭ ਵਾਲਾ। ਕਹਿੰਦੇ ਪ੍ਰੇਮੀਆਂ! ਪਰੌਂਠੇ ਤੂੰ ਖਾਧੇ ਨੇ? ਕਹਿੰਦਾ, ਮਹਾਰਾਜ! ਮੇਰੀ ਕੀ ਤਾਕਤ ਹੈ ਕਿ ਮੈਂ ਤੁਹਾਡੇ ਪੋਣੇ ਨੂੰ ਹੱਥ ਲਾਉਂਦਾ। ਕੀ ਪਰੌਂਠੇ ਸੀ ਇਹਦੇ 'ਚ? ਕੀ ਚੀਜ਼ ਹੈ, ਪਰੌਂਠੇ ਹੀ ਨੇ ਇਹਦੇ 'ਚ ਕਿ ਹੋਰ ਚੀਜ਼ ਹੈ? ਕਹਿੰਦੇ, ਹਾਂ ਪਰੌਂਠੇ ਹੀ ਨੇ, ਨਾਲ ਸਬਜ਼ੀ ਹੈ। ਦੋ ਤੂੰ ਲੈ ਲੈ, ਦੋ ਮੈਂ ਲੈ ਲੈਂਦਾ ਹਾਂ। ਛਕਾ ਦਿੱਤਾ। ਉਸ ਤੋਂ ਬਾਅਦ ਕਹਿੰਦੇ ਕਿ ਕਿੱਧਰ ਨੂੰ ਜਾਣਾ ਹੈ, ਕਹਿੰਦਾ ਮੈਂ ਸ਼ਹਿਰ ਨੂੰ ਜਾਣਾ ਹੈ, ਕਹਿੰਦੇ ਅਸੀਂ ਵੀ ਚਲਦੇ ਹਾਂ। ਨਾਲ ਹੀ ਚੱਲ ਪਏ, ਰਸਤੇ 'ਚ ਨਦੀ ਚੜ੍ਹੀ ਹੋਈ ਹੈ। ਕਹਿੰਦਾ, ਹੁਣ ਕਿਵੇਂ ਲੰਘੀਏ? ਕਹਿੰਦੇ ਮੇਰੇ ਕੋਲ ਮੰਤਰ ਹੈ ਉਹਦੇ ਨਾਲ ਲੰਘ ਜਾਵਾਂਗੇ। ਉਹ ਹੈ ਰਾਮ ਦਾ ਮੰਤਰ। ਤੂੰ ਰਾਮ-ਰਾਮ ਕਹਿੰਦਾ ਮੇਰੇ ਪਿੱਛੇ ਤੁਰਿਆ ਜਾਈਂ। ਜਿਉਂ-ਜਿਉਂ ਨਦੀ 'ਚ ਵੜਦੇ ਨੇ ਪਾਣੀ ਉਤਰੀ ਜਾਂਦਾ ਹੈ। ਅਖੀਰ, ਨਿਕਲ ਕੇ ਕਹਿੰਦੇ ਦੇਖਿਆ ਨਾਮ ਦੀ ਸ਼ਕਤੀ। ਪ੍ਰਭੂ ਦੇ ਨਾਲ 'ਚ ਕਿੰਨੀ ਸ਼ਕਤੀ ਹੈ। ਕਹਿੰਦਾ ਮੈਂ ਤਾਂ ਪਹਿਲਾਂ ਹੀ ਮੰਨਦਾ ਹਾਂ, ਮੈਨੂੰ ਤਾਂ ਪਹਿਲਾਂ ਹੀ ਪਤਾ ਹੈ ਕਿ ਨਾਮ 'ਚ ਬਹੁਤ ਸ਼ਕਤੀ ਹੁੰਦੀ ਹੈ। ਕਹਿੰਦੇ, ਉਸ ਪ੍ਰਭੂ ਨੂੰ ਯਾਦ ਕਰਕੇ, ਸਾਮ੍ਹਣੇ ਰੱਖ ਕੇ ਦਸ ਕਿ ਪਰੌਂਠੇ ਕੀਹਨੇ ਖਾਧੇ ਨੇ। ਕਹਿੰਦਾ, ਮੈਂ ਤਾਂ ਖਾਧੇ ਹੀ ਨਹੀਂ। ਐਵੇਂ ਤੁਹਾਨੂੰ ਭਰਮ ਹੈ, ਘੱਟ ਆਏ ਹੋਏ ਨੇ। ਅੱਗੇ ਚਲੇ ਗਏ, ਵੱਡਾ ਸੱਪ ਨਿਕਲ ਆਇਆ, ਸ਼ੇਰ ਆ ਗਿਆ; ਕਹਿੰਦਾ ਹੁਣ ਤਾਂ ਮਰ ਜਾਵਾਂਗੇ। ਕਹਿੰਦੇ ਰਾਮ ਦਾ ਨਾਮ ਲੈ, ਨਾਮ ਲੈਣ ਦੇ ਨਾਲ ਸੱਪ ਕੋਲੋਂ ਵੀ ਲੰਘ ਗਏ, ਸ਼ੇਰ ਕੋਲੋਂ ਵੀ ਲੰਘ ਗਏ। ਕਹਿੰਦੇ ਦੇਖ ਨਾਮ ਦੀ ਮਹਿਮਾ ਕਿੰਨੀ ਹੈ। ਕਹਿੰਦੇ ਹੁਣ ਤੂੰ ਪ੍ਰਮੇਸ਼ਰ ਨੂੰ ਸ਼ਾਖਸ਼ਾਤ ਰੱਖ ਕੇ ਦਸ ਕਿ ਪਰੌਂਠੇ ਤਾਂ ਨਹੀਂ ਖਾਧੇ। ਕਹਿੰਦਾ ਤੁਹਾਨੂੰ ਤਾਂ ਪਰੌਂਠਿਆਂ ਦਾ ਹੀ ਵਹਿਮ ਹੋ ਗਿਆ। ਮੈਂ ਦੇਖਿਆ ਹੀ ਨਹੀਂ ਤੇਰੇ ਵਰਗਾ ਬੰਦਾ ਕਦੇ। ਆਹ ਪਰੌਂਠਿਆਂ ਪਿੱਛੇ ਮੈਨੂੰ ਤੂੰ ਖੱਜਲ ਕਰ ਛੱਡਿਆ। ਅੱਗੇ ਲੰਘ ਗਏ, ਅੱਗੇ ਅੱਗ ਲੱਗੀ ਹੋਈ ਹੈ, ਜੰਗਲ ਨੂੰ। ਕਹਿੰਦਾ, ਹੁਣ ਨਹੀਂ ਬਚ ਸਕਦੇ। ਕਹਿੰਦੇ, ਰਾਮ ਦੇ ਨਾਲ ਨਾਲ ਬਚਾਂਗੇ। ਤੇ ਰਾਮ ਦੇ ਨਾਲ ਨਾਲ ਜਦੋਂ ਬਚ ਕੇ ਨਿਕਲ ਗਏ ਸੰਤਾਂ ਨੇ ਕਿਹਾ ਦੇਖਿਆ ਸ਼ਕਤੀ, ਕਹਿੰਦਾ ਤੁਸੀਂ ਹੁਣ ਫੇਰ ਪਰੌਂਠਿਆਂ ਦੀ ਗੱਲ ਕਰਨੀ ਹੋਣੀ ਹੈ। ਕਹਿੰਦੇ ਆ ਜਾ। ਅੱਗੇ ਗਏ ਤਾਂ ਇੱਕ ਥੈਲੀ ਪਈ ਹੈ ਕਹਿੰਦੇ ਲੈ ਬਈ ਪ੍ਰੇਮੀਆਂ! ਆਪਾਂ ਵੰਡ ਕੇ ਲੈਣੀ ਹੈ, ਬੜਾ ਸੋਹਣਾ ਖਿਆਲ ਹੈ। ਥੈਲੀ ਲੈ ਲਈ, ਉਹਦੀਆਂ ਤਿੰਨ ਢੇਰੀਆਂ ਲਾ ਲਈਆਂ। ਸੋਨੇ ਦੀ ਥੈਲੀ ਹੈ, ਮੋਹਰਾਂ ਦੀ ਭਰੀ ਹੋਈ। ਕਹਿੰਦੇ, ਮਹਾਰਾਜ! ਇਹ ਤਿੰਨ ਢੇਰੀਆਂ ਲਾਈਆਂ ਨੇ, ਆਪਾਂ ਤਾਂ ਦੋ ਜਣੇ ਹਾਂ, ਕਹਿੰਦੇ ਦੇਖ, ਆਹ ਤਾਂ ਢੇਰੀ ਹੈ ਮੇਰੀ, ਆਹ ਹੈ ਤੇਰੀ, ਆਹ ਉਹਦੀ ਹੈ ਜਿਹਨੇ ਦੋ ਪਰੌਂਠੇ ਖਾਧੇ ਨੇ, ਉਹ ਤਾਂ ਕਹਿੰਦਾ ਮੈਂ ਹੀ ਖਾਧੇ ਸੀਗੇ। ਕਹਿੰਦੇ, ਮੇਰੇ ਮੂੰਹ 'ਚੋਂ ਨਾਂਹ ਨਿਕਲ ਗਈ ਸੀ ਤਾਂ ਮੈਂ ਨਾਂਹ ਹੀ ਕਰੀ ਗਿਆ। ਮੈਂ ਕਦੋਂ ਦਾ ਸੋਚਦਾ ਸੀ

ਕਿ ਮੈਂ ਦਸ ਹੀ ਦੇਵਾਂ ਸੰਤਾਂ ਨੂੰ। ਕਹਿੰਦਾ ਹੁਣ ਮੈਂ ਦਸ ਹੀ ਦਿਤਾ। ਇਹਨੂੰ ਕਹਿੰਦੇ ਨੇ, ਲਬ ਤੇ ਲੋਭ ਵਿਚ ਬੰਦਾ ਫਸਿਆ ਹੋਇਆ, ਅਸੂਲਾਂ ਤੋਂ ਗਿਰ ਜਾਂਦਾ ਹੈ। ਮਹਾਰਾਜ ਕਹਿੰਦੇ -

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥
ਅੰਗ - ੬੧

ਕਹਿੰਦੇ, ਇਹਦੇ ਨਾਲ ਜੀਵ ਜਿਹੜਾ ਅਸਲੀ ਸੀ ਨਾ, ਗਿਆਨਵਾਨ ਉਹ ਤਾਂ ਗਿਆ ਮਰ। ਇਹਦੇ ਵਿਚ ਨਕਲੀ ਜੀਵ ਹਉਮੈ ਵਾਲਾ ਪੈਦਾ ਹੋ ਗਿਆ ਤੇ ਕਹਿੰਦੇ ਆਹ ਵਰਤਾਰਾ ਸੰਸਾਰ ਦਾ ਹੋ ਗਿਆ।

ਹਰ ਕਰਦਾ ਹੈ ਕਿ ਮੇਰੀ ਧੀ, ਮੇਰਾ ਲੜਕਾ, ਮੇਰਾ ਪਿਓ, ਮੇਰਾ ਭਾਈਚਾਰਾ, ਮੇਰੀ ਜਾਇਦਾਦ; ਕਹਿੰਦੇ ਇਹ ਜਿਹੜਾ ਮਨਮੁਖ ਹੈ ਇਹ ਕਹਿੰਦਾ ਹੈ ਮੇਰਾ -

ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ ॥
ਅੰਗ - ੬੩

ਇਹ ਤਾਂ ਸੰਜੋਗ ਨਾਲ ਆਏ ਨੇ। ਵਿਜੋਗੁ ਨਾਲ ਚਲੇ ਜਾਣਗੇ। ਪਤਾ ਨਹੀਂ ਤੂੰ ਪਹਿਲਾਂ ਜਾਣਾ ਹੈ ਜਾਂ ਇਨ੍ਹਾਂ ਨੇ, ਮੁੜ ਕੇ ਤਾਂ ਮਿਲਣਾ ਨਹੀਂ, ਆਹ ਨਦੀ ਚਲਦੀ ਹੈ (ਰਤਵਾੜਾ ਸਾਹਿਬ) ਸਾਡੇ ਕੋਲ ਜਦੋਂ ਪਾਣੀ ਆਉਂਦਾ ਹੈ ਉਹ ਘੁੰਮਣ-ਘੇਰੀਆਂ ਪਾਉਂਦੀ ਜਾਂਦੀ ਹੈ। ਘੁੰਮਣ-ਘੇਰੀਆਂ ਨਾਲ ਕੀ ਕਰਦੀ ਹੈ ਰੇਤੇ ਨੂੰ ਚੁੱਕ ਕੇ ਖਿੰਡਾ ਦਿੰਦੀ ਹੈ, ਉਹ ਇਕੱਲਾ-ਇਕੱਲਾ ਕਰਕੇ ਕਿਤੇ ਹੋਰ ਜਗ੍ਹਾਂ ਸੁੱਟ ਦਿੰਦੀ ਹੈ। ਆਹੀ ਹਾਲ ਸਾਡਾ ਹੈ, ਸਾਨੂੰ ਕਾਲ ਖਿੰਡਾਉਂਦਾ ਤੁਰਿਆ ਜਾ ਰਿਹਾ ਹੈ। ਸੰਜੋਗ ਜਿੱਥੇ ਹੁੰਦਾ ਹੈ ਉਥੇ ਇਕੱਠੇ ਹੋ ਜਾਂਦੇ ਹਾਂ। ਜਿਥੇ ਵਿਜੋਗ ਹੁੰਦਾ ਹੈ ਉਥੇ ਅੱਡ ਹੋ ਜਾਂਦੇ ਹਾਂ। ਮਹਾਰਾਜ ਕਹਿੰਦੇ, ਮਨਮੁਖ ਕੀ ਕਹਿੰਦਾ ਹੈ ਕਿ ਇਹ ਮੇਰੇ ਨੇ, ਮੇਰੇ-ਮੇਰੇ ਕਰਕੇ ਰੋਂਦਾ ਹੈ। ਸਮਝਾਇਆ ਹੋਇਆ ਨਹੀਂ ਸਮਝਦਾ, ਕਿਉਂਕਿ ਮੇਰਾ ਹੀ ਕਹਿੰਦਾ ਹੈ। ਥੋੜ੍ਹੇ ਦਿਨ ਹੋਏ, ਪ੍ਰੇਮੀ ਸ਼ਾਇਦ ਵਿਚ ਬੈਠੇ ਹੋਣ। ਉਨ੍ਹਾਂ ਨੇ ਬਰਸੀ ਮਨਾਈ ਸੀ ਆਪਣੀ ਲੜਕੀ ਦੀ ਬੜਾ ਉਨ੍ਹਾ ਦੇ ਮਨ 'ਚ ਮੋਹ। ਮੈਂ ਕਿਹਾ ਐਨਾ ਮੋਹ। ਕਹਿੰਦਾ, ਮੈਨੂੰ ਭੁਲਦੀ ਨਹੀਂ ਹੈ। ਮੈਂ ਕਿਹਾ ਪ੍ਰੇਮੀਆਂ! ਇਹ ਤਾਂ ਸੰਸਾਰ ਤੋਂ ਆਪਾਂ ਵੀ ਚਲੇ ਜਾਣਾ ਹੈ, ਰਹਿਣਾ ਨਹੀਂ ਹੈ। ਜਦੋਂ ਰਹਿਣਾ ਹੀ ਨਹੀਂ ਹੈ, ਥੋੜ੍ਹੀ ਦੇਰ ਵਾਸਤੇ ਸੰਜੋਗ ਨਾਲ ਆਏ ਸੀ, ਵਿਜੋਗ ਹੋ ਗਿਆ ਤੁਰ ਗਏ, ਪਹਿਲਾਂ ਹੀ ਨਾ ਮੇਰੀ-ਮੇਰੀ ਧਾਰੋ। ਕਹਿੰਦੇ -

ਧਾਰਨਾ - ਧੀਆਂ ਪੂਤ ਸੰਜੋਗ ਜੀ,
ਮਨਮੁਖ ਜਾਣੇ ਆਪਣੇ ਪਿਆਰੇ।

ਮਹਾਰਾਜ ਕਹਿੰਦੇ, ਪ੍ਰੇਮੀਆਂ! ਜਿਹੜੇ ਜਾਲ 'ਚ ਫਸਿਆ ਹੋਇਆ ਹੈਂ, ਇਹ ਤਾਂ ਸੰਜੋਗ ਤੇ ਵਿਜੋਗ ਦੀ ਖੇਲ੍ਹ ਹੋ ਰਹੀ ਹੈ। ਆਪਣੇ ਕਿਉ ਜਾਣਦਾ ਹੈਂ ਪ੍ਰਮੇਸ਼ਰ ਦੇ ਨੇ। ਉਹ ਤਾਂ ਵਾਹਿਗੁਰੂ ਜੀ ਨੇ ਕਰਮਾਂ ਨੂੰ ਭੁਗਤਾਨ ਵਾਸਤੇ ਇਕੱਠਾ ਕਰਿਆ ਹੈ ਤੁਹਾਨੂੰ।

ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ ॥
ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ ॥
ਅੰਗ - ੬੩

ਕਦੇ ਖੁਸ਼ ਹੁੰਦਾ ਹੈ, ਕਦੇ ਗਮੀ 'ਚ ਆਉਂਦਾ ਹੈ। ਕਦੇ ਖੇੜੇ 'ਚ ਆਉਂਦਾ ਹੈ ਦੇਖ-ਦੇਖ ਕੇ।

ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥
ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥
ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥
ਅੰਗ - ੬੩

ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥
ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥
ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥
ਅੰਗ - ੬੩

ਜਿਵੇਂ ਆਹ ਸਰਕੜੇ ਨੂੰ ਅੱਗ ਲਗ ਜਾਵੇ, ਕਹਿੰਦੇ ਇਸ ਤਰ੍ਹਾਂ ਰਹਿੰਦਾ ਹੈ ਇਹ ਨਾਮ ਨੂੰ ਵਿਸਾਰ ਕੇ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਉਪਦੇਸ਼ ਦਿੰਦੇ ਸਾਨੂੰ ਫੁਰਮਾਉਂਦੇ ਨੇ ਕਿ ਪ੍ਰੇਮੀਆਂ! ਤੂੰ ਆਇਆ ਤਾਂ ਸੀ ਲਾਹਾ ਲੈਣ ਵਾਸਤੇ -

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥
ਅੰਗ - ੪੩

ਤੇਰੀ ਤਾਂ ਉਮਰ ਮੁਕਦੀ ਜਾਂਦੀ ਹੈ ਤੇ ਤੂੰ ਆਪਣਾ ਜਨਮ ਗਵਾ ਲਿਆ।

ਜਿਨੀ ਐਸਾ ਹਰਿ ਨਾਮੁ ਨ ਚੇਤਿਓ
ਸੇ ਕਾਹੇ ਜਗਿ ਆਏ ਰਾਮ ਰਾਜੇ ॥
ਇਹੁ ਮਾਣਸ ਜਨਮੁ ਦੁਲੰਭੁ ਹੈ
ਨਾਮ ਬਿਨਾ ਬਿਰਥਾ ਸਭੁ ਜਾਏ ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ
ਅਗੈ ਭੁਖਾ ਕਿਆ ਖਾਏ ॥
ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥
ਅੰਗ - ੪੫●

ਕਹਿੰਦੇ ਫੇਰ ਤੂੰ ਜੰਮਦਾ ਮਰਦਾ ਰਹੇਂਗਾ, ਤੂੰ ਅਸਲੀ ਗੱਲ ਜਿਹੜੀ ਤੂੰ ਕਰਨ ਵਾਸਤੇ ਆਇਆ ਸੀ, ਉਹ ਕਰੀ ਨਹੀਂ ਹੈ, ਆਪਣਾ ਜਨਮ ਗਵਾ ਲਿਆ -

ਧਾਰਨਾ - ਪੂਰੇ ਗੁਰਾਂ ਦੀ ਨਾ ਸੇਵਾ ਕੀਤੀ,
ਜਨਮ ਗਵਾ ਲਿਆ ਆਪਣਾ।

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥
ਪੂਰੇ ਗੁਰ ਕੀ ਸੇਵ ਨ ਕੀਨੀ
ਬਿਰਥਾ ਜਨਮੁ ਗਵਾਇਆ ॥ *ਅੰਗ - ੩੨*

ਕਹਿੰਦੇ ਉਹਨੂੰ ਪੁਛੋ, ਭਗਤਹੀਣ ਨੂੰ ਕਿ ਤੂੰ ਕੀ ਕਰਨ ਆਇਆ ਸੀ ਸੰਸਾਰ ਦੇ ਅੰਦਰ। ਕਿਉਂ ਗੁਰੂ ਦੀ ਸੇਵਾ ਪੁਛਦਾ ਹੈ ਬੰਦਾ ਕਿ ਗੁਰੂ ਦੀ ਸੇਵਾ ਮੈਂ ਕਿਉਂ ਕਰਦਾ ਹਾਂ? ਕੁਛ ਦੇਣਾ ਸੀ ਪੂਰੇ ਗੁਰੂ ਨੇ? ਮਹਾਰਾਜ ਕਹਿੰਦੇ, ਤੇਰੇ ਸਾਰੇ ਦੁੱਖਾਂ ਦਾ ਖਾਤਮਾ ਕਰ ਦੇਣਾ ਸੀ -

ਧਾਰਨਾ - ਸਤਿਗੁਰ ਮੇਲਦਾ ਧੁਰਾਂ ਦੇ ਵਿਛੜੇ ਜੀਵ ਨੂੰ,
ਦੇ ਕੇ ਰਸ ਸੱਚੇ ਨਾਮ ਦਾ।

ਕਹਿੰਦੇ, ਪ੍ਰੇਮੀਆਂ! ਗੁਰੂ ਦੀ ਸੇਵਾ ਕਰਨ ਦਾ ਲਾਭ ਇਹ ਸੀ ਕਿ ਉਹ ਤੈਨੂੰ ਪ੍ਰਮੇਸ਼ਰ ਦੇ ਨਾਲ ਮਿਲਾ ਕੇ ਤੇਰਾ ਜਿਹੜਾ

ਜਨਮਾਂ-ਜਨਮਾਂ ਦਾ ਦੁੱਖ ਸੀ, ਉਹਨੂੰ ਉਹਨੇ ਦੂਰ ਕਰ ਦੇਣਾ ਸੀ ਤੈਨੂੰ ਪਤਾ ਨਹੀਂ ਹੈ -

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ - ੧੭੬

ਤੂੰ ਤਾਂ ਕੁੱਤਾ ਬਿੱਲਾ ਬਣਦਾ ਤੁਰਿਆ ਆ ਰਿਹਾ ਸੀ। ਕਦੇ ਸੱਪ ਬਣ ਗਿਆ, ਕਦੇ ਗਿੱਦੜ ਬਣ ਗਿਆ, ਕਦੇ ਚੂਹਾ ਬਣ ਗਿਆ। ਕਹਿੰਦੇ, ਸਤਿਗੁਰੂ ਦੀ ਸੇਵਾ ਕਰਨ ਦਾ ਇਹ ਫਾਇਦਾ ਹੋਣਾ ਸੀ ਕਿ ਤੈਨੂੰ ਇਸ ਤੋਂ ਛੁਡਾ ਕੇ ਪ੍ਰਮੇਸ਼ਰ ਦੇ ਦਰ 'ਤੇ ਪੁਚਾ ਕੇ ਸਦਾ ਵਾਸਤੇ ਸੁਖੀ ਕਰ ਦੇਣਾ ਸੀ-

ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ ॥
ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥
ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ ॥
ਅੰਗ - ੬●

ਇਸ ਤਰ੍ਹਾਂ ਦੇ ਨਾਲ ਜੋ ਪੂਰਾ ਸਤਿਗੁਰੂ ਹੁੰਦਾ ਹੈ, ਉਹਦੀ ਸ਼ਰਨ ਵਿਚ ਆ ਕੇ ਸਭ ਕੁਛ ਮਿਲ ਜਾਂਦਾ ਹੈ, ਜੋ ਚਾਹੋ। ਕੁਛ ਲੈ ਲਓ ਗੁਰੂ ਤੋਂ। ਪਰ ਇਹ ਹੈ ਕਿ ਸਾਡੇ ਅੰਦਰ ਭਾਵਨਾ ਨਹੀਂ ਆਉਂਦੀ ਤੇ ਸਾਡੇ ਅੰਦਰ ਵਿਸ਼ਵਾਸ਼ ਨਹੀਂ ਆਉਂਦਾ ਕਿ ਗੁਰੂ ਦੇ ਦੇਏਗਾ। ਦੌੜੇ ਫਿਰਦੇ ਹਾਂ ਅਸੀਂ, ਕਦੇ ਓਥੇ ਮੱਥਾ ਟੇਕ ਦਿੱਤਾ, ਕਦੇ ਹੋਰ ਕਿਤੇ ਚੜ੍ਹਾਵਾ ਚਾੜ੍ਹ ਦਿੱਤਾ, ਕਦੇ ਓਧਰ ਚਲੇ ਗਏ, ਡਾਵਾਂਡੋਲ ਹੋਏ ਫਿਰਦੇ। ਸਾਰੇ ਹੀ ਫਲ ਮਿਲਦੇ ਨੇ ਗੁਰੂ ਦੀ ਸ਼ਰਨ ਵਿਚ ਆ ਕੇ। ਕੋਈ ਚੀਜ਼ ਨਹੀਂ ਜਿਹੜੀ ਨਾ ਗੁਰੂ ਤੋਂ ਮਿਲੇ। ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਸਾਰੇ ਫਲ ਮਿਲਦੇ ਨੇ,
ਸਤਿਗੁਰ ਦੀ ਕਰਕੇ ਸੇਵਾ।

ਗੁਰੂ ਦੀ ਸੇਵਾ 'ਚ ਕੋਈ ਫਲ ਮੰਗ ਲਓ, ਸਾਰੇ ਮਿਲ ਜਾਂਦੇ ਨੇ। ਕਿਸੇ ਫਲ ਦੀ ਇੱਛਿਆ ਕਰ ਲਓ।

ਤੀਰਥ ਕੀਏ ਏਕ ਫਲ।

ਗੰਗਾ ਨਾਹੁੰਣ ਚਲੇ ਜਾਓ। ਗੋਦਾਵਰੀ ਨਾਹੁੰਣ ਚਲੇ ਜਾਓ। ਕੇਦਾਰਨਾਥ ਚਲੇ ਜਾਓ, ਬਦਰੀਨਾਥ ਦੀ ਯਾਤਰਾ ਕਰ ਲਓ; ਕੀ ਮਿਲੇਗਾ, ਇੱਕ ਫਲ ਮਿਲੇਗਾ ਸਿਰਫ। ਖੇਚਲ ਕਿੰਨੀ ਹੋਏਗੀ, ਕਿੰਨਾ ਸਮਾਂ, ਕਿੰਨੇ ਪੈਸੇ ਜ਼ਾਇਆ ਕਰੇ, ਰਾਹ 'ਚ ਬੀਮਾਰ ਹੋ ਜਾਏ ਤਾਂ ਔਖਾ। ਲੁੱਟ ਲਵੇ, ਕੋਈ ਠੱਗੀ ਕਰ ਲਵੇ ਤਾਂ ਔਖਾ। ਕਹਿੰਦੇ ਇਕ ਫਲ ਮਿਲਦਾ ਹੈ ਉਥੋਂ -

ਸੰਤ ਮਿਲੇ ਫਲ ਚਾਰ।

ਸੰਤਾਂ ਦੇ ਮਿਲਣ ਨਾਲ ਚਾਰ ਫਲ ਮਿਲਦੇ ਨੇ। ਧਰਮ, ਅਰਥ, ਕਾਮ, ਮੋਖ; -

ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬
ਗੁਰੂ ਮਿਲੇ ਫਲ ਅਨੇਕ ਹੈਂ, ਕਹਤ ਕਬੀਰ ਵਿਚਾਰ।

ਜੇ ਗੁਰੂ ਦੀ ਸੇਵਾ ਕਰ ਲਓ, ਫਲਾਂ ਦੀ ਗਿਣਤੀ ਮਿਣਤੀ ਤੋਂ ਰਹਿ ਜਾਂਦਾ ਹੈ। ਸੰਤਾਂ ਦੀ ਸੇਵਾ ਕਰ ਲਓ, ਚਾਰ ਫਲ ਮਿਲ ਜਾਂਦੇ ਨੇ। ਸੇਵਾ ਕੀ ਹੁੰਦੀ ਹੈ; ਕਹਿੰਦੇ ਨੇ ਕਿ ਗੁਰੂ ਦੀ ਸੇਵਾ ਕਿਵੇਂ ਕਰੀਏ? ਮਹਾਰਾਜ ਕਹਿੰਦੇ -

ਆਗਿਆ ਸਮ ਨਹੀ ਸਾਹਿਬ ਸੇਵਾ।

ਆਗਿਆ ਮੰਨਣੀ ਵੱਡੀ ਸੇਵਾ ਹੈ। ਅਨੇਕ ਸੇਵਾ ਨੇ, ਸੇਵਾਵਾਂ ਦਾ ਕੋਈ ਘਾਟਾ ਹੈ; ਗੁਰੂ ਘਰ 'ਚ ਤਾਂ ਬੇਅੰਤ ਹੀ ਸੇਵਾ ਹੈ। ਉਹ ਸੇਵਾ ਜਦੋਂ ਆਦਮੀ ਸੇਵਕ ਬਣ ਕੇ ਕਰਦਾ ਹੈ ਨਾ, ਦੋ ਤਰ੍ਹਾਂ ਹੁੰਦਾ ਹੈ, ਇੱਕ ਤਾਂ ਐਵੇਂ ਹੀ ਹੈ, ਵਕਤ ਟਪਾਊ, ਕਿਸੇ ਨੇ ਕਹਿ ਦਿਤਾ ਮਨ 'ਚ ਆ ਗਿਆ ਕਿ ਮੈਨੂੰ ਵੀ ਸੇਵਾ ਨੂੰ ਕਹਿੰਦੇ ਨੇ ਇਹ। ਮੈਂ ਤਾਂ ਆਰਾਮ ਨਾਲ ਰਹਿਣਾ ਚਾਹੁੰਦਾ ਸੀ। ਉਹ ਹੈ ਜਿਹੜਾ ਕਹਿਣ 'ਤੇ ਦੌੜਿਆ ਹੀ ਜਾਵੇ, ਹਉਮੈ ਰਹਿਤ ਹੋ ਕੇ ਲਗਨ ਦੇ ਨਾਲ ਸੇਵਾ ਕਰੇ। ਇੱਥੇ ਅਸੀਂ ਦੇਖਿਆ ਹੈ ਦੋ ਕਿਸਮ ਦੇ ਬੰਦੇ ਆਉਂਦੇ ਨੇ। ਇੱਕ ਤਾਂ ਉਹ ਆਉਂਦੇ ਨੇ ਜਿਨ੍ਹਾਂ ਨੂੰ ਸਾਨੂੰ ਕਹਿਣਾ ਪੈਂਦਾ ਹੈ ਕਿ ਭਾਈ! ਤੂੰ ਫਲਾਣੀ ਸੇਵਾ ਕਰ ਲੈ, ਉਹ ਤਾਂ ਰਾਜ਼ੀ ਖੁਸ਼ੀ ਹੁੰਦੇ ਨੇ ਘੱਟ ਪਰ ਹਾਲਾਂ ਤਕ ਤਾਂ ਮਹਾਰਾਜ ਕ੍ਰਿਪਾ ਕਰੀ ਗਏ ਨੇ। ਇੱਕ ਉਹ ਨੇ ਜਦੋਂ ਅਸੀਂ ਆਉਂਦੇ ਹਾਂ, ਦੇਖਦੇ ਹਾਂ ਬਗੈਰ ਕਹੇ ਹੀ ਕੋਈ ਕਿਤੇ ਸੇਵਾ ਕਰ ਰਿਹਾ ਹੈ, ਕੋਈ ਕਿਤੇ, ਸੇਵਾ ਦਾ ਕੋਈ ਘਾਟਾ ਹੁੰਦਾ ਹੈ। ਇਹ ਗੁਰੂ ਦੀ ਸੇਵਾ ਹੈ ਸਾਰੀ। ਉਹ ਰਾਜ਼ੀ ਹੋ ਜਾਂਦੇ ਨੇ ਫਲ ਮਿਲ ਜਾਂਦੇ ਨੇ ਉਨ੍ਹਾਂ ਨੂੰ। ਗੁਰੂ ਸਾਹਿਬ ਜਾਨਣ ਉਹ ਜਾਨਣ ਅਸੀਂ ਤਾਂ ਜਿਵੇਂ ਚੌਂਕ ਦਾ ਸਿਪਾਹੀ ਖੜ੍ਹਾ ਹੁੰਦਾ ਹੈ ਨਾ, ਉਹ ਦਸ ਦਿੰਦਾ ਹੈ ਏਧਰ ਨੂੰ ਰਸਤਾ ਜਾਂਦਾ ਹੈ।

ਮੈਂ ਤਾਂ ਦਸ ਦਿੰਦਾ ਹਾਂ ਕਿ ਸੇਵਾ ਕਰ ਲੈ ਭਾਈ, ਨਾਮ ਜਪ ਲੈ, ਤੇਰਾ ਕੰਮ ਬਣ ਜਾਏਗਾ, ਕਿਉਂਕਿ ਸਾਨੂੰ ਵਿਸ਼ਵਾਸ਼ ਹੈ ਕਿ ਗੁਰੂ ਘਰ ਤੋਂ ਕੋਈ ਖਾਲੀ ਨਹੀਂ ਜਾਇਆ ਕਰਦਾ। ਬਾਕੀ ਹੈ ਗੁਰੂ ਦੀ ਮਰਜ਼ੀ ਜੇ ਉਹਨੇ ਨਹੀਂ ਦੇਣਾ, ਕੋਈ ਉਹਦੇ ਵਿਚ ਭੇਦ ਹੁੰਦਾ ਹੈ। ਉਹ ਨਹੀਂ ਦੇਣਾ ਚਾਹੁੰਦਾ। ਇੱਕ ਵਾਰੀ ਗੁਰੂ ਨਾਨਕ ਸਾਹਿਬ ਦੇ ਪਿਛੇ ਇੱਕ ਜੋੜਾ ਇੱਕ ਮਾਈ 'ਤੇ ਭਾਈ ਦੋਵੇਂ ਬਹੁਤ ਹੀ ਅਰਜ਼ਾਂ-ਅਰਦਾਸਾਂ ਕਰੀ ਜਾਇਆ ਕਰਨ। ਮਹਾਰਾਜ! ਸਾਨੂੰ ਪੁੱਤਰ ਦੀ ਦਾਤ ਦਿਓ, ਹਰ ਵਕਤ ਆਹੀ ਗੱਲ ਰੱਖਣੀ। ਕਾਫੀ ਸਮਾਂ ਲੰਘ ਗਿਆ, ਮਹਾਰਾਜ ਚੁੱਪ ਕਰ ਜਾਇਆ ਕਰਨ ਕਿ ਇਨ੍ਹਾਂ ਨੂੰ ਪਤਾ ਨਹੀਂ ਹੈ। ਅਖੀਰ ਜਦੋਂ ਖਹਿੜਾ ਹੀ ਨਾ ਛੱਡਿਆ ਮਹਾਰਾਜ ਕਹਿੰਦੇ, ਪੁੱਤਰ ਤਾਂ ਤੁਹਾਨੂੰ ਦੇ ਦੇਵਾਂਗੇ ਤੁਸੀਂ ਹੋਂ ਸੇਵਾ ਕਰਨ ਵਾਲੇ, ਗੁਰੂ ਦਾ ਫਰਜ਼ ਹੁੰਦਾ ਹੈ ਕਿ ਪ੍ਰਤਿਪਾਲਣਾ ਕਰਨੀ, ਤੁਹਾਡੀ ਰਾਖੀ ਕਰਨੀ। ਸੋ ਤੁਸੀਂ ਐਸ ਤਰ੍ਹਾਂ ਕਰਿਓ, ਜਿਹੜਾ ਪਹਿਲਾ ਪੁੱਤਰ ਹੋਏਗਾ, ਸਾਡੇ ਕੋਲ ਲਿਆਉਣਾ। ਪੁੱਤਰ ਲੈ ਆਏ, ਮਹਾਰਾਜ ਜੀ ਦੇ ਕੋਲ ਲਿਆ ਕੇ ਜਦੋਂ ਚਰਨਾਂ 'ਤੇ ਰੱਖਿਆ, ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਦੋ ਗਜ਼ ਖੱਦਰ ਲਿਆਓ ਭਾਈ, ਦੋ ਗਜ਼ ਖੱਦਰ ਲਿਆਏ, ਕਹਿੰਦੇ ਜਾ ਹੁਣ ਤੂੰ, ਇਹਨੂੰ ਜੰਗਲ 'ਚ ਦਰਖਤ ਥੱਲੇ ਰੱਖ ਆਓ। ਬਚਨ ਮੰਨਦੇ ਸੀ ਜਾ ਕੇ ਦਰਖਤ ਥੱਲੇ ਰੱਖ ਆਏ। ਕਹਿੰਦੇ ਹੋਰ ਹੋ ਜਾਏਗਾ, ਉਹਨੂੰ ਵੀ ਸਾਡੇ ਕੋਲ ਲਿਆਉਣਾ। ਦੂਜਾ ਲਿਆਂਦਾ, ਉਹ ਵੀ ਮਹਾਰਾਜ ਨੇ ਰਖਾ ਦਿੱਤਾ। ਤੀਸਰਾ ਲਿਆਂਦਾ ਉਹ ਵੀ ਰਖਾ ਦਿਤਾ, ਮਾਈ ਜਿਹੜੀ ਸੀ ਉਹ ਬਹੁਤ ਮਾੜੀ ਹੋ ਗਈ। ਉਨ੍ਹਾਂ ਨੂੰ ਦਿਨ ਰਾਤ ਯਾਦ ਕਰੀ ਜਾਂਦੀ ਹੈ। ਕਹਿੰਦੀ ਹੈ ਤਾਂ ਸਾਡੀ ਸਿੱਖੀ, ਜਵਾਬ

ਨਹੀਂ ਅਸੀਂ ਦੇ ਸਕਦੇ, ਮੇਰੇ ਬੱਚੇ ਐਡੇ-ਐਡੇ ਹੋਣੇ ਸੀ, ਇਹਦੇ ਵਰਗਾ ਪਹਿਲਾ ਸੀ, ਇਹਦੇ ਵਰਗਾ ਦੂਜਾ, ਇਹਦੇ ਵਰਗਾ ਤੀਜਾ, ਹਉਕੇ ਲਈ ਜਾਂਦੇ ਸੀ। ਕਹਿੰਦੀ ਮਹਾਰਾਜ ਨੇ ਪਤਾ ਨਹੀਂ ਕੀ ਕਰਿਆ, ਉਥੇ ਜੰਗਲ 'ਚ ਰਖਾ ਦਿੰਦੇ ਨੇ, ਪਤਾ ਨਹੀਂ ਕੌਣ ਖਾ ਜਾਂਦਾ ਹੈ ਉਨ੍ਹਾਂ ਨੂੰ, ਕਿੱਥੇ ਰੁਲ਼ਦੇ ਦੇ, ਅਖੀਰ ਚੌਥਾ ਪੁੱਤਰ ਹੋਇਆ, ਕਹਿੰਦੇ ਲੈ ਹੁਣ ਬੀਬੀ! ਇਹਨੂੰ ਪਾਲ ਲਓ ਤੁਸੀਂ। ਤਕੜੇ ਹਿੰਮਤ ਵਾਲੇ ਸੀ। ਨਹੀਂ ਤਾਂ ਡੋਲ ਜਾਂਦੇ। ਉਸ ਪੁੱਤਰ ਨੂੰ ਤਾਂ ਪਾਲੀ ਜਾਂਦੇ ਨੇ ਪਰ ਪਹਿਲੇ ਤਿੰਨ ਨਹੀਂ ਭੁੱਲਦੇ। ਮਹਾਰਾਜ ਕਹਿੰਦੇ ਕਿ ਕੀ ਗੱਲ ਬੀਬੀ! ਤੂੰ ਉਦਾਸ ਰਹਿੰਦੀ ਹੈਂ? ਕਹਿਣ ਲੱਗੀ ਕਿ ਮਹਾਰਾਜ! ਮੇਰੇ ਪਹਿਲੇ ਤਿੰਨ ਪੁਤਰ ਭੁੱਲਦੇ ਨਹੀਂ ਹੈਗੇ। ਕਹਿੰਦੇ ਮਿਲਣਾ ਹੈ ਤੂੰ? ਕਹਿੰਦੀ ਮਿਲਣਾ ਹੈ ਤਾਂ, ਠੀਕ ਹੈ। ਕਹਿੰਦੇ ਐਸ ਤਰ੍ਹਾਂ ਕਰਿਓ ਦੋਵੇਂ ਜਣੇ ਅੱਧੀ ਰਾਤ ਜਿੱਥੇ ਉਨ੍ਹਾਂ ਨੂੰ ਰੱਖ ਕੇ ਆਉਂਦੇ ਸੀ, ਉਸ ਦਰਖਤ ਥੱਲੇ ਬਹਿ ਜਾਣਾ, ਉਹ ਤੁਹਾਨੂੰ ਮਿਲਣ ਆਂਉਣਗੇ। ਸਤਿਨਾਮ ਵਾਹਿਗੁਰੂ ਦਾ ਜਾਪ ਕਰੀ ਜਾਣਾ। ਇਹ ਨਾ ਛੱਡਿਓ, ਜਦੋਂ ਅੱਧੀ ਰਾਤ ਹੋਈ, ਖੜਕਾ ਹੋਇਆ ਦਰਖਤ 'ਤੇ। ਕਹਿਣ ਲੱਗੇ, ਮਿਲਣ ਆਏ ਨੇ। ਉਤੋਂ ਆਵਾਜ਼ ਆਉਂਦੀ ਹੈ ਕਹਿੰਦੇ ਆਹ ਪਤਾ ਕੌਣ ਬੈਠੇ ਨੇ, ਬੱਚੇ ਬੋਲਦੇ ਨੇ ਕਿ ਆਹ ਆਪਣੇ ਦੁਸ਼ਮਣ ਬੈਠੇ ਨੇ। ਪਹਿਲਾ ਬੋਲਿਆ ਕਿ ਮੈਂ ਇਨ੍ਹਾਂ ਨੂੰ ਬਹੁਤ ਦੁਖੀ ਕਰਨਾ ਸੀ, ਗੁਰੂ ਨਾਨਕ ਸਾਹਿਬ ਨੇ ਦੋ ਗਜ਼ ਕੱਪੜਾ ਦੇ ਕੇ ਸਾਰ ਦਿੱਤਾ। ਮੈਂ ਤਾਂ ਬੜਾ ਕਰਜ਼ਾ ਲੈਣਾ ਸੀ। ਜਾਇਦਾਦ ਇਨ੍ਹਾਂ ਦੀ ਖਤਮ ਕਰ ਦੇਣੀ ਸੀ ਸਾਰੀ। ਦੂਜਾ ਕਹਿੰਦਾ ਤੂੰ ਕੀ ਕਰਨਾ ਸੀ, ਮੈਂ ਤਾਂ ਨਾਲੇ ਰੁਵਾਉਣੇ ਸੀਗੇ, ਨਾਲੇ ਜਾਇਦਾਦ ਖਤਮ ਕਰ ਦੇਣੀ ਸੀ। ਮੈਨੂੰ ਗੁਰੂ ਨਾਨਕ ਸਾਹਿਬ ਨੇ ਚਾਰ ਗਜ਼ ਕਪੜਾ ਦੇ ਕੇ ਸਾਰ ਦਿੱਤਾ। ਤੀਜਾ ਕਹਿੰਦਾ ਤੁਸੀਂ ਤਾਂ ਸੋਚ ਵੀ ਨਹੀਂ ਸਕਦੇ, ਮੈਂ ਤਾਂ ਇਨ੍ਹਾਂ ਦੇ ਗੋਡੇ ਲਵਾ ਦੇਣੇ ਸੀ, ਰੋਂਦੇ ਫਿਰਦੇ ਨੇ, ਯਾਦ ਕਰਦੇ। ਕਹਿੰਦਾ ਅੱਠ ਗਜ਼ ਕੱਪੜਾ ਦੇ ਕੇ ਮਹਾਰਾਜ ਨੇ ਸਾਰ ਦਿਤਾ। ਕਹਿੰਦਾ, ਦੁਸ਼ਮਣ ਬੈਠੇ ਨੇ ਸਾਡੇ। ਸਾਨੂੰ ਮਿਲਣ ਆਏ ਨੇ। ਮਿਲੀਏ ਇਨ੍ਹਾਂ ਨੂੰ। ਉਹ ਸਤਿਨਾਮ ਵਾਹਿਗੁਰੂ ਕਰਦੇ ਨੇ, ਕਹਿੰਦੇ ਜਾਪ ਕਰੀ ਜਾਂਦੇ ਨੇ, ਜ਼ੋਰ ਨਹੀਂ ਚਲਦਾ ਸਾਡਾ, ਉਠ ਕੇ ਮਾਈ ਤਾਂ ਨੱਠ ਲਈ, ਕਹਿੰਦੀ ਚੱਲੀਏ ਆਪਾਂ ਛੇਤੀ। ਦੂਜੇ ਦਿਨ ਮਹਾਰਾਜ ਕੋਲ ਆ ਗਏ, ਮਹਾਰਾਜ ਕਹਿੰਦੇ, ਮਿਲ ਆਈ ਮਾਈ ਪੁੱਤਾਂ ਨੂੰ, ਕੰਨਾਂ ਨੂੰ ਹੱਥ ਲਾਂਦੀ ਹੈ, ਕਹਿੰਦੀ ਮਹਾਰਾਜ ਤੁਸੀਂ! ਬਚਾ ਲਿਆ। ਕਹਿੰਦੇ, ਕੀ ਕਰਨੇ ਸੀ ਐਹੋ ਜਿਹੇ ਪੁੱਤਰ। ਦੁੱਖ ਦਿੰਦੇ ਤੈਨੂੰ, ਤੂੰ ਸੇਵਾ ਕਰਦੀ ਸੀ, ਅਸੀਂ ਤੈਨੂੰ ਬਚਾਉਂਦੇ ਸੀ ਕਿ ਤੂੰ ਲੈਣਾ ਕੀ ਹੈ ਇਨ੍ਹਾਂ ਗੱਲਾਂ ਤੋਂ। ਪਰ ਤੂੰ ਹਿੰਡ ਪਈ ਰਹੀ। ਸੋ ਇਹ ਚੀਜ਼ਾਂ 'ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਬਿਚਾਰ।' ਚਾਰ ਪਦਾਰਥ ਸੰਤਾਂ ਤੋਂ ਮਿਲਦੇ ਨੇ, ਜਿਹੜੇ ਸਾਧੂ ਨੇ ਅਸਲੀ ਸਾਧਸੰਗਤ ਜੀ! ਉਹਦੇ ਵਿਚ ਤੇ ਪਰਮੇਸ਼ਰ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

ਧਾਰਨਾ - ਸਾਂਈ ਹੀ ਵਰਗੇ ਨੇ,
ਵਿਸਰੇ ਨਾ ਨਾਮ ਜਿਨ੍ਹਾਂ ਨੂੰ।
ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥

ਅੰਗ - ੩੯੭

ਜਬ ਇਸ ਤੇ ਸਭ ਬਿਨਸੇ ਭਰਮਾ ॥
ਭੇਦੁ ਨਾਹੀ ਹੈ ਪਾਰਬ੍ਰਹਮਾ ॥ ੪ ॥
ਜਬ ਇਨਿ ਕਿਛੁ ਕਰਿ ਮਾਨੇ ਭੇਦਾ ॥
ਤਬ ਤੇ ਦੂਖ ਡੰਡ ਅਰੁ ਖੇਦਾ ॥
ਜਬ ਇਨਿ ਏਕੋ ਏਕੀ ਬੂਝਿਆ ॥
ਤਬ ਤੇ ਇਸ ਨੋ ਸਭੁ ਕਿਛੁ ਸੂਝਿਆ ॥ ੫ ॥
ਜਬ ਇਹੁ ਧਾਵੈ ਮਾਇਆ ਅਰਥੀ ॥
ਨਹ ਤ੍ਰਿਪਤਾਵੈ ਨਹ ਤਿਸ ਲਾਥੀ ॥
ਜਬ ਇਸ ਤੇ ਇਹੁ ਹੋਇਓ ਜਉਲਾ ॥
ਪੀਛੈ ਲਾਗਿ ਚਲੀ ਉਠਿ ਕਉਲਾ ॥

ਅੰਗ - ੨੩੫

ਮਹਾਰਾਜ ਕਹਿੰਦੇ ਜਦੋਂ ਪੰਜੇ ਭਰਮ ਖਤਮ ਕਰ ਦਿੱਤੇ, ਫੇਰ ਕਹਿੰਦੇ ਰੱਬ ਤੇ ਉਹਦਾ ਭੇਦ ਨਹੀਂ ਰਹਿ ਜਾਂਦਾ। ਜਦੋਂ ਭੇਦ ਮੰਨਦਾ ਹੈ, ਫੇਰ ਖੇਦ ਵੀ ਹੈ, ਦੁੱਖ ਵੀ ਨੇ ਤੇ ਡੰਨ ਵੀ ਮਿਲਦਾ ਹੈ ਤੇ ਪਰੇਸ਼ਾਨੀਆਂ ਵੀ ਨੇ। ਜਦੋਂ ਇੱਕੋ ਇਕ ਪ੍ਰਮੇਸ਼ਰ ਸਾਰੇ ਪਛਾਣ ਲਿਆ, ਕਹਿੰਦੇ ਸਭ ਕੁਛ ਸੁੱਝ ਗਿਆ। ਜਦੋਂ ਇਹ ਜੀਵ ਮਾਇਆ ਦੇ ਮਗਰ ਦੌੜਦਾ ਹੈ, ਫੇਰ ਰੱਜਦਾ ਨਹੀਂ। ਨਾ ਤ੍ਰਿਸ਼ਨਾ ਲਹਿੰਦੀ ਹੈ, ਜਦੋਂ ਪਿੱਠ ਕਰ ਲਈ ਮਾਇਆ ਵਲ ਨੂੰ, ਮਾਇਆ ਦੌੜੀ ਤੁਰੀ ਆਉਂਦੀ ਹੈ। ਸੋ ਪ੍ਰਮੇਸ਼ਰ ਦਾ ਭੇਦ ਨਹੀਂ ਹੋਇਆ ਕਰਦਾ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਆਪ ਆਪ ਹੋਤੀ ਮਰਦਾਨ ਦੇ ਅੰਦਰ ਬੇਅੰਤ ਸੰਗਤਾਂ ਨੂੰ ਹਰੀ ਦਾ ਉਪਦੇਸ਼ ਦੇ ਕੇ, ਨਾਮ ਦਾ ਉਪਦੇਸ਼ ਦੇ ਕੇ, ਬ੍ਰਹਮ ਗਿਆਨ ਤੱਕ ਪਹੁੰਚਾ ਰਹੇ ਨੇ। ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਜੀਵਨ ਵਿਚ ਇਹ ਬੜੀ ਭਾਰੀ ਬਾਤ ਹੈ ਕਿ ਉਨ੍ਹਾਂ ਤੋਂ ਇਕ ਸੌ ਇਕ ਬ੍ਰਹਮਗਿਆਨੀ ਪੂਰਾ ਹੋਇਆ। ਜਿੰਨੀਆਂ ਪੰਜਾਬ ਦੇ ਵਿਚ ਸੰਪਰਦਾਵਾਂ ਨੇ ਵੱਡੀਆਂ, ਬੇਅੰਤ ਮਹਾਤਮਾ ਹੋਤੀ ਮਰਦਾਨ ਨਾਲ ਸਬੰਧ ਰਖਦੇ ਨੇ। ਓਸ ਵੇਲੇ ਉਨ੍ਹਾਂ ਦੇ ਸਮਕਾਲੀ, ਬੇਅੰਤ ਮਹਾਤਮਾ ਹੋਰ ਹੋਏ ਨੇ ਤੇ ਉਨ੍ਹਾਂ ਦੇ ਪਾਸ ਪ੍ਰੇਮੀ ਆਏ ਦੋ, ਬਾਬਾ ਖੇਮ ਸਿੰਘ ਜੀ, ਬਾਬਾ ਸਾਹਿਬ ਸਿੰਘ ਜੀ ਦੇ ਪੜੋਤੇ ਸੀਗੇ ਤੇ ਉਨ੍ਹਾਂ ਦੇ ਦਾਦਾ ਜੀ ਬਿਕ੍ਰਮ ਸਿੰਘ ਜੀ ਤੇ ਉਨ੍ਹਾਂ ਦੇ ਪੋਤੇ ਸੀਗੇ, ਪੜਪੋਤੇ ਬਾਬਾ ਸਾਹਿਬ ਸਿੰਘ ਜੀ ਦੇ ਆਪ ਪੂਰੀ ਕਰਨੀ ਕਮਾਈ ਵਾਲੇ ਸੀ, ਆਪ ਨੇ ਬਾਬਾ ਬੀਰ ਸਿੰਘ ਜੀ ਤੋਂ ਅੰਮ੍ਰਿਤ ਪਾਨ ਕੀਤਾ। ਬਾਬਾ ਬੀਰ ਸਿੰਘ ਜੀ ਨੇ ਜਿੱਥੇ ਹੋਰ ਬਾਣੀਆਂ ਦੱਸੀਆਂ, ਉਥੇ ਨਾਲ ਇਹ ਪ੍ਰਣ ਲਿਆ ਕਿ 25 ਪਾਠ ਜਪੁਜੀ ਸਾਹਿਬ ਦੇ ਤੁਸੀਂ ਰੋਜ਼ ਨਿਤਨੇਮ ਕਰਨਾ ਹੈ। ਸੋ ਆਪ ਸਵਾ ਪਹਿਰ ਰਾਤ ਰਹਿੰਦੀ ਉਠਦੇ ਹੁੰਦੇ। ਪਹਿਲਾਂ ਆਸਣ 'ਤੇ ਬੈਠ ਕੇ ੨੫ ਪਾਠ ਕਰਨੇ। ਫੇਰ ਸਿਮਰਨ ਕਰਨਾ, ਨਾਮ ਜਪਣਾ, ਫੇਰ ਬਾਣੀਆਂ ਦੇ ਪਾਠ, ਨਿਤਨੇਮ ਦੇ ਕਰਨੇ ਉਸ ਤੋਂ ਪਿਛੋਂ ਫੇਰ ਕੀਰਤਨ 'ਚ ਆਇਆ ਕਰਦੇ ਸੀ। ਇਹ ਉਨ੍ਹਾਂ ਦਾ ਸਾਰੀ ਦਾ ਜ਼ਿੰਦਗੀ ਦਾ ਨਿਤਨੇਮ ਸੀ। ਕਰਨੀ ਕਮਾਈ ਵਾਲੇ ਸੀ। ਇੱਕ ਵਾਰੀ ਬਜ਼ਾਰ 'ਚ ਜਾਂਦੇ ਸੀ ਰਾਵਲਪਿੰਡੀ ਤੇ ਅੱਗੇ ਅੰਗਰੇਜ਼ ਨੇ ਆ ਕੇ ਅਜੇ ਨਵਾਂ-ਨਵਾਂ ਰਾਜ ਕਰਿਆ ਸੀ। ਉਨ੍ਹਾਂ ਨੂੰ ਇਹ ਪਤਾ ਸੀ ਕਿ ਬਾਬਾ ਖੇਮ ਸਿੰਘ ਜੀ ਦੀ ਬੜੀ ਮਾਨਤਾ ਹੈ, ਉਸੇ ਵੇਲੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਜਦ ਕਿ ਹੋਏ ਨੇ, ਤਪਸਿਆ ਕਰਦੇ ਹੁੰਦੇ ਸੀ ਉਥੇ, ਉਨ੍ਹਾ ਦੇ ਜੋ ਲੜਕੇ ਸੀ, ਦੋ ਲੜਕੀਆਂ ਸੀ ਉਨ੍ਹਾਂ ਦੇ ਤੇ

ਇੱਕ ਲੜਕੀ ਅਨੰਦਪੁਰ ਸਾਹਿਬ ਸੋਢੀਆਂ ਦੇ ਵਿਆਹੀ ਹੋਈ ਸੀ। ਇਹ ਜਦੋਂ ਬਾਬਾ ਜੀ ਜਾਂਦੇ ਸੀ ਮੂਹਰਿਓਂ ਅੰਗਰੇਜ਼ ਮਿਲ ਗਿਆ, ਆਫੀਸਰ ਸੀ ਵੱਡਾ ਉਹਨੇ ਦੇਖਿਆ ਕਿ ਬਾਬਾ ਖੇਮ ਸਿੰਘ ਆਉਂਦੇ ਨੇ, ਘੋੜੇ ਤੋਂ ਉਤਰ ਕੇ ਟੋਪੀ ਨਾਲ ਸਲਾਮ ਕਰੀ, ਨਾਲ ਦੀ ਨਾਲ ਕਿਹਾ ਕਿ ਬਾਬਾ ਜੀ, ਆਹ ਮੇਰੀ ਘੋੜੀ ਹੈ ਜਿਹੜੀ ਇਹਦੇ ਕਿਹੜੇ ਰੰਗ ਦਾ ਵਛੇਰਾ ਹੋਏਗਾ। ਨਾਲ ਸ਼ਕਤੀ ਜਾਨਣ ਦਾ ਯਤਨ ਕਰਿਆ, ਬਾਬਾ ਜੀ ਨੇ ਕਿਹਾ, ਲੈਂ ਨਾਲੇ ਰਾਜ ਕਰਦੇ ਨੇ ਸਾਡੇ 'ਤੇ ਨਾਲੇ ਸ਼ਕਤੀਆਂ ਜਾਨਣ ਦਾ ਯਤਨ ਕਰਦੇ ਨੇ। ਖਿਆਲ ਆਇਆ ਕਿ ਜੇ ਹੁਣ ਅਸੀਂ ਗੱਲ ਨਾ ਕਰੀ, ਇਹਦੇ ਮਨ 'ਚ ਆ ਜਾਣਾ ਹੈ ਕਿ ਗੁਰੂ ਨਾਨਕ ਦੇ ਘਰ ਐਵੇਂ ਪਾਖੰਡ ਹੀ ਹੈ, ਕੋਈ ਗੱਲ ਨਹੀਂ ਹੈ। ਉਨ੍ਹਾਂ ਨੇ ਘੋੜੀ ਦੇ ਡੰਡਾ ਮਾਰਿਆ, ਕਹਿੰਦੇ ਲੈ ਬਿੱਲਿਆ! ਆਹ ਡੰਡੇ ਦਾ ਨਿਸ਼ਾਨ ਤਾਂ ਹੋਊ ਘੋੜੀ ਦੇ ਵਛੇਰੇ ਦੇ, ਆਹ ਡੰਡਾ ਦੇਖ ਲੈ ਜਿਥੇ ਲੱਗਿਆ ਹੈ ਉਥੇ ਨਿਸ਼ਾਨ ਹੋਏਗਾ, ਇਹ ਤਾਂ ਅਸੀਂ ਆਪਣੇ ਵਲੋਂ ਕਰਦੇ ਹਾਂ ਤੇ ਪੰਜ ਕਲਿਆਣਾ ਵਛੇਰਾ ਹੋਏਗਾ। ਉਹਨੂੰ ਗੁੱਸਾ ਲੱਗਿਆ ਕਿ ਮੇਰੀ ਬੜੀ ਬੇਇਜ਼ਤੀ ਬੜੀ ਕਰੀ, ਉਹਨੇ ਜਾ ਕੇ ਉਸੇ ਵੇਲੇ ਹਸਪਤਾਲ 'ਚ, ਕਹਿਣ ਲੱਗਿਆ ਆਪਰੇਸ਼ਨ ਕਰੋ ਮੇਰੀ ਘੋੜੀ ਦਾ। ਮੈਂ ਵਛੇਰਾ ਦੇਖਣਾ ਚਾਹੁੰਦਾ ਹਾਂ ਕਿਹੋ ਜਿਹਾ ਹੈ। ਮਨ ਵਿਚ ਸੀ ਕਿ ਜੇ ਇਹ ਗੱਲ ਗਲਤ ਹੋਈ ਤਾਂ ਮੈਂ ਕੇਸ ਕਰ ਦੇਣਾ ਹੈ ਇਨ੍ਹਾਂ 'ਤੇ। ਮੇਰੀ ਨਿਰਾਦਰੀ ਕਰੀ ਹੈ, ਜਦੋਂ ਆਪਰੇਸ਼ਨ ਹੋਇਆ ਤਾਂ ਪੰਜ ਕਲਿਆਣਾ ਵਛੇਰਾ ਤੇ ਉਪਰ ਬਾਬਾ ਜੀ ਦੀ ਸੋਟੀ ਦਾ ਨਿਸ਼ਾਨ। ਡਰ ਗਿਆ ਕਿ ਇਹ ਤਾਂ ਬਹੁਤ ਸ਼ਕਤੀਆਂ ਵਾਲੇ ਤੇ ਇੱਕ ਦਿਨ ਫੇਰ ਮਿਲ ਗਿਆ ਤੇ ਕਹਿਣ ਲੱਗਿਆ ਕਿ ਬਾਬਾ ਜੀ! ਅੰਗ੍ਰੇਜ਼ੀ ਸਰਕਾਰ ਨੂੰ ਤੁਹਾਡੀ ਬੰਦਿਆਂ ਦੀ ਲੋੜ ਪੈ ਜਾਏ, ਤੁਸੀਂ ਕਿੰਨੇ ਕੇ ਦੇ ਸਕਦੇ ਓਂ? ਕਹਿੰਦੇ ਇੱਕ ਲੱਖ। ਰਿਪਰੋਟ ਕਰ ਦਿਤੀ ਉਹਨੇ, ਵਾਇਸਰਾਇ ਕੋਲ। ਕਹਿਣ ਲੱਗਿਆ ਕਿ ਬਾਬਾ ਖੇਮ ਸਿੰਘ ਬਹੁਤ ਸ਼ਕਤੀ ਵਾਲੇ ਨੇ, ਆਹ ਗੱਲ ਮੈਂ ਅੱਖਾਂ ਨਾਲ ਦੇਖੀ ਹੈ ਤੇ ਇੱਕ ਲੱਖ ਸ਼ਰਧਾਲੂ ਨੇ ਉਨ੍ਹਾਂ ਦੇ, ਜੇ ਕਿਤੇ ਉਹ ਵਿਗੜ ਜਾਣ ਆਪਾਂ ਨਾਲ ਫੇਰ ਆਪਾਂ ਨੂੰ ਤਕਲੀਫ। ਅੰਗਰੇਜ਼ ਨੇ ਬਹਾਨੇ ਦੇ ਨਾਲ ਆਪਣੇ ਸਿਪਾਹੀ ਨਾਲ ਲਾ ਦਿਤੇ, ਜਿਹੜੇ ਹਰ ਵਕਤ ਬਾਬਾ ਜੀ ਨਾਲ ਰਹਿੰਦੇ ਸੀ। ਬਾਬਾ ਜੀ ਨੇ ਕਹਿਣਾ ਕਿ ਇਹ ਕੀ ਕਰਨ ਨੂੰ ਲਾਏ ਨੇ? ਕਹਿੰਦੇ, ਤੁਹਾਡੀ ਰਾਖੀ ਕਰਦੇ ਹਾਂ ਅਸੀਂ ਕਿ ਐਵੇਂ ਨਾ ਕੋਈ ਛੇੜਖਾਨੀ ਕਰ ਜਾਏ। ਉਨ੍ਹਾਂ ਦੀ ਲੜਕੀ ਸੀ ਜਿਹੜੀ ਉਹਦਾ ਨਾਉਂ ਸੀ ਬੀਬੀ ਚੰਦ ਕੌਰ, ਉਹ ਅਨੰਦਪੁਰ ਸਾਹਿਬ ਵਿਆਹੀ ਹੋਈ ਸੀ। ਟਿੱਕਾ ਰਾਮ ਨਾਰਾਇਣ ਸੀ ਸੋਢੀ ਉਹਦੇ ਨਾਲ ਵਿਆਹੀ ਹੋਈ ਸੀ ਤੇ ਉਨ੍ਹਾਂ ਦੇ ਓਲਾਦ ਨਾ ਹੋਈ, ਵੱਡੀ ਉਮਰ ਹੋ ਗਈ। ਉਸ ਵੇਲੇ ਸੁਖਮਨੀ ਸਾਹਿਬ ਜਦੋਂ ਉਨ੍ਹਾਂ ਨੇ ਪੜ੍ਹਨੀ -

ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬

ਮਨ 'ਚ ਖਿਆਲ ਆਇਆ ਕਿ ਮਹਾਂਪੁਰਸ਼ਾਂ ਦੇ ਕੋਲ ਚੱਲੀਏ, ਬਾਬਾ ਕਰਮ ਸਿੰਘ ਜੀ ਦੇ ਪਾਸ ਹੋਤੀ ਮਰਦਾਨ ਆ ਗਏ। ਵੱਡੀ ਭੇਟਾ ਲੈ ਆਏ, ਬੇਅੰਤ ਸਤਿਕਾਰ ਕੀਤਾ। ਉਹ ਤਾਂ ਸਤਿਕਾਰ ਕਰਨ ਕਿ ਇਹ ਗੁਰੂ ਅੰਸ ਹੈ, ਇਹ ਸਾਧੂ ਦੇਖ ਕੇ ਸਤਿਕਾਰ ਕਰਨ। ਬਾਬਾ ਜੀ ਦਾ ਮਨ ਪ੍ਰਸੰਨ ਹੋ ਗਿਆ ਉਨ੍ਹਾਂ ਦੀ ਸੇਵਾ ਤੋਂ ਤੇ ਆਪ ਦੇ ਮੁਖ 'ਚੋਂ ਨਿਕਲਿਆ ਕਿ ਟਿੱਕਾ ਸਾਹਿਬ! ਕੋਈ ਸੇਵਾ ਦੱਸੋ? ਕਹਿੰਦੇ, ਮਹਾਰਾਜ! ਗੁਰੂ ਨਾਨਕ ਦੇ ਘਰ ਸਭ ਕੁਛ ਹੈ ਤੇ ਉਹਨੇ ਆਪਣੇ ਭੰਡਾਰਿਆਂ ਦੀ ਚਾਬੀ ਸੰਤਾਂ ਨੂੰ ਦਿੱਤੀ ਹੋਈ ਹੈ ਤੇ ਕ੍ਰਿਪਾ ਕਰੋ। ਉਸ ਵੇਲੇ ਇਸ ਤਰ੍ਹਾਂ ਬੇਨਤੀ ਕਰਦੇ ਨੇ -

ਧਾਰਨਾ - ਵੇਲ ਵਧਾ ਦਿਓ, ਖਾਲੀ ਮੈਂ ਜਾਂਦਾ ਜਗ ਤੋਂ।

ਵਧੀ ਵੇਲਿ ਬਹੁ ਪੀੜੀ ਚਾਲੀ ॥ ਅੰਗ - ੩੯੬

ਕਹਿਣ ਲੱਗਿਆ ਮਹਾਰਾਜ! ਪੀੜੀ ਰੁਕ ਗਈ ਸਾਡੀ, ਇਹ ਗੁਰੂ ਰਾਮਦਾਸ ਜੀ ਦੇ ਘਰ ਦੀ ਪੀੜ੍ਹੀ ਹੈ ਪਾਤਸ਼ਾਹ, ਇਹ ਅੱਗੇ ਚੱਲਣੀ ਚਾਹੀਦੀ ਹੈ, ਉਸ ਵੇਲੇ ਬਾਬਾ ਜੀ, ਉਨ੍ਹਾਂ ਦੀ ਨਿਮਰਤਾ, ਉਨ੍ਹਾਂ ਦੀ ਸੇਵਾ, ਉਨ੍ਹਾਂ ਦੀ ਸ਼ਰਧਾ ਤੇ ਲਗਨ ਦੇ ਉਤੇ ਪ੍ਰਸੰਨ ਹੋ ਗਏ। ਬਾਬਾ ਜੀ ਕਹਿਣ ਲੱਗੇ, ਤੁਸੀਂ ਤਾਂ ਆਪ ਹੀ ਗੁਰੂ ਨਾਨਕ ਪਾਤਸ਼ਾਹ ਦੇ ਸਬੰਧ ਵਿਚੋਂ ਹੋਂ। ਬੀਬੀ ਗੁਰੂ ਨਾਨਕ ਪਾਤਸ਼ਾਹ ਦੀ ਓਲਾਦ ਵਿਚੋਂ ਹੈ, ਤੁਹਾਡੇ 'ਤੇ ਨਹੀਂ ਗੁਰੂ ਨਾਨਕ ਕ੍ਰਿਪਾ ਕਰੇਗਾ ਤਾਂ ਕਰੂੰ ਕਿਸ 'ਤੇ। ਅੰਤਰ ਧਿਆਨ ਹੋ ਗਏ, ਕਹਿਣ ਲੱਗੇ, ਲਓ ਟਿੱਕਾ ਜੀ! ਗੁਰੂ ਨਾਨਕ ਪਾਤਸ਼ਾਹ ਨੇ ਦੋ ਪੁੱਤਰ ਭੇਜ ਦਿੱਤੇ, ਤੁਸੀਂ ਤਾਂ ਇੱਕ ਮੰਗਦੇ ਓਂ। ਜਾਓ ਘਰ ਨੂੰ। ਇੱਕ ਸਾਲ ਤੋਂ ਬਾਅਦ ਪੁੱਤਰ ਹੋ ਗਿਆ। ਛੇ ਮਹੀਨੇ ਦਾ ਹੋਣ ਤੋਂ ਬਾਅਦ ਨਾਮ ਰੱਖਣ ਵਾਸਤੇ ਦੁਬਾਰਾ ਫੇਰ ਹੋਤੀ ਮਰਦਾਨ ਜਾਂਦੇ ਨੇ, ਬਹੁਤ ਖੁਸ਼ੀਆਂ, ਅਖੰਡਪਾਠ ਕਰਾਏ। ਦਾਨ ਕੀਤਾ ਬੇਅੰਤ। ਬੜਾ ਹੀ ਧੰਨਵਾਦ ਕਰਦੇ ਨੇ, ਬੰਦਗੀ ਵਾਲੇ ਸੀ ਨਾਮ ਜਪਣ ਵਾਲੇ ਸੀ, ਪੂਰੀ ਕਰਨੀ ਕਮਾਈ ਵਾਲੇ ਸੀ। ਉਸ ਵੇਲੇ ਬਾਬਾ ਜੀ ਕਹਿਣ ਲੱਗੇ ਕਿ ਤੁਸੀਂ ਨਾਮ ਰੱਖ ਦਿਓ, ਬਾਬਾ ਜੀ ਕਹਿੰਦੇ ਦੂਜਾ ਵੀ ਆ ਜਾਵੇ ਫੇਰ ਇਕੱਠਿਆਂ ਦਾ ਹੀ ਨਾਮ ਰੱਖਾਂਗੇ। ਅਗਲੇ ਸਾਲ ਦੂਸਰਾ ਪੁੱਤਰ ਹੋ ਗਿਆ, ਜਿਸ ਵਕਤ ਲੈ ਕੇ ਜਾਂਦੇ ਨੇ ਹੋਤੀ ਮਰਦਾਨ 'ਚ -

ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ ॥ ਅੰਗ - ੯੬੬

ਉਸ ਵੇਲੇ ਬਾਬਾ ਕਰਮ ਸਿੰਘ ਜੀ ਤਾਂ ਜੋਤੀ ਜੋਤ ਸਮਾ ਗਏ ਸੀ ਤੇ ਉਨ੍ਹਾਂ ਦੀ ਥਾਂ ਦੇ ਉਤੇ ਬਾਬਾ ਆਇਆ ਸਿੰਘ ਜੀ, ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਤੇ ਬਾਬਾ ਆਇਆ ਸਿੰਘ ਜੀ ਦੇ ਪਾਸ ਜਾਂਦੇ ਨੇ। ਕਹਿਣ ਲੱਗੇ, ਮਹਾਰਾਜ! ਤੁਸੀਂ ਨਾਮ ਰੱਖ ਦਿਓ। ਕਹਿੰਦੇ, ਉਥੇ ਆ ਕੇ ਹੀ ਰੱਖਾਂਗੇ। ਬਾਬਾ ਜੀ ਨੇ ਹਰਿਦੁਆਰ ਦਾ ਪ੍ਰੋਗਰਾਮ ਬਣਾਇਆ ਤੇ ਮੁੜਦੇ ਹੋਏ ਫੇਰ ਅਨੰਦਪੁਰ ਸਾਹਿਬ ਗਏ ਤੇ ਬੜਾ ਉਨ੍ਹਾਂ ਨੇ ਆਦਰ ਸਤਿਕਾਰ ਬੈਂਡ ਵਾਜੇ ਵਜਾ-ਵਜਾ ਕੇ, ਬਹੁਤ ਫੁੱਲਾਂ ਦੀ ਵਰਸ਼ਾ ਕੀਤੀ। ਚਿੱਤ ਪ੍ਰਸੰਨ ਕਰ ਲਿਆ ਬਾਬਾ ਜੀ ਦਾ। ਐਨੀ ਭਾਵਨਾ ਦਿਖਾਈ ਤੇ ਉਸ ਵੇਲੇ ਬਾਬਾ ਆਇਆ ਸਿੰਘ ਜੀ ਨੇ ਅਖੰਡ ਪਾਠ ਦੇ ਭੋਗ ਤੋਂ ਉਪਰੰਤ ਇਕ ਦਾ ਨਾਉਂ ਨਾਰਾਇਣ ਸਿੰਘ ਰੱਖਿਆ ਤੇ ਦੂਸਰੇ ਦਾ ਅਨੰਦ ਸਿੰਘ ਰੱਖਿਆ। ਸੋ ਇਹ ਚੀਜ਼ -

ਚਾਰਿ ਪਦਾਰਥ ਜੇ ਕੋ ਮਾਗੈ ॥
ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬

ਗੁਰੂ ਤੋਂ ਜਿਹੜਾ ਕੁਛ ਮੰਗਦਾ ਹੈ ਇਹ ਤਾਂ ਉਹਦੇ ਸਾਧੂਆਂ

ਦੀ ਗੱਲ ਮੈਂ ਕਰੀ ਹੈ। ਗੁਰੂ ਤੋਂ ਜੋ ਕੁਛ ਮੰਗੋ ਉਹ ਪ੍ਰਾਪਤ ਹੋ ਜਾਂਦਾ ਹੈ, ਕੁਛ ਮੰਗ ਲਓ, ਪੜ੍ਹ ਇਸ ਤਰ੍ਹਾਂ -

ਧਾਰਨਾ - ਜੋ ਮਾਗੈ ਠਾਕੁਰ ਅਪੁਨੇ 'ਤੇ ਸੋਈ ਸੋਈ ਦੇਵੈ।
ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥
ਅੰਗ - ੬੮੧

ਜੋ ਵੀ ਮੰਗਿਆ ਜਾਵੇ ਉਹ ਪ੍ਰਾਪਤ ਹੋ ਜਾਂਦਾ ਹੈ, ਕੋਈ ਚੀਜ਼ ਵੀ ਐਸੀ ਨਹੀਂ ਰਹਿੰਦੀ -

ਜੋ ਮਾਗਹਿ ਸੋਈ ਸੋਈ ਪਾਵਹਿ
ਸੇਵਿ ਹਰਿ ਕੇ ਚਰਣ ਰਸਾਇਣ ॥ ਅੰਗ - ੨੧੪
ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥
ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥
ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ
ਮਿਲਾਵਣਿਆ ॥ ਅੰਗ - ੧੧੬

ਸਾਰੀਆਂ ਚੀਜ਼ਾਂ ਦਾ ਦਾਤਾ ਸਤਿਗੁਰੂ ਹੈ ਸਾਧਸੰਗਤ ਜੀ।

ਅੱਜ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ, ਹਰਵਰਖ ਖੰਡ ਦੇ ਵਿਚ ਸੰਗਤਾਂ ਨੂੰ ਤਾਰ ਰਹੇ ਨੇ ਜਿਹਨੂੰ ਭੁਟਾਨ ਕਹਿੰਦੇ ਨੇ, ਅੱਜਕੱਲ੍ਹ। ਭੁੱਲਿਆਂ ਹੋਇਆ ਨੂੰ ਰਾਹ ਪਾ ਰਹੇ ਨੇ। ਬੜਾ ਅਗਿਆਨ ਹੈ ਉਸ ਦੇਸ਼ ਦੇ ਅੰਦਰ ਤੇ ਗੁਰੂ ਨਾਨਕ ਪਾਤਸ਼ਾਹ ਅਕਾਲ ਪੁਰਖ ਦੇ ਲੜ ਲਾਉਂਦੇ-ਲਾਉਂਦੇ ਅੱਜ, ਭੁਟਾਨ ਦੀ ਰਾਜਧਾਨੀ 'ਚ ਜਾ ਕੇ ਬੈਠ ਗਏ। ਉਸ ਵੇਲੇ ਰਾਜੇ ਨੂੰ ਪਤਾ ਲੱਗਿਆ ਕਿ ਕੋਈ ਪੂਰਨ ਮਹਾਂਪੁਰਸ਼ ਰੱਬ ਦਾ ਰੂਪ ਨੇ, ਜਿਹੜੇ ਤੇਰੇ ਰਾਜ ਵਿਚ ਆਏ ਨੇ ਤੇ ਤੇਰੀ ਰਾਜਧਾਨੀ 'ਚ ਬਾਹਰ ਬੈਠੇ ਨੇ। ਉਸ ਵੇਲੇ ਰਾਜੇ ਮਨ ਵਿਚ ਬੜੀ ਭਾਰੀ ਸ਼ਰਧਾ ਜਾਗੀ। ਸ਼ਰਧਾ ਜਾਗ ਕੇ ਗੁਰੂ ਨਾਨਕ ਦਰਸ਼ਨਾਂ ਵਾਸਤੇ ਰਾਣੀਆਂ ਸਮੇਤ, ਬਹੁਤ ਆਦਰ ਸਤਿਕਾਰ ਦੇ ਨਾਲ ਵਾਜੇ ਵਜਾਉਂਦਾ ਹੋਇਆ ਜਾ ਰਿਹਾ ਹੈ। ਫੁੱਲ ਬਰਸਾਉਂਦਾ ਹੈ ਗੁਰੂ ਨਾਨਕ ਪਾਤਸ਼ਾਹ ਜਿਥੇ ਬੈਠੇ ਨੇ, ਉਸ ਤੋਂ ਬਾਅਦ ਲੰਮਾ ਪੈ ਗਿਆ ਡੰਡੇ ਵਾਂਗੂੰ, ਲੰਮੀਆਂ ਬਾਹਾਂ ਕਰ ਲਈਆਂ, ਡੰਡਉਤ ਕਰਨੀ ਸ਼ੁਰੂ ਕਰ ਦਿੱਤੀ। ਫੇਰ ਅੱਗੇ ਲਕੀਰ ਕੱਢ ਦਿੰਦਾ ਹੈ ਫੇਰ ਉਸ ਤੋਂ ਅੱਗੇ ਫੇਰ ਪੈ ਜਾਂਦਾ ਹੈ ਜਿਥੋਂ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਹੋਏ, ਮਹਾਰਾਜ ਨੇ ਦੇਖ ਲਿਆ ਕਿ ਰਾਜਾ ਆ ਰਿਹਾ ਹੈ, ਅਤਿ ਸ਼ਰਧਾ ਹੋਵੇ ਤਾਂ ਡੰਡਉਤ ਕਰਦਾ ਹੈ, ਜਿੰਨਾਂ ਚਿਰ ਅਤਿ ਸ਼ਰਧਾ ਨਾ ਹੋਵੇ ਡੰਡਉਤ ਨਹੀਂ ਹੋਇਆ ਕਰਦੀ। ਹੱਦ ਤੋਂ ਜ਼ਿਆਦਾ ਸ਼ਰਧਾ ਹੋਵੇ। ਅਸੀਂ ਉਥੇ ਦੇਖਿਆ ਯੂ.ਪੀ 'ਚ ਸਾਡੀ ਸਿੱਖੀ ਤਾਂ ਐਵੇਂ ਹੀ, ਬਹੁਤਾ ਨਾ ਵਡਿਆਇਆ ਕਰੋ। ਉਥੇ ਦੇਖੀ ਉਨ੍ਹਾਂ ਦੀ ਸ਼ਰਧਾ। ਸ਼ਰਮ ਆਵੇ ਸਾਨੂੰ ਦੇਖ ਕੇ ਕਿ ਇਹ ਵੀ ਗੁਰੂ ਨਾਨਕ ਨੂੰ ਮੰਨਦੇ ਨੇ, ਅਸੀਂ ਗੁਰੂ ਨਾਨਕ ਦੇ ਠੇਕੇਦਾਰ ਬਣੇ ਹੋਏ ਹਾਂ, ਅਸੀਂ ਕਿਸੇ ਨੂੰ ਨੇੜੇ ਨਹੀਂ ਆਉਣ ਦਿੰਦੇ ਗੁਰੂ ਗ੍ਰੰਥ ਸਾਹਿਬ ਦੇ। ਠੇਕਾ ਹੀ ਅਸੀਂ ਲੈ ਲਿਆ ਸਾਰੀ ਚੀਜ਼ ਦਾ। ਭਾਵਨਾ ਤਾਂ ਸਾਨੂੰ ਪਤਾ ਹੀ ਨਹੀਂ, ਮਰਿਆਦਾ ਦੇ ਵਿਚ ਪੈ ਕੇ ਉਲਟੀਆਂ ਪੁਲਟੀਆਂ ਗੱਲਾਂ ਅਸੀਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਐਉਂ ਨਹੀਂ ਪ੍ਰਮੇਸ਼ਰ ਭਿੱਜਿਆ ਕਰਦਾ। ਉਹ ਜਿੱਥੋਂ ਗੁਰੂ ਨਾਨਕ ਪਾਤਸ਼ਾਹ ਦਾ ਕਲਸ ਨਜ਼ਰ ਆ ਜਾਂਦਾ ਸੀ, ਹੁਣ ਤਾਂ ਉੱਚਾ ਹੋ ਗਿਆ ਜਦੋਂ ਇਧਰਲੇ ਪਾਸੇ ਇੱਕ ਕਿਸ਼ਾ ਵਲ ਨਦੀ ਸੀ, ਉਹ ਜਦੋਂ ਪੁੱਲ 'ਤੇ ਖੜ੍ਹੇ ਦੇਖਦੇ ਸੀ, ਨਾਨਕ ਮਤਾ ਨਜ਼ਰ ਆਉਣ ਲਗ ਜਾਂਦਾ ਸੀ। ਪੁਲ ਦੇ ਉਤੋਂ ਨਾਨਕ ਮਤਾ ਨਜ਼ਰ ਆ ਜਾਣਾ, ਉਥੇ ਹੀ ਉਨ੍ਹਾਂ ਨੇ ਕੱਪੜੇ ਲਾਹ ਦੇਣੇ। ਲੱਕ ਵਾਲਾ ਕੱਪੜਾ ਰੱਖ ਲੈਣਾ, ਸੜਕ ਸੀਗੀ mattel road, ਉਹਨੇ ਥੋੜ੍ਹੀ ਜਿਹੀ ਦੇਰ 'ਚ ਰੋੜ੍ਹੀਆਂ ਚੁੱਭ-ਚੁੱਭ ਕੇ ਖੂਨ ਕੱਢ ਦੇਣਾ ਛਾਤੀ 'ਚੋਂ, ਲੰਮੇ ਪੈਣਾ ਲਕੀਰ ਕੱਢਣੀ, ਅੱਗੇ ਤੁਰ ਪੈਣਾ। ਉਹ ਚਾਰ ਮੀਲ ਦੇ ਕਰੀਬ ਸੀਗਾ। ਉਨ੍ਹਾਂ ਨੇ ਉਸੇ ਤਰ੍ਹਾਂ ਜਾਣਾ ਹੈ ਘਰਵਾਲੀ ਨਾਲ ਹੈ। 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਗੁਰੂ ਨਾਨਕ ਕੀ ਜੈ।' ਆਹ ਗੱਲ ਕਰਦੇ ਹੋਏ, ਟੋਇਆਂ ਟਿੱਬਿਆਂ 'ਚ ਨੱਕ ਦੀ ਸੇਧ ਕਰਕੇ, ਲੰਮੇ ਪੈ-ਪੈ ਕੇ, ਗੁਰੂ ਨਾਨਕ ਪਾਤਸ਼ਾਹ ਦੇ ਦਰ 'ਤੇ ਆਉਂਦੇ ਸੀ ਤੇ ਫੇਰ ਅੱਗੇ ਕੀ ਸੀ।

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥
ਅੰਗ - ੬੮੧

ਜੋ ਮੰਗ ਕਰਦੇ ਸੀ, ਉਸੇ ਵੇਲੇ ਮਿਲ ਜਾਂਦਾ ਸੀ। ਇੱਕ ਵਾਰੀ ਮੇਰੇ ਨੌਕਰ ਦੇ ਘਰੋਂ ਚਾਲੀ-ਬਿਆਲੀ ਸਾਲ ਦੀ ਹੋਈ-ਹੋਈ ਸੀ ਬੀਬੀ। ਮੈਂ ਕਿਹਾ, ਜਾਓ ਦੀਵਾਲੀ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰ ਆਓ। ਟਰਾਲੀ ਲੈ ਜਾਇਓ, ਤੁਸੀਂ ਏਧਰਲੇ ਹੀ ਬੰਦੇ ਬੈਠਿਓ, ਸਾਡਾ ਪੰਜਾਬੀ ਨਾ ਕੋਈ ਬੈਠਿਓ, ਜੇ ਇੱਕ ਬਹਿ ਗਿਆ, ਤੁਹਾਨੂੰ ਸਾਰਿਆਂ ਨੂੰ ਲਾਹ ਦਏਗਾ। ਉਹਨੇ ਦੂਜਾ ਬਿਠਾਲ ਲੈਣਾ ਹੈ, ਤੀਜਾ, ਚੌਥਾ, ਪੰਜਵਾਂ, ਤੁਸੀਂ ਫੇਰ ਥੱਲੇ ਹੀ ਆਓਂਗੇ। ਖੜ੍ਹਾਇਓ ਨਾ ਕਿਤੇ ਵੀ।

ਮੈਨੂੰ ਕਹਿੰਦੀ, ਬਾਬੂ ਜੀ! ਮੈਂ ਗੁਰੂ ਨਾਨਕ ਪਾਤਸ਼ਾਹ ਦੇ ਦਰ 'ਤੇ ਜਾਣਾ ਹੈ, ਮੈਨੂੰ ਇੱਕ ਪੁੱਤਰ ਦੀ ਦਾਤ ਮਿਲ ਜਾਏਗੀ, ਮੈਂ ਕਿਹਾ ਮਿਲ ਜਾਏਗੀ। ਜਾਹ ਤਾਂ ਸਹੀ ਤੂੰ। ਕਹਿੰਦੀ ਕਿਵੇਂ ਕਰਾਂ ਉਥੇ। ਮੈਂ ਐਉਂ ਕਰੀਂ ਤੂੰ ਪੀਂਦੀ ਹੈਂ ਸਿਗਰਟਾਂ। ਇਹ ਨਾ ਪੀਈ, ਸ਼ਰਾਬ ਪੀਣੀ ਛੱਡ ਦੇ, ਸ਼ਰਾਬ ਵੀ ਪੀਂਦੀ ਸੀ। ਯੂ.ਪੀ ਵਾਲੇ ਐਸ ਤਰ੍ਹਾਂ ਹੀ ਕਰਦੇ ਨੇ, ਅੰਗਰੇਜ਼ਾਂ ਵਰਗੇ ਨੇ ਤੇ ਮੈਂ ਕਿਹਾ ਕਿ ਤੂੰ ਇਸ਼ਨਾਨ ਕਰੀਂ ਸਰੋਵਰ 'ਚ, ਜਾ ਕੇ ਇਸ਼ਨਾਨ ਕਰੀਂ। ਸੁੱਚੀ ਹੋ ਕੇ ਉਥੋਂ ਨਿਮਰਤਾ ਦੇ ਨਾਲ ਚੱਲੀਂ ਤੇ ਜਦੋਂ ਤੂੰ ਆ ਜਾਵੇਂ ਨਾ ਗੁਰੂ ਨਾਨਕ ਸਾਹਿਬ ਦੇ ਸਾਮ੍ਹਣੇ, ਦੇਖੇ ਨੇ ਨਾ ਤੂੰ ਗੁਰੂ ਸਾਹਿਬ? ਐਸ ਤਰ੍ਹਾਂ, ਮੈਂ ਗੁਰੂ ਗ੍ਰੰਥ ਸਾਹਿਬ ਨੂੰ ਕਹਿ ਦਿੱਤਾ। ਕਹਿੰਦੀ ਹਾਂ, ਮੈਂ ਦੇਖਿਆ ਹੈ ਗੁਰਦੁਆਰੇ ਮੇਂ। ਮੈਂ ਕਿਹਾ, ਉਥੇ ਜਾ ਕੇ ਤੂੰ ਉਨ੍ਹਾਂ ਨੂੰ ਕਹੀਂ ਕਿ ਮੈਨੂੰ ਇੱਕ ਪੁੱਤਰ ਦੇ ਦਿਓ, ਇੱਕ ਪੁੱਤਰ ਦੇ ਦਿਓ। ਉਸੇ ਤਰ੍ਹਾਂ ਨਾਲ ਕੀਤਾ, ਜਿਸ ਵਕਤ ਉਥੇ ਆਈ, ਪਿੱਪਲ ਦੇ ਥੱਲੇ ਪੰਜੇ ਨੂੰ ਜ਼ਿਆਦਾ ਮੰਨਦੇ ਨੇ ਜਿੱਥੇ ਗੁਰੂ ਨਾਨਕ ਸਾਹਿਬ ਨੇ ਪਿੱਪਲ ਨੂੰ ਪੰਜਾ ਲਾਇਆ ਸੀ, ਉਹ ਉਡਾ ਦਿੱਤਾ ਸੀ ਜੋਗੀਆਂ ਨੇ। ਮਹਾਰਾਜ ਨੇ ਕਿਹਾ ਤੂੰ ਵੀ ਚੱਲਿਆ, ਹੱਥ ਲਾ ਦਿੱਤਾ ਉਥੇ ਹੀ ਖੜ੍ਹ ਗਿਆ। ਧਰਤੀ ਤੋਂ ਉੱਚੀਆਂ ਸੀ ਜੜ੍ਹਾਂ ਉਹਦੀਆਂ ਬਹੁਤ। ਹੁਣ ਤਾਂ ਆਲੇ ਦੁਆਲੇ ਚੌਂਤਰਾ ਬਣਾ ਦਿੱਤਾ। ਪਹਿਲਾਂ ਨੰਗੀਆਂ ਹੀ ਸੀ ਜੜ੍ਹਾਂ, ਥੱਲੇ ਦੀ ਲੰਘ ਜਾਂਦੇ ਸੀ ਸਾਰੇ। ਉਥੇ ਜਾ ਕੇ ਖੜ੍ਹ ਗਈ ਤੇ ਕਹਿਣ ਲੱਗ ਗਈ ਕਿ ਬਾਬਾ ਜੀ! ਏਕ ਪੁੱਤਰ ਲੇਨੇ ਆਈ ਹੂੰ। ਚਾਰ ਪੰਜ ਵਾਰੀ ਕਿਹਾ, ਜਿਹੜਾ ਉਹ ਤਾਬੇ ਬੈਠਾ ਸੀ, ਉਹਨੇ ਐਉਂ ਸੁਣਿਆ ਉਹਨੇ ਸਿਰ ਹਿਲਾ ਦਿਤਾ, ਬੜੀ ਖੁਸ਼ ਹੋ ਗਈ। ਅਗਲੇ ਸਾਲ ਪੁੱਤਰ ਹੋ ਗਿਆ ਉਹਦੇ। ਮੈਂ ਕਿਹਾ, ਤੂੰ ਲੈ ਆਈ ਪੁੱਤਰ?

ਕਹਿੰਦੀ ਹਾਂ, ਮੈਨੂੰ ਬਾਬਾ ਜੀ ਨੇ ਕਹਿ ਦਿੱਤਾ ਕਿ ਹੋ ਜਾਏਗਾ। ਮੈਂ ਕਿਹਾ ਕਿ ਮੈਂ ਮਾਂਗਤੀ ਰਹੀ, ਮਾਂਗਤੀ ਰਹੀ ਜੋ ਐਸੇ-ਐਸੇ ਕਰਤੇ ਥੇ, ਉਨਹੋਨੇ ਸਿਰ ਹਿਲਾ ਦੀਆ। ਸ਼ਰਧਾ ਦੀ ਗੱਲ ਹੈ, ਸਾਡੀ ਇਹ ਸ਼ਰਧਾ ਨਹੀਂ ਹੈ। ਉਹ ਡੰਡਉਤਾਂ ਕਰਦੇ ਜਾਂਦੇ ਨੇ।

ਇੱਕ ਨੇਪਾਲ ਦੇ ਵਿਚ ਬੀਬੀ ਸੀ ਥਾਰੂਆਂ ਦੀ, ਜਦੋਂ ਅਸੀਂ ਅਜੇ ਨਵੇਂ-ਨਵੇਂ ਗਏ ਹੀ ਸੀ ਯੂ.ਪੀ, ਅਸੀਂ ਜਾ ਕੇ ਠੇਕਾ ਲੈ ਲਿਆ, ਉਨ੍ਹਾਂ ਤੋਂ ਖੋਹ ਲਿਆ ਨਾਨਕ ਮਤੇ ਦਾ ਗੁਰਦੁਆਰਾ ਕਿ ਅਸੀਂ ਬਹੁਤਾ ਵਧੀਆ ਚਲਾਵਾਂਗੇ ਕਿ ਇਹ ਤਾਂ ਐਵੇਂ ਨੇ ਲੋਕ। ਲੇਕਿਨ ਉਨ੍ਹਾਂ ਤੋਂ ਸ਼ਰਧਾ ਭਾਵਨਾ ਨਾ ਅਸੀਂ ਖੋਹੀ। ਗੁਰਦੁਆਰਾ ਤਾਂ ਖੋਹ ਲਿਆ। ਉਥੇ ਉਹ ਬੀਬੀ ਆਈ, ਪੁੱਤਰ ਦੀ ਦਾਤ ਮਿਲ ਗਈ ਉਸਨੂੰ, ਉਹ ਤਾਂ ਇਸ ਤਰ੍ਹਾਂ ਕਰਦੇ ਨੇ, ਜਿਵੇਂ ਕਿਤੇ ਦੁਕਾਨ ਤੋਂ ਆ ਕੇ ਚੀਜ਼ਾਂ ਲੈ ਲਈਦੀਆਂ ਨੇ। ਉਹ ਪੁੱਤਰ ਤਿੰਨ ਸਾਲ ਦਾ ਹੋ ਕੇ ਮਰ ਗਿਆ। ਮਰਿਆ ਤਾਂ ਉਸ ਤੋਂ ਜਦੋਂ ਲੈਣ ਲੱਗੇ ਕਿ ਇਹਦਾ ਸਸਕਾਰ ਕਰ ਦੇਈਏ, ਉਹ ਕਹਿੰਦੀ ਮੈਂ ਨਹੀਂ ਦੇਣਾ, ਮੈਂ ਬਾਬਾ ਕੋ ਮੋੜਨਾ ਹੈ, ਜਹਾਂ ਸੇ ਲਾਈਂ ਹੂੰ ਵਹੀਂ ਮੋੜੂੰਗੀ। ਅਖੀਰ ਉਨ੍ਹਾਂ ਨੇ ਰੇਲੂ ਜੋੜਿਆ, ਛੋਟੀ ਜਿਹੀ ਗਡੀਰੀ ਜਿਹੀ ਹੁੰਦੀ ਹੈ, ਨਦੀਆਂ ਨਾਲਿਆਂ 'ਚੋਂ ਲੰਘ ਜਾਂਦੀ ਹੈ, ਉਹ ਨਾਨਕ ਮਤੇ ਆ ਗਏ। ਉਥੇ ਆ ਕੇ ਪੁੱਤਰ ਮਰਿਆ ਹੋਇਆ ਲਿਆ ਕੇ ਗੁਰੂ ਬਾਬੇ ਦੇ ਅੱਗੇ ਜਦੋਂ ਰੱਖਣ ਲੱਗੇ, ਮੈਨੇਜਰ ਆ ਗਿਆ, ਕਹਿੰਦਾ ਆਹ ਕੀ ਕਰਦੇ ਓਂ ਤੁਸੀਂ, ਚੁੱਕੋ ਮੁਰਦਾ ਰਖਦੇ ਓਂ। ਉਹ ਕਹਿੰਦੀ, ਮੈਂ ਬਾਬਾ ਤੋਂ ਲਿਆ ਸੀ, ਉਨ੍ਹਾਂ ਨੂੰ ਮੋੜਨਾ ਹੈ। ਸਾਨੂੰ ਸਿਆਪਾ ਪਾਏਂਗੀ, ਕੱਲ੍ਹ ਨੂੰ ਪੁਲਿਸ ਆਏਗੀ ਇੱਥੇ। ਉਹ ਬਾਹਰ ਕੱਢ ਦਿੱਤੀ, ਉਹਨੇ ਆਪਣਾ ਮਰਿਆ ਹੋਇਆ ਬੱਚਾ ਗੋਦੀ 'ਚ ਪਾ ਲਿਆ, ਕਹਿੰਦੀ ਮੈਂ ਜਾਵਾਂਗੀ ਨਹੀਂ, ਮੈਂ ਬਾਬੇ ਕੋਲ ਸਉਂਪੇ ਬਗੈਰ ਨਹੀਂ ਜਾਣਾ। ਉਹ ਬਾਹਰ ਬੈਠ ਗਈ ਤੇ ਉਨ੍ਹਾਂ ਨੇ ਗੁਰਦੁਆਰਾ ਆਪਣੇ ਸਮੇਂ ਨਾਲ ਬੰਦ ਕਰ ਦਿਤਾ ਤੇ ਵਰਾਂਡੇ 'ਚ ਬੈਠੀ ਇੱਕੋ ਹੀ ਗੱਲ ਕਹੀ ਜਾਵੇ ਕਿ ਜਬ ਦੀਆ ਥਾ ਤੋ ਲੀਆ ਕਿਉਂ? ਬਾਬਾ! ਜਬ ਦੀਆ ਥਾ ਤੋ ਲੀਆ ਕਿਉਂ? ਸਾਰੀ ਰਾਤ ਲੰਘ ਗਈ, ਸਵੇਰੇ ਆਸਾ ਜੀ ਦੀ ਵਾਰ ਲੱਗੀ, ਨਿਤਨੇਮ ਹੋਇਆ ਤੇ ਜਦੋਂ ਅਰਦਾਸ ਹੋ ਗਈ, ਉਹ ਨਹੀਂ ਖੜ੍ਹੀ ਹੋਈ, ਇੱਕੋ ਹੀ ਗੱਲ ਪਾਗਲਪੁਣੇ ਦੀ ਹੱਦ ਤੱਕ ਪਹੁੰਚ ਗਈ, ਜਦੋਂ ਜੈਕਾਰਾ ਬੁਲਾਇਆ, ਮੁੰਡਾ ਉਠ ਕੇ ਬਹਿ ਗਿਆ।

ਸਾਰੇ ਹੈਰਾਨ ਹੋ ਗਏ ਕਿ ਆਹ ਸ਼ਰਧਾ ਇਨ੍ਹਾਂ ਦੀ। ਬਾਬਾ ਐਨਾ ਨੇੜੇ ਹੈ ਇਨ੍ਹਾਂ ਦੇ ਤੇ ਤਾਂ ਕਹਿੰਦੇ ਹਾਂ ਕਿ ਸਿੱਖੀ ਦਾ ਠੇਕਾ ਸਾਡੇ ਕੋਲ ਹੀ ਹੈ। ਅਗਾਹਾਂ ਕੋਈ ਸਿੱਖ ਹੋਰ ਬਣ ਹੀ ਨਹੀਂ ਸਕਦਾ। ਗੁਰੂ ਨਾਲ ਕਿਸੇ ਦਾ ਸਬੰਧ ਹੀ ਨਹੀਂ ਜੁੜ ਸਕਦਾ। ਅਸੀਂ ਤਾਂ ਲਾਈਨ ਪੱਕੀ ਖਿੱਚ ਦਿਤੀ। ਗੁਰੂ ਕਹਿੰਦਾ ਮੈਂ ਤਾਂ ਸਾਰਿਆਂ ਦਾ ਹਾਂ, ਮੈਂ ਤੇਰਾ ਨਹੀਂ ਹੈਗਾ, ਤੂੰ ਦਿਖਾਵੇ ਕਰਦਾ ਹੈ, ਤੂੰ ਜ਼ੋਰ ਜ਼ਬਰ ਕਰਦਾ ਹੈਂ ਤੇਰੇ ਨਾਲ ਮੇਰਾ ਨਹੀਂ, ਮੈਂ ਤਾਂ ਗਰੀਬਾਂ ਦਾ ਹਾਂ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥ ਅੰਗ - ੧੫

ਤੁਸੀਂ ਤਾਂ ਅਭਿਮਾਨੀ ਹੋਂ ਕਿ ਮੁਰੱਬੇ ਨੇ ਸਾਡੇ ਕੋਲ, ਜ਼ਮੀਨਾਂ ਨੇ ਸਾਡੇ ਕੋਲ, ਟਰੈਕਟਰ ਨੇ, ਸਾਡੇ ਕੋਲ ਪੈਸਾ ਹੈ। ਆਹ ਗਰੀਬ ਜਿਹੜੇ ਨੇ, ਮਜੂਰੀਆਂ ਕਰਨ ਵਾਲੇ, ਮੈਂ ਇਨ੍ਹਾਂ ਕੋਲ ਰਹਿੰਦਾ ਹਾਂ ਪ੍ਰੇਮੀਓਂ। ਗੁਰੂ ਨਾਨਕ ਦਾ ਨਹੀਂ ਪਤਾ ਕਿ ਕੀਹਦੇ ਕੋਲ ਰਹਿੰਦਾ ਹੈ। ਇਹ ਤਾਂ ਸਾਰਿਆਂ ਦਾ ਹੀ ਹੈ, ਅਸੀਂ ਤਾਂ ਸ਼ੱਕ ਹੀ ਪਾ ਦਿੱਤਾ ਕਿ ਸਹਿਜ-ਧਾਰੀਆਂ ਦਾ ਗੁਰੂ ਨਾਨਕ ਨਹੀਂ, ਸਾਡਾ ਜ਼ਿਆਦਾ ਹੈ। ਪਤਾ ਨਹੀਂ ਇਹ ਕਿੱਥੇ ਕੁ ਗੱਲਾਂ ਤੁਰੀਆਂ ਜਾਂਦੀਆਂ ਨੇ। ਵਾਹਿਗੁਰੂ ਜਾਣਦਾ ਹੈ ਕਿ ਕੀ ਹੋਏਗਾ, ਕੀ ਨਹੀਂ ਹੋਏਗਾ। ਸਾਡੇ ਜੁੱਤੀਆਂ ਪੈਣਗੀਆਂ ਦਰਗਾਹ 'ਚ ਜਾ ਕੇ, ਜਾਂ ਸਾਨੂੰ ਮੁੜ ਕੇ ਭੇਜਣਾ ਹੈ ਕਿ ਚੱਲ ਸਹਿਜਧਾਰੀ ਬਣ ਹੁਣ, ਪਤਾ ਲੱਗੂ ਤੈਨੂੰ ਹੁਣ ਜਾ ਕੇ। ਤੂੰ ਕਹਿੰਦਾ ਰਿਹਾ ਹੈਂ, ਉਨ੍ਹਾਂ ਦਾ ਨਹੀਂ ਹੈ ਗੁਰੂ ਨਾਨਕ, ਸਾਡਾ ਹੀ ਹੈ।

ਕਬਜ਼ਾ ਨਾ ਕਰੋ ਗੁਰੂ ਨਾਨਕ 'ਤੇ, ਗੁਰੂ ਨਾਨਕ ਏਸ ਬ੍ਰਹਿਮੰਡ ਦਾ ਹੀ ਨਹੀਂ ਹੇ, ਗੁਰੂ ਨਾਨਕ ਕ੍ਰੋੜਾਂ ਬ੍ਰਹਿਮੰਡਾਂ 'ਚ ਜਿਥੇ ਵੀ ਦੁਨੀਆਂ ਹੈ ਉਨ੍ਹਾਂ ਸਾਰਿਆਂ ਦਾ ਹੈ। ਇਹ ਪ੍ਰਤੱਖ ਰੂਪ ਦੇ ਅੰਦਰ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਬਾਬੇ ਨੇ ਧੁਰ ਪਾਤਾਲ ਤੋਂ ਕੜਾਹੀ ਲਈ, ਪ੍ਰਸ਼ਾਦ ਲਿਆ ਤੇ ਬਹਿਲੋਲ ਨੇ ਗਵਾਹੀ ਭਰੀ ਆਪਣੇ ਪਿਤਾ ਕੋਲ ਅੱਬਾ ਜਾਨ! ਇਹ ਸਾਰੇ ਬ੍ਰਹਿਮੰਡਾਂ ਦੇ ਗੁਰੂ ਨੇ, ਜਿਥੇ ਵੀ ਆਬਾਦੀ, ਉਥੇ ਗੁਰੂ ਨਾਨਕ ਹੀ ਦੇਖਿਆ ਮੈਂ। ਇਨ੍ਹਾਂ ਦੀ ਹੀ ਸੰਗਤ ਹੈ, ਆਹ ਪ੍ਰਸ਼ਾਦ ਮੈਂ ਲੈ ਕੇ ਆਇਆ ਹਾਂ।

ਹੁਣ ਅਸੀਂ ਕਬਜ਼ਾ ਕਰ ਧਰਤੀ 'ਤੇ, ਇਹੋ ਜਿਹੀਆਂ ਅਰਬਾਂ ਧਰਤੀਆਂ ਨੇ। ਸੋ ਸ਼ਰਧਾ ਭਾਵਨਾ ਗੁਰੂ ਨਾਨਕ ਨੂੰ ਰਿਝਾਉਂਦੀ ਹੈ ਹੋਰ ਚੀਜ਼ ਨਹੀਂ ਰਿਝਾਉਂਦੀ, ਪਿਆਰ ਰਝਾਉਂਦਾ ਹੈ ਤੇ ਇਹ ਰਾਜਾ ਪੂਰੇ ਪਿਆਰ ਨਾਲ ਜਿਥੋਂ ਗੁਰੂ ਨਾਨਕ ਦੇ ਦਰਸ਼ਨ ਹੋਏ, ਡੰਡਉਤਾਂ ਕਰਦਾ ਤੁਰਿਆ ਆਉਂਦਾ ਹੈ। ਗੁਰੂ ਨਾਨਕ ਜੀ ਦੇ ਪਾਸ ਆ ਗਿਆ ਤੇ ਉਥੇ ਆ ਕੇ ਚਰਨਾਂ 'ਤੇ ਨਮਸ਼ਕਾਰ ਬਾਰ-ਬਾਰ ਕਰੀ ਜਾਂਦਾ ਹੈ।

ਧਾਰਨਾ - ਕਰਦਾ ਨਮਸ਼ਕਾਰਾਂ ਜੀ,
ਸਤਿਗੁਰ ਦੇ ਚਰਨਾਂ ਉਤੇ।

ਬਾਰ-ਬਾਰ ਨਮਸ਼ਕਾਰਾਂ ਕਰਦਾ ਹੈ। ਬਾਰ-ਬਾਰ ਨਮਸ਼ਕਾਰ ਕਰਨ ਦਾ ਸਾਨੂੰ ਵੀ ਆਰਡਰ ਹੈ, ਮਹਾਰਾਜ ਜੀ ਦਾ ਹੁਕਮ ਹੈ-

ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥
ਅੰਗ - ੮੨੦

ਨਮਸਕਾਰ ਤਾ ਕਉ ਲਖ ਬਾਰ ॥ ਅੰਗ - ੧੧੪੨

ਲੱਖ ਵਾਰ ਕਹਿੰਦੇ, ਇੱਕ ਦੋ ਚਾਰ ਵਾਰੀ ਨਹੀਂ -

ਇਹੁ ਮਨੁ ਦੀਜੈ ਤਾ ਕਉ ਵਾਰਿ ॥ ਅੰਗ - ੧੧੪੨

ਸੁੱਕੀ ਨਹੀਂ -

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥
ਸੀਸਿ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ ॥ ਅੰਗ - ੪੭੦

ਉਹ ਚੀਜ਼ ਜਿਹੜਾ ਹਿਰਦੇ ਤੋਂ ਨਿਵਦਾ ਹੈ, ਮਹਾਰਾਜ ਕਹਿੰਦੇ -

ਸਿਮਰਨਿ ਤਾ ਕੈ ਮਿਟਹਿ ਸੰਤਾਪ ॥
ਹੋਇ ਅਨੰਦੁ ਨ ਵਿਆਪਹਿ ਤਾਪ ॥ ਅੰਗ - ੧੧੪੨

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਦੇ ਪਾਸ ਸੰਗਤ ਆਉਂਦੀ ਹੈ, ਬਹੁਤ ਸ਼ਰਧਾ ਦੇ ਨਾਲ ਨਮਸ਼ਕਾਰਾਂ ਕਰਦੇ ਨੇ। ਗੁਰੂਆਂ ਦੇ ਚਰਨਾਂ 'ਤੇ ਡੰਡਉਤ ਬੰਦਨਾ ਕਰਿਆ ਕਰਦੇ ਸੀ, ਹੁਣ ਕੀ ਹੈ। ਮੈਂ ਬੈਠਾ ਸੀ ਇਕ ਨੌਜਵਾਨ ਆਇਆ, ਉਹਨੇ ਕੀ ਕਰਿਆ ਇੱਕ ਹੱਥ ਤਾਂ ਉਤੇ ਨੂੰ ਚੁੱਕ ਲਿਆ, ਇੱਕ ਹੱਥ ਧਰਤੀ ਨਾਲ ਝੁਕ ਮੱਥੇ ਨਾਲ ਲਾ ਲਿਆ। ਐਨੀ ਕੁ ਸ਼ਰਧਾ ਹੈ, ਧਰਤੀ ਨਾਲ ਵੀ ਲੱਗਿਆ ਨਹੀਂ ਸੀ ਅਜੇ ਉਚਾ ਹੀ ਸੀ। ਪੜ੍ਹਿਆ ਲਿਖਿਆ ਬੰਦਾ, ਮੈਂ ਕਿਹਾ ਜੇ ਮੈਂ ਹੁਣ ਕਿਹਾ ਇਹਨੇ ਔਖਾ ਹੋ ਜਾਣਾ ਹੈ। ਇਹ ਨਮਸ਼ਕਾਰ ਭਗਤੀ ਹੋਇਆ ਕਰਦੀ ਹੈ ਤੇ ਵਿਧਾਨ ਇਹ ਹੈ ਕਿ ਇੱਕ ਵਾਰੀ ਬਾਬਾ ਫਰੀਦ ਬੈਠੇ ਸੀ, ਉਨ੍ਹਾਂ ਦੇ ਮੁਰਸ਼ਦ ਆ ਗਏ ਤੇ ਨਮਸ਼ਕਾਰ ਕਰਨਾ ਭੁੱਲ ਗਏ। ਬੜਾ ਹੀ ਪਛਤਾਵਾ ਹੋਇਆ ਮਨ ਦੇ ਅੰਦਰ। ਉਸ ਵੇਲੇ ਆਪਣੇ ਸਿਰ ਨੂੰ ਬਾਰ-ਬਾਰ ਦੋਸ਼ ਦਿੰਦੇ ਨੇ, ਤੂੰ ਝੁਕਿਆ ਨਹੀਂ, ਤੂੰ ਗੁਰੂ ਮੂਹਰੇ ਨਾ ਝੁਕ ਸਕਿਆ। ਤੇਰਾ ਮੈਂ ਹੁਣ ਕਰਨਾ ਕੀ ਹੈ ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਚੁਲ੍ਹੇ ਵਿਚ ਸਾੜ ਦੇ,
ਬਾਲਣ ਬਣਾ ਕੇ ਸਿਰ ਦਾ।

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥
ਅੰਗ - ੧੩੮੧

ਕਹਿੰਦੇ, ਚੁਲ੍ਹੇ 'ਚ ਜਾਲ ਦਿਓ ਓਸ ਸੀਸ ਨੂੰ ਜਿਹੜਾ ਗੁਰੂ ਦੇ ਅੱਗੇ ਨਿਵਦਾ ਨਹੀਂ ਹੈ।

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥
ਅੰਗ - ੧੩੮੧

ਕੱਟ ਕੇ ਉਤਾਰ ਦੇ ਤੈਨੂੰ ਪਾਪ ਨਹੀਂ ਲੱਗਣਾ। ਕਿਉਂਕਿ ਹੰਕਾਰ ਦਾ ਭਰਿਆ ਹੋਇਆ ਸਿਰ ਹੈ ਤੇ ਉਹਨੂੰ ਧਿਰਕਾਰਾਂ ਪੈਂਦੀਆਂ ਨੇ।

ਧਾਰਨਾ - ਜਿਹੜਾ ਲੱਗੇ ਨਾ ਗੁਰਾਂ ਦੇ ਚਰਨੀਂ,
ਧ੍ਰਿਗ ਤੇਰਾ ਸੀਸ ਬੰਦਿਆ।

ਸੋ ਵਾਰੀ ਫਿੱਟੇ ਮੂੰਹ ਉਸ ਸਿਰ ਨੂੰ। ਕਿਉਂ? ਕਿਉਂਕਿ ਐਨੀਆਂ ਬਰਕਤਾਂ, ਐਨੀਆਂ ਦਾਤਾਂ ਗੁਰੂ ਦੇ ਚਰਨਾਂ 'ਚੋਂ ਮਿਲਦੀਆਂ ਨੇ ਜੋ ਗਿਣਤੀ ਮਿਣਤੀ ਤੋਂ ਬਾਹਰ ਹੁੰਦੀਆਂ ਨੇ। ਸਾਨੂੰ ਨਹੀਂ ਪਤਾ ਕਿ ਗੁਰੂ ਗੁਪਤ ਰੂਪ ਵਿਚ ਕੀ ਕਰਦਾ ਹੈ। ਗੁਰੂ ਦਸ਼ਮੇਸ਼ ਪਿਤਾ ਬੈਠੇ ਨੇ ਤੇ ਉਸ ਵੇਲੇ, ਸਲਾਰਦੀਨ ਕਾਜ਼ੀ ਉਹ ਵੀ ਕੋਲ ਬੈਠਾ ਹੈ, ਸੰਗਤ ਆਉਂਦੀ ਹੈ, ਨਮਸ਼ਕਾਰ ਕਰਦੀ ਹੈ, ਭੇਟਾ ਦਿੰਦੀ ਹੈ, ਮੇਵੜਾ ਗੁਰੂ ਮਹਾਰਾਜ ਦੀ ਆਗਿਆ ਪਾ ਕੇ ਅਰਦਾਸ ਕਰਦਾ ਹੈ ਤੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ ਕਿ ਭਾਈ! ਖੁਸ਼ੀਆਂ, ਸੁਖੀ ਰਹਿ। ਤੇਰੀ ਕਾਮਨਾ ਪੂਰੀ ਹੋਵੇ, ਜਿਹੋ ਜਿਹੀ ਕਿਸੇ ਦੇ ਮਨ 'ਚ ਹੈ, ਉਹੋ ਜਿਹਾ ਬਚਨ ਕਰੀ ਜਾਂਦੇ ਨੇ। ਜਿਸ ਵਕਤ ਭੀੜ ਘਟ ਗਈ ਸਲਾਰਦੀਨ ਕਹਿਣ ਲੱਗਿਆ, ਗੁਰੂ ਮਹਾਰਾਜ! ਖੁਦਾ ਇੱਕ ਹੈ ਕਿ ਦੋ ਨੇ? ਕਹਿੰਦੇ, ਕੀ ਗੱਲ? ਕਹਿਣ ਲੱਗਿਆ ਕਿ ਖੁਦਾ ਮੱਥੇ ਵਿਚ ਲੇਖ ਲਿਖਦਾ ਹੈ? ਕਹਿੰਦੇ ਹਾਂ। ਕਹਿੰਦੇ, ਫੇਰ ਜਦ ਤੁਹਾਡੇ ਕੋਲ ਭੇਟਾ ਕਰਦੇ ਨੇ, ਮੱਥਾ ਟੇਕਦੇ ਨੇ ਤੇ ਤੁਸੀਂ ਕਹਿੰਦੇ ਓਂ, ਤੈਨੂੰ ਖੁਸ਼ੀਆਂ, ਤੇਰਾ ਕਾਰੋਬਾਰ ਚੱਲੇ, ਤੇਰਾ ਰਿਜ਼ਕ ਵਧੇ, ਤੇਰਾ ਪਰਿਵਾਰ ਚੜ੍ਹਦੀ ਕਲਾ 'ਚ ਹੋਵੇ। ਤੁਸੀਂ ਐਸੇ ਬਚਨ ਕਰੀਂ ਜਾਂਦੇ ਓਂ। ਗੱਲ ਤਾਂ ਓਹੀ ਹੋਣੀ ਹੈ ਜਿਹੜੀ ਲਿਖੀ ਹੋਈ ਹੈ ਮੱਥੇ ਵਿਚ। ਮਹਾਰਾਜ ਕਹਿੰਦੇ, ਨਹੀਂ ਉਹ ਨਹੀਂ ਹੋਇਆ ਕਰਦੀ।

ਸਮਝ ਵਿਚ ਨਹੀਂ ਆਉਂਦੀ ਉਹਦੇ। ਮਹਾਰਾਜ ਕਹਿੰਦੇ, ਜਿਵੇਂ ਫਸਲ ਬੀਜ ਦੇਈਦੀ ਹੈ, ਉਹਦੇ ਉਤੇ ਮੀਂਹ ਪੈ ਜਾਵੇ, ਹਲਕੀਆਂ ਕਣੀਆਂ, ਉਹ ਕੰਡ ਹੋ ਜਾਂਦੀ ਹੈ, ਉਹਦੇ ਹੇਠੋਂ ਦਾਣੇ ਤਾਂ ਜੰਮ ਪੈਂਦੇ ਨੇ ਬਾਹਰ ਨਹੀਂ ਆਉਂਦੇ ਕਿਉਂਕਿ ਕੰਡ ਹੋਈ ਹੋਈ ਹੈ। ਕਹਿੰਦੇ ਇਸੇ ਤਰ੍ਹਾਂ ਸਮਝ ਲੈ ਕਿ ਕਰਮ ਤਾਂ ਆਦਮੀ ਨੇ ਕਰੇ ਨੇ ਮੱਥੇ 'ਚ ਲੇਖ ਤਾਂ ਲਿਖੇ ਹੋਏ ਨੇ, ਲੇਕਿਨ ਉਹਦੇ ਉਤੇ ਵਿਕਾਰਾਂ ਦੀ, ਪਾਪਾਂ ਦੀ ਹਲਕੀ ਜਿਹੀ ਬਾਰਿਸ਼ ਹੋਣ ਦੇ ਨਾਲ, ਕਣੀਆਂ ਪੈਣ ਦੇ ਨਾਲ, ਉਹ ਜਿਹੜੇ ਸ਼ੁਭ ਕਰਮ ਨੇ ਉਹ ਹੇਠੋਂ ਉਗਦੇ ਤਾਂ ਹੈਗੇ, ਬਾਹਰ ਨਹੀਂ ਆਉਂਦੇ। ਕਹਿੰਦੇ, ਜਦੋਂ ਗੁਰੂ ਦੇ ਚਰਨਾਂ ਨਾਲ ਮਸਤਕ ਲਗ ਜਾਂਦਾ ਹੈ ਉਸ ਵੇਲੇ ਉਹ ਜਿਹੜੀ ਪੇਪੜੀ ਆਈ ਹੋਈ ਹੈ, ਉਹ ਟੁੱਟ ਜਾਂਦੀ ਹੈ ਤੇ ਦਾਣੇ ਬਾਹਰ ਨਿਕਲ ਆਉਂਦੇ ਹਨ। ਜਿਹੜੇ ਮਾੜੇ ਕਰਮ ਨੇ ਮਾੜੀਆਂ ਗੱਲਾਂ ਨੇ ਉਹ ਕਹਿੰਦੇ ਦਬ ਜਾਂਦੀਆਂ ਨੇ। ਕਹਿੰਦੇ, ਆਹ ਦੇਖ ਤੈਨੂੰ ਪ੍ਰੈਕਟੀਕਲੀ ਸਮਝਾਈਏ, ਆਹ ਸਾਡੀ ਮੋਹਰ ਦੇ ਅੱਖਰ ਪੜ੍ਹ। ਕਹਿੰਦਾ, ਪੜ੍ਹ ਨਹੀਂ ਹੁੰਦੇ ਮਹਾਰਾਜ। ਮਹਾਰਾਜ ਨੇ ਇੱਕ ਰੁੱਕਾ ਲਿਖ ਦਿੱਤਾ ਖਜ਼ਾਨਚੀ ਵਲ ਕਿ ਆਹ ਪ੍ਰੇਮੀ ਨੂੰ ਪੰਜ ਸੌ ਮੋਹਰ ਦੇ ਦਿਓ। ਖਜ਼ਾਨਚੀ ਨੇ ਰੁੱਕਾ ਮੋੜ ਦਿੱਤਾ ਕਿ ਮਹਾਰਾਜ ਦੀ ਮੋਹਰ ਨਹੀਂ ਲੱਗੀ ਹੋਈ। ਕਹਿੰਦੇ, ਵਾਪਸ ਕਿਉਂ ਆ ਗਿਆ ਕਾਜ਼ੀ ਜੀ? ਕਹਿੰਦੇ, ਮੋਹਰ ਨਹੀਂ ਲੱਗੀ ਤਾਂ ਆ ਗਿਆ। ਮਹਾਰਾਜ ਨੇ ਮੋਹਰ ਲਾ ਦਿੱਤੀ, ਪੈਸੇ ਆ ਗਏ। ਕਹਿੰਦੇ, ਜਿਵੇਂ ਮੋਹਰ ਲਗਦੀ ਹੈ ਨਾ, ਐਸ ਤਰ੍ਹਾਂ ਲੇਖ ਤਾਂ ਲਿਖੇ ਹੁੰਦੇ ਨੇ, ਪਰ ਉਸ 'ਤੇ ਗੁਰੂ ਦੇ ਚਰਨਾਂ ਦੀ ਮੋਹਰ ਨਹੀਂ ਲੱਗੀ। ਸੋ ਮੋਹਰ ਨਾ ਲੱਗਣ ਕਰਕੇ ਇਹਨੂੰ ਚੀਜ਼ ਪ੍ਰਾਪਤ ਨਹੀਂ ਹੁੰਦੀ ਤੇ ਜਿਹੜੀਆਂ ਵੱਡੀਆਂ-ਵੱਡੀਆਂ ਦਾਤਾਂ ਨੇ ਉਹ ਕਹਿੰਦੇ ਮਹਾਂਪੁਰਸ਼ਾਂ ਦੇ, ਗੁਰੂਆਂ ਦੇ, ਸਤਿਪੁਰਸ਼ਾਂ ਦੇ, ਚਰਨਾਂ ਨਾਲ ਲਗ ਕੇ ਪ੍ਰਾਪਤ ਹੋ ਜਾਇਆ ਕਰਦੀਆਂ ਨੇ।

ਕਹਿਣ ਲੱਗੇ ਕਿ ਇੱਕ ਮਹਾਨ ਰਿਸ਼ੀ ਹੋਇਆ ਹੈ ਜਿਸ ਦਾ ਨਾਮ ਮਾਰਕੰਡਾ ਸੀ, ਉਹ ਜਦੋਂ ਪੈਦਾ ਹੋਇਆ ਬੜੇ ਯਤਨਾਂ ਨਾਲ ਪੈਦਾ ਹੋਇਆ। ਜਦੋਂ ਪੈਦਾ ਹੋਇਆ ਉਸ ਵੇਲੇ ਜੋਤਸ਼ੀਆਂ ਨੇ ਦਸਿਆ ਕਿ ਮਹਾਰਾਜ! ਇਹਦੀ ਉਮਰ ਬੜੀ ਛੋਟੀ ਹੈ ਤੇ ਤੁਸੀਂ ਚੰਗਾ ਹੋਵੇ ਕਿ ਇਹਦਾ ਮੂੰਹ ਨਾ ਦੇਖੋਂ। ਨਹੀਂ ਤਾਂ ਤੁਹਾਨੂੰ ਮੋਹ ਵਿਆਪ ਜਾਏਗਾ। ਕਹਿਣ ਲੱਗੇ, ਨੌਂ ਸਾਲ ਦੀ ਉਮਰ ਹੈ ਇਹਦੀ ਸਾਰੀ। ਰਾਜੇ ਨੇ ਕਿਹਾ ਕਿ ਠੀਕ ਕਹਿੰਦੇ ਨੇ ਕਿ ਜੇ ਮੈਂ ਇਸ ਬੱਚੇ ਨੂੰ ਦੇਖ ਲਿਆ ਤਾਂ ਮੇਰਾ ਪਿਆਰ ਪੈ ਜਾਣਾ ਹੈ ਤਾਂ ਬੜਾ ਔਖਾ ਹੋ ਜਾਣਾ ਹੈ। ਉਹਨੇ ਬਾਹਰ ਜੰਗਲ ਦੇ ਵਿਚ ਮਹੱਲ ਬਣਾ ਕੇ ਉਹਨੂੰ ਰੱਖਣਾ ਸ਼ੁਰੂ ਕਰ ਦਿਤਾ। ਦਾਈ ਬੜੀ

ਸਿਆਣੀ ਨਾਲ ਦੇ ਦਿਤੀ ਜਿਹੜੀ ਉਹਨੂੰ ਬੱਚੇ ਨੂੰ ਪਾਲਦੀ ਪੋਸਦੀ ਹੈ, ਬੱਚਾ ਵੱਡਾ ਹੋ ਗਿਆ, ਜਦੋਂ ਨੌਂ ਸਾਲ ਦਾ ਹੋਇਆ, ਦਾਈ ਰੋਣ ਲਗ ਗਈ, ਉਹ ਕਹਿਣ ਲੱਗਿਆ ਕਿ ਮਾਂ! ਤੂੰ ਕਿਉਂ ਰੋਂਦੀ ਹੈਂ? ਕਹਿੰਦੀ ਬੇਟਾ! ਅੱਜ ਮੈਂ ਤੈਨੂੰ ਸੱਚ-ਸੱਚ ਦੱਸਣਾ ਚਾਹੁੰਦੀ ਹੈ, ਕਹਿੰਦੇ ਕੀ। ਕਹਿਣ ਲੱਗੀ ਕਿ ਮੈਂ ਤੇਰੀ ਮਾਂ ਨਹੀਂ ਹਾਂ, ਮੈਂ ਤੇਰੀ ਦਾਈ ਹਾਂ। ਦੁਧੀਆ ਮਾਂ ਹਾਂ, ਤੈਨੂੰ ਮੈਂ ਆਪਣਾ ਦੁੱਧ ਚੁੰਘਾ ਕੇ ਪਾਲਿਆ ਹੈ। ਮੇਰਾ ਬੱਚਾ ਵੀ ਤੇਰੇ ਵਰਗਾ ਹੈ। ਉਹਦਾ ਦੁੱਧ ਮੈਂ ਤੈਨੂੰ ਚੁੰਘਾਉਂਦੀ ਰਹੀ ਹਾਂ ਤੇ ਹੁਣ ਤੂੰ ਫੇਰ ਕਿਉਂ ਰੋਂਦੀ ਹੈਂ? ਮੈਂ ਤੈਨੂੰ ਮਾਂ ਹੀ ਸਮਝਦਾ ਹਾਂ। ਕਹਿੰਦੇ ਨਹੀਂ, ਬੇਟਾ! ਤੇਰੇ ਥੋੜ੍ਹੇ ਜਿਹੇ ਦਿਨ ਹੋਰ ਜ਼ਿੰਦਗੀ ਦੇ ਰਹਿ ਗਏ, ਕਿਉਂਕਿ ਤੇਰੀ ਉਮਰ ਨੌਂ ਸਾਲ ਸੀ। ਉਦਾਸ ਹੋ ਗਿਆ, ਕਹਿੰਦਾ, ਮਾਤਾ! ਕੋਈ ਸਾਧਨ ਵੀ ਹੈ? ਕੋਈ ਜੁਗਤ ਵੀ ਹੈ? ਜੇ ਕੋਈ ਬੀਮਾਰੀ ਆ ਜਾਵੇ, ਉਹਦਾ ਇਲਾਜ ਵੀ ਹੁੰਦਾ ਹੈ, ਕੋਈ ਤਕਲੀਫ ਆ ਜਾਏ ਉਹਦਾ ਕੋਈ ਸਮਾਧਾਨ ਵੀ ਹੁੰਦਾ ਹੈ, ਮੁਸ਼ਕਲ ਆ ਜਾਏ ਉਹਦਾ ਕੋਈ ਹੱਲ ਹੁੰਦਾ ਹੈ, ਇਹਦਾ ਕੋਈ ਹੱਲ ਨਹੀਂ? ਕਹਿਣ ਲੱਗੀ, ਇੱਕ ਹੱਲ ਹੈ ਉਹ ਇਹ ਹੈ ਕਿ ਬੀਤਰਾਗ ਪੂਰਨ ਮਹਾਂਪੁਰਸ਼ ਕਿਤੇ ਮਿਲ ਜਾਣ ਤੇ ਤੂੰ ਉਨ੍ਹਾਂ ਦੇ ਚਰਨਾਂ ਨਾਲ ਆਪਣਾ ਮਸਤਕ ਲਾ ਦੇਵੇਂ ਤੇ ਉਹ ਅਸੀਸ ਦੇ ਦੇਣ। ਫੇਰ ਗੱਲ ਬਣ ਜਾਏਗੀ। ਕਹਿਣ ਲੱਗਿਆ, ਮਹਾਂਪੁਰਸ਼ ਬਥੇਰੇ ਹੋਣੇ ਨੇ ਜੰਗਲ 'ਚ, ਆਪਾਂ ਚੱਲੋ। ਕਹਿੰਦੀ ਇਜਾਜ਼ਤ ਨਹੀਂ ਹੈ ਆਪਾਂ ਨੂੰ ਬਾਹਰ ਜਾਣ ਦੀ। ਉਸ ਵੇਲੇ ਪਿਛਲਾ ਕੋਈ ਚੋਰ ਦਰਵਾਜ਼ਾ ਸੀ, ਉਹਨੂੰ ਖੋਲ੍ਹ ਕੇ ਬੱਚਾ ਨਿਕਲ ਗਿਆ ਤੇ ਸਾਧੂਆਂ ਦੀ ਤਲਾਸ਼ ਵਿਚ ਜਾਂਦੇ-ਜਾਂਦੇ, ਸਾਧੂਆਂ ਨੂੰ ਤਲਾਸ਼ ਕਰ ਲਿਆ ਤੇ ਮੰਡਲੀ ਬੈਠੀ ਹੈ ਭਜਨ ਦੇ ਵਿਚ ਮਸਤ। ਉਸ ਵੇਲੇ ਜਾ ਕੇ ਉਹਨੇ ਨਮਸ਼ਕਾਰ ਕਰੀ। ਪਹਿਲੇ ਨੂੰ, ਦੂਜੇ ਨੂੰ, ਤੀਜੇ ਨੂੰ, ਬੜੀ ਸ਼ਰਧਾ ਨਾਲ ਮੱਥੇ ਟੇਕੀ ਜਾਂਦਾ ਹੈ। ਜਿਹਨੂੰ ਵੀ ਮੱਥਾ ਟੇਕਦਾ ਹੈ ਉਹ ਕਹਿੰਦਾ ਹੈ ਬੇਟਾ! ਚਿਰੰਜੀਵ ਹੋ, ਚਿਰੰਜੀਵ ਹੋ। ਅਖੀਰ ਵੱਡੇ ਮਹਾਂਪੁਰਸ਼ਾਂ ਕੋਲ ਚਲਿਆ ਗਿਆ, ਜਦੋਂ ਉਥੇ ਪਿਆਰ ਦੇ ਨਾਲ ਮਸਤਕ ਨਿਵਾਇਆ ਉਸ ਵੇਲੇ ਮਹਾਂਪੁਰਸ਼ਾਂ ਨੂੰ ਉਹਦੀ ਭਾਵਨਾ 'ਤੇ ਤਰਸ ਆ ਗਿਆ। ਅੰਤਰ ਧਿਆਨ ਹੋ ਦੇਖਿਆ ਕਿ ਬੱਚੇ ਦੀ ਉਮਰ ਬੜੀ ਛੋਟੀ ਹੈ ਤੇ ਇਹਨੇ ਮਹਾਂਪੁਰਸ਼ਾਂ ਨੂੰ ਕਰੀ ਹੈ ਨਮਸ਼ਕਾਰ ਇਹਦੇ ਲੇਖ ਬਦਲਦੇ ਤੁਰੇ ਜਾਂਦੇ ਨੇ। ਉਨ੍ਹਾਂ ਦੇ ਮੁਖ ਤੋਂ ਨਿਕਲ ਗਿਆ ਬੇਟਾ! ਸਾਰਿਆਂ ਨਾਲੋਂ ਵੱਡੀ ਉਮਰ ਵਾਲਾ ਬਣ। ਮਹਾਰਾਜ ਕਹਿੰਦੇ -

ਮਾਰਕੰਡੇ ਤੇ ਕੋ ਅਧਿਕਾਈ
ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥ ਅੰਗ - ੬੯੨

ਐਡੀ ਉਮਰ ਵਾਲਾ ਸੀ, ਬਹੁਤ ਵੱਡੀ ਉਮਰ ਵਾਲਾ ਸੀ, ਮਹਾਰਾਜ ਕਹਿਣ ਲੱਗੇ, ਕਹਿੰਦੇ ਦੇਖ, ਸਲਾਰਦੀਨ ਆਹ ਫਰਕ ਹੋਇਆ ਕਿ ਨਾ, ਰੱਬ ਨੇ ਤਾਂ ਨੌਂ ਸਾਲ ਲਿਖਿਆ ਸੀ, ਮਹਾਤਮਾ ਨੇ ਸਾਰੀ ਦੁਨੀਆਂ ਦੇ ਨਾਲੋਂ ਵੱਡੀ ਉਮਰ ਉਹਨੂੰ ਦੇ ਦਿਤੀ। ਇਹ ਬਰਕਤਾਂ ਨੇ ਨਮਸ਼ਕਾਰ ਦੇ ਅੰਦਰ।

ਸੋ ਇਹ ਨਮਸ਼ਕਾਰ ਕਰ ਰਿਹਾ ਹੈ ਰਾਜਾ। ਪਹਿਲਾਂ ਤਾਂ ਡੰਡਉਤਾਂ ਕਰਦਾ ਆਇਆ ਫੇਰ ਨਮਸ਼ਕਾਰ। ਬਾਰ-ਬਾਰ ਗੁਰੂ ਨਾਨਕ ਪਾਤਸ਼ਾਹ ਨੂੰ ਨਮਸ਼ਕਾਰ ਕਰਕੇ ਚਰਨਾਂ ਦੇ ਉਤੇ ਸੀਸ ਰੱਖ ਦਿੱਤਾ।

ਉਠਦਾ ਨਹੀਂ ਹੈ ਸਿਰ ਧਰੀਂ ਪਿਆ ਹੈ, ਦਸ ਮਿੰਟ ਲੰਘ ਗਏ, ਵੀਹ ਮਿੰਟ ਲੰਘ ਗਏ, ਅੱਧਾ ਘੰਟਾ ਲੰਘ ਗਿਆ, ਰਾਜਾ ਉਠ ਨਹੀਂ ਰਿਹਾ। ਜਦੋਂ ਇਸ ਤਰ੍ਹਾਂ ਨਾਲ ਸ਼ਰਧਾ ਦੇਖੀ, ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਮੁਖਾਰਬਿੰਦ 'ਚੋਂ ਨਿਕਲਿਆ ਰਾਜਨ! ਉਠ ਤੂੰ ਸਾਵਧਾਨ ਹੋ। ਹੋ ਸਾਵਧਾਨ! ਜਿਸ ਚੀਜ਼ ਦੀ ਵੀ ਤੇਰੇ ਮਨ ਵਿਚ ਅਭਿਲਾਖਾ ਹੈ ਲਓ ਸਾਡੇ ਤੋਂ, ਆਪਣੇ ਮੂੰਹ ਤੋਂ ਬਚਨ ਕਰੋ, ਕਹੋ ਜਿਹੜੀ ਚੀਜ਼ ਵੀ ਤੁਸੀਂ ਕਹੋਂਗੇ, ਉਹ ਤੁਸੀਂ ਲਓ ਤੇ ਨਾਲ ਸਿੱਖੀ ਧਾਰਨ ਕਰੋ।

ਸਿੱਖੀ ਧਾਰ ਲਓ ਤੇ ਜੰਮਣ ਮਰਨ ਦਾ ਜਿਹੜਾ ਬੰਧਨ ਪਿਆ ਹੋਇਆ ਹੈ ਉਹਨੂੰ ਨਿਵਾਰ ਲਓ। ਮੰਗ ਕੀ ਮੰਗਣਾ ਹੈ, ਮੂੰਹ ਖੋਲ੍ਹ ਕੇ ਬੋਲ ਤੂੰ। ਬੋਲ ਕੇ ਦੱਸ ਤੂੰ। ਉਸ ਵੇਲੇ ਐਉਂ ਕਹਿੰਦੇ ਨੇ -

ਧਾਰਨਾ - ਗੰਢ ਪਈ ਨਹੀਂ ਜਗਤ ਨਾਲ ਮੇਰੀ,
ਇੱਕ ਪੁੱਤਰ ਦੇ ਦੇ ਮਾਲਕਾ।

ਪਾਤਸ਼ਾਹ! ਸਾਰੀਆਂ ਬਰਕਤਾਂ ਤੂੰ ਦਿੰਦਾ ਹੈਂ ਤੇ ਮੇਰੇ ਮਨ 'ਚ ਇੱਕ ਅਭਿਲਾਖਾ ਹੈ ਕਿ ਆਹ ਰਾਜਗੱਦੀ ਦਾ ਵਾਰਿਸ਼ ਕੋਈ ਨਹੀਂ ਹੈ। ਸੁੰਨੀ ਜਾ ਰਹੀ ਹੈ ਰਾਜਗੱਦੀ; ਬੜੇ ਮੈਂ ਯਤਨ ਕੀਤੇ ਨੇ, ਬੜੇ ਮੈਂ ਦੇਵੀ ਦੇਵਤੇ, ਵਿਸ਼ਨੂੰ, ਬ੍ਰਹਮਾ, ਸ਼ਿਵ ਜੀ ਦੇ ਵਿਧੀਪੂਰਵਕ ਯੱਗ ਕਰਾਏ ਨੇ, ਸਭ ਕੁਛ ਕਰਿਆ ਹੈ, ਤੀਰਥ ਕਰੇ ਨੇ, ਦਾਨ ਕਰੇ ਨੇ ਪਾਤਸ਼ਾਹ ਮੇਰੀ ਝੋਲੀ ਅਜੇ ਵੀ ਖਾਲੀ ਹੈ, ਕ੍ਰਿਪਾ ਕਰੋ। ਮਹਾਰਾਜ ਕਹਿੰਦੇ, ਰਾਜਨ! ਇਹ ਚੀਜ਼ਾਂ ਤਾਂ ਮਾਮੂਲੀ ਹੁੰਦੀਆਂ ਨੇ ਇਹ ਤਾਂ ਸਾਧਸੰਗਤ ਦੀ ਸੇਵਾ 'ਚੋਂ ਲੱਭ ਜਾਇਆ ਕਰਦੀਆਂ ਨੇ। ਜਿਹੜੇ ਪ੍ਰਵਾਨ ਮਹਾਤਮਾ ਹੁੰਦੇ ਨੇ, ਅਭੇਦ ਅਵਸਥਾ ਦੇ ਹੁੰਦੇ ਨੇ, ਉਨ੍ਹਾਂ ਦੇ ਬਾਰੇ ਬਾਣੀ ਵਿਚ ਇਸ ਤਰ੍ਹਾਂ ਦੇ ਨਾਲ ਆਉਂਦਾ ਹੈ -

ਧਾਰਨਾ - ਮੰਨੇ ਵਾਹਿਗੁਰੂ ਕੀਤਾ ਆਪਣੇ ਸੰਤਾਂ ਦਾ - ੨

ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ
ਓਇ ਰਾਮ ਨਾਮ ਰੰਗਿ ਰਾਤੇ ॥
ਤਿਨ੍ ਕੀ ਸੋਭਾ ਸਭਨੀ ਥਾਈ
ਜਿਨ੍ ਪ੍ਰਭ ਕੇ ਚਰਣ ਪਰਾਤੇ ॥
ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥
ਭਗਤਾ ਬਨਿ ਆਈ ਪ੍ਰਭ ਅਪਨੇ ਸਿਉ
ਜਲਿ ਥਲਿ ਮਹੀਅਲਿ ਸੋਈ ॥ ਅੰਗ - ੭੪੮

ਕਹਿੰਦੇ ਹੋ ਜਾਏਗਾ, ਅਗਲੇ ਸਾਲ ਉਸਦੇ ਪੁੱਤਰ ਹੋ ਗਿਆ। ਬੇਅੰਤ ਮਿਸਾਲਾਂ ਨੇ ਜਿੱਥੇ ਮਹਾਂਪੁਰਸ਼ ਨੇ। ਗੁਰੂ ਨਾਨਕ ਕਹਿਣ ਲੱਗੇ ਇਹ ਤਾਂ ਮੰਗ ਗੁਰੂ ਘਰ ਦੇ ਕੁੱਤਿਆਂ ਵਿਚ ਵੀ ਹੈ, ਉਹ ਵੀ ਪੂਰੇ ਕਰ ਸਕਦੇ ਨੇ।

ਇੱਕ ਵਾਰੀ ਇੱਕ ਬੀਬੀ ਸੀ ਰਾਮਪੁਰ ਦੀ, ਜਦੋਂ ਮੈਂ ਪਟਿਆਲੇ ਰਹਿੰਦਾ ਸੀ, ਸਾਡੇ ਪੜੌਸ 'ਚ ਨੇੜੇ ਹੀ ਰਹਿੰਦੇ ਸੀ। ਉਹਨੇ ਜਾ ਕੇ ਉਥੇ ਸੁੱਖ ਲਿਆ ਡੇਰਾ ਬਾਬਾ ਜੱਸਾ ਸਿੰਘ ਦੇ, ਬਾਬਾ ਨੰਦ ਸਿੰਘ ਸੀ ਉਥੇ ਦੇ ਮਹਾਤਮਾ, ਕੁੱਤੇ ਬੜੇ ਰਹਿੰਦੇ ਸੀ ਉਥੇ। ਤਿੰਨ-ਚਾਰ ਸੌ ਕੁੱਤਾ ਰਹਿੰਦਾ ਸੀ ਉਥੇ। ਉਹਨੇ ਜਾ ਕੇ ਸੁੱਖ ਲਿਆ ਕਿ ਬਾਬਾ! ਮੇਰਾ ਆਹ ਕੰਮ ਹੋ ਜਾਏ, ਪਤਾ ਨਹੀਂ ਨੌਕਰੀ ਦਾ ਸੀ, ਤਰੱਕੀ ਦਾ ਸੀ ਘਰਵਾਲੇ ਦਾ। ਤੇ ਮੈਂ ਤੇਰੇ

ਕੁੱਤਿਆਂ ਨੂੰ ਪ੍ਰਸ਼ਾਦ ਬਣਾ ਕੇ ਲਿਆਵਾਂ। ਮਹਾਰਾਜ ਨੇ ਸੁਣ ਲਈ ਤੇ ਬਾਬਾ ਜੀ ਉਨ੍ਹਾਂ ਕੁੱਤਿਆਂ ਨੂੰ ਮਾਰਨ ਨਹੀਂ ਸੀ ਦਿੰਦੇ। ਉਹ ਲੈ ਕੇ ਜਾਇਆ ਕਰੇ, ਬੜਾ ਵੱਡਾ ਭਾਂਡਾ ਸੀ ਉਹ ਭਰ ਲੈਣਾ, ਸਿਰ 'ਤੇ ਚੁੱਕ ਕੇ ਲੈ ਕੇ ਜਾਇਆ ਕਰੇ। ਇੱਕ ਵਾਰੀ ਅਸੀਂ ਪੁੱਛਿਆ ਕਿ ਇਹ ਕੀ ਲੈ ਕੇ ਜਾਂਦੀ ਹੈਂ। ਕਹਿੰਦੀ, ਮੈਂ ਕੁੱਤਿਆਂ ਵਾਸਤੇ ਲੈ ਕੇ ਜਾਂਦੀ ਹੈ, ਮੇਰੇ 'ਤੇ ਦਇਆ ਹੋਈ ਸੀ।

ਗੁਰੂ ਘਰ ਦੇ ਅੰਦਰ ਤੁਸੀਂ ਚਰਨ ਧੂੜ ਲਾ ਲਓ ਮੱਥੇ ਨਾਲ ਉਹ ਹੀ ਪ੍ਰਾਪਤ ਹੋ ਜਾਂਦਾ ਹੈ ਜੋ ਕੁਛ ਲੈਣਾ ਹੈ। ਸਾਡੀ ਸ਼ਰਧਾ ਨਹੀਂ, ਅਸੀਂ ਤਾਂ ਖਚਰੇ ਹਾਂ, ਇੱਥੇ ਅਰਦਾਸ ਕਰ ਲਈ ਇੱਕ ਬੀਬੀ ਨੇ ਕਿ ਮੇਰੇ ਪੁੱਤਰ ਹੋ ਜਾਏ। ਮੈਂ ਤਾਂ ਇਹੀ ਕਹਿੰਦਾ ਹੁੰਦਾ ਹਾਂ ਕਿ ਅਰਦਾਸ ਕਰ। ਉਸ ਨੇ ਅਰਦਾਸ ਕਰੀ, ਪੁੱਤਰ ਹੋ ਗਿਆ, ਮੈਲਾ ਜਿਹਾ ਪੰਜ ਰੁਪਏ ਦਾ ਨੋਟ ਲਈ ਫਿਰੇ, ਆਹ ਬੀਬੀ ਜੀ! ਪੈਸੇ ਲੈ ਲਓ।

ਇਹ ਕੀ ਹੈ?

ਕਹਿੰਦੀ, ਪੁੱਤਰ ਮਿਲਿਆ ਹੈ ਮੈਨੂੰ ਇਥੋਂ।

ਬੀਬੀ ਨੇ ਕਿਹਾ ਕਿ ਪੰਜ ਰੁਪਿਆਂ 'ਚ ਹੀ ਮਿਲ ਗਿਆ। ਤੇਰੇ ਮਨ 'ਚ ਕੋਈ ਸ਼ਰਧਾ ਚਾਹੀਦੀ ਹੈ, ਪੁੱਤਰ ਲੱਖਾਂ ਦਾ ਮਿਲਿਆ ਹੈ, ਤੂੰ ਗੁਰੂ ਨਾਲ ਮਖੌਲ ਕਰਦੀ ਹੈਂ? ਤੂੰ ਸੇਵਾ ਕਰ, ਕੋਈ ਹੋਰ ਗੱਲ ਕਰ। ਇਹ ਦੁਰਭਾਵਨਾ ਹੁੰਦੀ ਹੈ, ਉਹ ਤਾਂ ਆਦਮੀ ਵਿਕ ਜਾਂਦਾ ਹੈ ਕਿ ਮੇਰੀ ਗੁਰੂ ਨੇ ਮੰਨ ਲਈ ਹੁਣ ਮੈਂ ਗੁਰੂ ਦਾ ਹੋ ਜਾਣਾ ਹੈ। ਬੜਾ ਭਾਰਾ ਮੇਰਾ ਸੰਕਟ ਦੂਰ ਕਰ ਦਿੱਤਾ ਗੁਰੂ ਨੇ। ਮੇਰੀ ਬੀਮਾਰੀ ਦੂਰ ਕਰ ਦਿਤੀ। ਹੁਣ ਮੈਂ ਗੁਰੂ ਦਾ ਦਰ ਨਹੀਂ ਛੱਡਣਾ, ਅਸੀਂ ਕਿਹੋ ਜਿਹੇ ਹਾਂ, ਬੀਮਾਰੀ ਦੂਰ ਹੋ ਜਾਂਦੀ ਹੈ, ਓਦਣ ਹੀ ਨੱਠ ਜਾਂਦੇ ਨੇ ਇੱਥੋਂ। ਮੈਂ ਤਾਂ ਜੀ ਹੋ ਗਿਆ ਰਾਜ਼ੀ, ਚੱਲਿਆ। ਇਹ ਗੱਲ ਗਲਤ ਹੋਇਆ ਕਰਦੀ ਹੈ।

ਸੋ ਗੁਰੂ ਨਾਨਕ ਕਹਿਣ ਲੱਗੇ, ਰਾਜਨ! ਕੋਈ ਗੱਲ ਨਹੀਂ, ਆਹ ਲੈ ਦੋ ਇਲਾਚੀਆਂ, ਇੱਕ ਲੌਂਗ ਦੇ ਦਿਤਾ ਕਹਿੰਦੇ ਰਾਣੀ ਨੂੰ ਦੇ ਦੇਈਂ। ਤੈਨੂੰ ਦਾਤ ਮਿਲ ਜਾਏਗੀ ਪੁੱਤਰ ਦੀ, ਪਰ ਇੱਕ ਕੰਮ ਕਰੀਂ, ਇਸ ਤਰ੍ਹਾਂ ਕਹਿੰਦੇ ਨੇ –

ਧਾਰਨਾ – ਤੈਨੂੰ ਦਾਤ ਪੁੱਤਰ ਦੀ ਮਿਲ ਜਾਊ
ਸਤਿਨਾਮ ਜਪੀਂ ਵਾਹਿਗੁਰੂ।

ਕਹਿਣ ਲੱਗੇ ਕਿ ਰਾਜਨ! ਤੇਰੇ ਘਰ 'ਚ ਓਲਾਦ ਹੋਏਗੀ, ਗੱਦੀ ਦਾ ਵਾਰਿਸ ਆ ਜਾਏਗਾ। ਪਰ ਤੂੰ 'ਸਤਿਨਾਮ ਜਪ ਸੰਝ ਸਵੇਰ।' ਦਿਨ ਰਾਤ ਤੂੰ ਵਾਹਿਗੁਰੂ-ਵਾਹਿਗੁਰੂ ਕਰਦਾ ਰਹੀਂ ਤੇ ਨਾਲ ਤੂੰ ਸਤਿਸੰਗਤ ਮਹਿ ਕੀਰਤ ਸੁਣੀਐ। ਸਤਿਸੰਗ 'ਚ ਜਾਈਂ ਉਥੇ ਹਰੀ ਦਾ ਜਸ, ਪਿਆਰ ਨਾਲ ਬੈਠ ਕੇ ਸੁਣੀਂ।

ਵਾਸ਼ਨਾ ਤੇ ਵਿਸ਼ਿਆਂ ਦੀ ਵਾਸ਼ਨਾ ਮਨ ਤੋਂ ਦੂਰ ਕਰ ਦੇਈਂ, ਇਨਸਾਫ ਕਰੀਂ ਪਰਜਾ ਦੇ ਨਾਲ ਪਰਜਾ ਨੂੰ ਪੁੱਤਰਾਂ ਨੂੰ ਵਾਂਗੂੰ ਪਾਲੀਂ। ਜਦ ਤੂੰ ਬੰਦਗੀ ਕਰੇਂਗਾ ਤੇਰੇ ਘਰ ਪੁੱਤਰ ਆ ਜਾਏਗਾ। ਸੋ ਇਹ ਦਾਤਾਂ ਨੇ –

ਤੀਰਥ ਕੀਏ ਏਕ ਫਲ ਗੁਰੂ ਮਿਲੇ ਫਲ ਚਾਰ।
ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਬਿਚਾਰ।

ਗੁਰੂ ਦਰਗਾਹ 'ਚੋਂ ਵੀ ਛੁਡਾਉਂਦਾ ਹੈ, ਦੁਨੀਆਂ ਵੀ ਦਿੰਦਾ ਹੈ –

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥
ਅੰਗ – ੬੮੧

ਸੋ ਆਪ ਸਾਰੇ ਪੋਹ ਦੀ ਸੰਗਰਾਂਦ ਮਨਾਉਣ ਵਾਸਤੇ ਦੂਰ ਦਰਾਜ਼ ਤੋਂ ਇੱਥੇ ਪਹੁੰਚੇ ਓਂ। ਪੋਹ ਦਾ ਮਹੀਨਾ ਮਹਾਰਾਜ ਕਹਿੰਦੇ ਸੁਹਾਵਾ ਉਹਨੂੰ ਲਗਦਾ ਹੈ, ਵਿਘਨ ਉਸਦੇ ਜੀਵਨ 'ਚ ਨਹੀਂ ਆਉਂਦੇ, ਜਿਹੜਾ ਹਿਰਦੇ ਦੇ ਵਿਚ ਵਾਹਿਗੁਰੂ-ਵਾਹਿਗੁਰੂ ਕਰਦਾ ਰਹਿੰਦਾ ਹੈ। ਉਹਨੂੰ ਕੋਈ ਵਿਘਨ ਨਹੀਂ ਲਗਦਾ। ਉਹਨੂੰ ਪੋਹ ਦੀ ਸਰਦੀ ਦਾ ਦੁੱਖ ਨਹੀਂ ਲਗਦਾ।

ਪੋਖਿ ਤੁਖਾਰੁ ਨ ਵਿਆਪਈ ਕੰਠਿ
ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਅੰਗ – ੧੩੫

ਕਿਉਂਕਿ ਮਨ ਜਿਹੜਾ ਹੈ ਉਹ ਚਰਨਾਂ ਦੇ ਨਾਲ, ਪਿਆਰ ਨਾਲ ਵਿੰਨਿਆ ਪਿਆ ਹੈ ਤੇ ਦਰਸ਼ਨਾਂ ਦੀ ਚਾਹ ਲੱਗੀ ਪਈ ਹੈ ਮਨ ਵਿਚ।

ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਅੰਗ – ੧੩੫

ਸਾਧੂਆਂ ਨੂੰ ਮਿਲ ਕੇ ਹਰੀ ਦਾ ਜਸ ਕਰ। ਆਸਾ ਦੀਆਂ ਵਾਰਾਂ ਦੇ ਅੰਦਰ ਸਾਝਰੇ ਉਠਿਆ ਕਰ।

ਮੈਂ ਇੱਕ ਬੇਨਤੀ ਕਰਦਾ ਹਾਂ ਕਿ ਸ਼ਹਿਰ ਦੇ ਅੰਦਰ ਦੋ ਜੱਥੇ ਸਾਡੇ ਬੀਬੀਆਂ ਦੇ ਆਸਾ ਦੀਆਂ ਵਾਰਾਂ ਲਾਉਂਦੇ ਨੇ। ਇਨ੍ਹਾਂ 'ਚ ਪੜ੍ਹਨ ਵਾਲੀਆਂ ਬੀਬੀਆ ਨਾਲੇ ਤਾਂ ਸਕੂਲਾਂ 'ਚ ਪੜ੍ਹਦੀਆਂ ਨੇ। ਵੱਡੀਆਂ ਵੀ ਜਾਂਦੀਆਂ ਨੇ। ਇੱਕ ਵਜੇ ਉਠ ਕੇ ਤਿਆਰ ਹੁੰਦੇ ਨੇ ਸਾਰੇ, ਆਸਾ ਦੀਆਂ ਵਾਰਾਂ ਲਾਉਂਦੇ ਨੇ। ਮੈਂ ਕਹਿੰਦਾ ਰਹਿੰਦਾ ਹਾਂ ਕਿ ਬੱਚੇ ਪੜ੍ਹਦੇ ਨੇ ਥੋੜ੍ਹਾਂ ਜਿਹਾ ਹੌਲੀ ਚੱਲੀਏ ਆਪਾਂ। ਦੋਵੇਂ ਕੰਮ ਰਹਿਣ, ਦੁਨੀਆਂ ਵੀ ਠੀਕ ਰਹੇ ਤੇ ਦੀਨ ਵੀ ਠੀਕ ਰਹੇ। ਸੋ ਉਹਦੇ 'ਚ ਅਸੀਂ ਦੇਖਦੇ ਹਾਂ ਕਿ ਮੈਂ ਤਾਂ ਲੇਟ ਜਾਂਦਾ ਹੁੰਦਾ ਹਾਂ, ਮੇਰੇ ਜਾਂਦਿਆਂ ਨੂੰ ਸਾਰਾ ਪੰਡਾਲ ਭਰਿਆ ਪਿਆ ਹੁੰਦਾ ਹੈ, ਨਿੱਕੇ-ਨਿੱਕੇ ਬੱਚੇ ਪੰਜ ਸਾਲ ਦੇ, ਛੇ ਸਾਲ ਦੇ, ਜਿਵੇਂ ਬਲਬ ਜਲਦੇ ਨੇ ਐਉਂ ਉਨ੍ਹਾਂ ਦੀਆਂ ਅੱਖਾਂ ਖੁੱਲੀਆਂ ਹੁੰਦੀਆਂ ਨੇ। ਮਜ਼ਾਲ ਸੌਂ ਜਾਣ, ਕਿਸੇ ਨੂੰ ਨੀਂਦ ਨਹੀਂ ਆਉਂਦੀ, ਪਤਾ ਨਹੀਂ ਕੀ ਮਹਾਰਾਜ ਕ੍ਰਿਪਾ ਕਰਦੇ ਨੇ, ਦੋ ਵਜੇ ਦੇ ਉਠੇ ਹੋਏ, ਆਸਾ ਦੀ ਵਾਰ ਤਾਂ ਸੁਣ ਕੇ ਨੀਂਦ ਐਵੇਂ ਹੀ ਆ ਜਾਂਦੀ ਹੈ ਬੱਚਿਆਂ ਨੂੰ, ਕਿਉਂਕਿ ਉਹਦੇ 'ਚ ਵਖਿਆਨ ਤਾਂ ਹੁੰਦਾ ਨਹੀਂ, ਬਾਣੀ ਹੀ ਪੜ੍ਹਦੇ ਹੁੰਦੇ ਨੇ, ਬਾਣੀ ਜਿਹਨੂੰ ਸਮਝ ਆਉਂਦੀ ਹੈ, ਉਹਨੂੰ ਤਾਂ ਆਉਂਦੀ ਨਹੀਂ, ਦੂਜੇ ਨੂੰ ਆ ਜਾਂਦੀ ਹੈ। ਪਰ ਮਜ਼ਾਲ ਹੈ ਕੋਈ ਸੌਂ ਜਾਵੇ, ਛੋਟਾ ਜਿਹਾ ਬੱਚਾ ਵੀ ਨਹੀਂ ਸੌਂਦਾ ਜਿਹੜਾ ਗੋਦੀ 'ਚ ਹੈ ਤੇ ਜਦੋਂ ਅਸੀਂ ਆਉਂਦੇ ਹਾਂ ਪਿੰਡਾਂ 'ਚ, ਸਾਨੂੰ ਪਿੰਡਾਂ ਵਾਲੇ ਕਹਿਣ ਲੱਗ ਜਾਂਦੇ ਨੇ ਕਿ ਸਾਡੇ ਪਿੰਡ ਆਸਾ ਦੀ ਵਾਰ ਲਾਓ। ਓਥੇ ਕੋਈ ਵੀ ਬੰਦਾ ਨਹੀਂ ਹੁੰਦਾ, ਇੱਕ ਵੀ।

ਜੱਥਾ ਜਾ ਕੇ ਆਪ ਹੀ ਦੇਖਦਾ ਹੈ ਕਿ ਇਨ੍ਹਾਂ ਨੇ ਤਾਂ

ਮਹਾਰਾਜ ਵੀ ਪ੍ਰਕਾਸ਼ ਨਹੀਂ ਕਰੇ ਅਜੇ। ਬੈਠਣ ਨੂੰ ਵੀ ਥਾਂ ਨਹੀਂ ਬਣਾਇਆ ਅਜੇ, ਚਾਨਣਾ ਵੀ ਨਹੀਂ ਇਨ੍ਹਾਂ ਕੋਲ।

ਥੋੜ੍ਹੇ ਜਿਹੇ ਦਿਨ ਹੋਏ ਸਹੌੜਾ ਲੱਗਿਆ ਦੀਵਾਨ, ਪੰਜ ਵਜੇ ਤੋਂ ਪਹਿਲਾਂ ਇੱਕ ਵੀ ਨਾ ਪਹੁੰਚਿਆ ਪਿੰਡ ਵਾਲਾ। ਪੰਜ ਵਜੇ ਤੋਂ ਬਾਅਦ ਓਦੋਂ ਹੀ ਭੋਗ ਪੈ ਜਾਂਦਾ ਹੈ, ਥੋੜ੍ਹੀ ਜਿਹੀ ਦੇਰ ਪਹਿਲਾਂ ਟਾਂਵੇਂ-ਟਾਂਵੇਂ ਬਜ਼ੁਰਗ ਜਿਹੇ ਆਉਣ ਲੱਗੇ। ਇਹ ਮੈਨੂੰ ਇਕਬਾਲ ਸਿੰਘ ਅੰਦਰ ਲੈ ਗਿਆ ਤੇ ਉਥੇ ਜਦੋਂ ਮੈਂ ਬਾਹਰ ਆ ਕੇ ਦੇਖਿਆ ਛੇ ਸਾਢੇ ਛੇ ਵਜ ਗਏ ਸੀ ਤੇ ਚਾਹ ਦਾ ਲੰਗਰ ਜਾਂ ਦੁੱਧ ਦਾ, ਨਾਲ ਕੋਈ ਚੀਜ਼ਾਂ ਸੀ ਖਾਣ ਵਾਲੀਆਂ। ਉਹ ਭਰਿਆ ਪਿਆ ਵਰਾਂਡਾ ਜਿਹਾ। ਮੈਂ ਕਿਹਾ ਲੈ ਹੁਣ ਆ ਗਏ ਸਾਰੇ। ਆਹ ਤਾਂ ਹੈਗਾ ਪਿੰਡਾਂ 'ਚ। ਜਿਹੜਾ ਸ਼ਹਿਰ ਹੈ ਇਹ ਲੰਘ ਗਿਆ ਅੱਗੇ, ਮੇਰਾ ਸੀਗਾ ਕਿ ਪਿੰਡ ਉਚੇ ਕਰਨੇ ਨੇ, ਸ਼ਹਿਰ ਵਾਲੇ ਤਾਂ ਬਥੇਰੇ ਆਉਂਦੇ ਨੇ ਇੱਥੇ। ਪਰ ਉਹ ਲੰਘ ਗਏ। ਛੋਟੇ-ਛੋਟੇ ਬੱਚੇ ਮਾਂ ਨੂੰ ਕਹਿੰਦੇ ਨੇ ਕਿ ਜੇ ਮੈਨੂੰ ਨਾ ਉਠਾਲਿਆ ਤੂੰ, ਤਾਂ ਮੈਂ ਰੋਟੀ ਨਹੀਂ ਖਾਣੀ। ਮੈਂ ਪੁੱਛਿਆ ਕਿ ਇਹਨੂੰ ਜਾਗ ਆ ਗਈ ਸੀ? ਕਹਿੰਦੇ ਜਾਗ ਤਾਂ ਪੁੱਛੋ ਹੀ ਨਾ, ਇਹ ਸੁੱਤਾ ਹੀ ਨਹੀਂ, ਸਾਡੀਆਂ ਪਹਿਲਾਂ ਹੀ ਬਾਹਾਂ ਹਿਲਾਈ ਜਾਵੇ ਕਿ ਆਪਾਂ ਲੇਟ ਹੋ ਜਾਵਾਂਗੇ, ਉਠੀਏ ਆਪਾਂ ਨਹਾਈਏ। ਫੇਰ ਮੈਂ ਪੁੱਛਦਾ ਹਾਂ ਹਾਂ ਬੇਟਾ! ਨਹਾ ਕੇ ਆਇਆ ਹੈ? ਬਹੁਤੇ ਜਵਾਬ ਦਿੰਦੇ ਨੇ ਕਿ ਮੈਂ ਨਹਾਤਾ ਸੀ।

ਸੋ ਇਸ ਤਰ੍ਹਾਂ ਜਦੋਂ ਅਸੀਂ ਪ੍ਰਮੇਸ਼ਰ ਦਾ ਜਸ ਕਰਾਂਗੇ, ਇਹ ਚੀਜ਼ ਸਾਡੇ 'ਚੋਂ ਮਰ ਚੁੱਕੀ ਹੈ, ਪਹਿਲੇ ਜ਼ਮਾਨਿਆਂ 'ਚ ਸਾਡੇ ਪਿੰਡਾਂ 'ਚ ਆਸਾ ਦੀਆਂ ਵਾਰ ਲਗਦੀ ਹੁੰਦੀ ਸੀ। ਘਰ-ਘਰ ਅਸੀਂ ਜਾਣਾ, ਆਸਾ ਜੀ ਦੀ ਵਾਰ ਲਾਉਣੀ ਨਾਲੇ ਕੰਮ ਕਰਨੇ। ਅੰਮ੍ਰਿਤ ਵੇਲੇ ਉਠ ਕੇ ਜਾਣਾ ਜਦੋਂ ਮੂੰਹ ਦਿਸਣ ਲਗ ਜਾਣਾ ਉਸੇ ਵੇਲੇ ਭੋਗ ਪਾ ਕੇ ਅਸੀਂ ਸਿੱਧੇ ਖੇਤਾਂ ਨੂੰ ਤੁਰ ਜਾਂਦੇ ਸੀ। ਗੁਡਾਈਆਂ ਕਰਨੀਆਂ, ਸਾਰੇ ਕੰਮ ਕਰਦੇ ਸੀ, ਸਭ ਤੋਂ ਵਧੀਆ ਫਸਲ ਹੁੰਦੀ ਸੀ। ਇਹ ਵੀ ਨਹੀਂ ਇਧਰ ਗੁਰਦੁਆਰੇ ਵਲ ਹੋ ਕੇ ਫਸਲ ਘਟ ਗਈ। ਯੂ.ਪੀ. 'ਚ ਵੀ ਮੇਰੀ ਫਸਲ ਸਾਰਿਆਂ ਨਾਲੋਂ ਜ਼ਿਆਦਾ ਹੁੰਦੀ ਸੀ ਨਾਲੇ ਸਤਿਸੰਗ ਕਰਨੇ, ਨਾਲ ਪੂਰਾ ਧਿਆਨ ਓਧਰ ਰੱਖਣਾ। ਲੇਕਿਨ ਇਹ ਹੋਇਆ ਕੀ, ਇੱਥੇ ਤਾਂ ਸਿੱਖੀ ਵੀ ਲੇਟ ਆਈ ਹੈ, ਇਕੱਲੇ ਹੀ ਭਾਈ ਸਾਹਿਬ ਰਣਜੀਤ ਸਿੰਘ ਦਿਸਦੇ ਹੁੰਦੇ ਹੋਰ ਤਾਂ ਕੋਈ ਨਜ਼ਰ ਨਹੀਂ ਸੀ ਆਉਂਦਾ ਹੁੰਦਾ ਇੱਥੇ। ਲੇਕਿਨ ਪਰਪਾਟੀ ਨਹੀਂ ਪਈ, ਅਸੀਂ ਰੌਲਾ ਪਾਈ ਜਾਂਦੇ ਹਾਂ –

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਅੰਗ - ੩੦੫

ਕੋਈ ਨਹੀਂ ਕੀਰਤਨ ਦਾ ਰਿਵਾਜ। ਚਲੋ ਜੇ ਆਪ ਨਹੀਂ ਆਉਂਦਾ, ਜੱਥਾ ਕੋਈ ਆ ਜਾਵੇ, ਸਾਰੇ ਪਿੰਡ ਦੇ ਅੰਦਰ ਇੱਕ ਤਰ੍ਹਾਂ ਐਉਂ ਹੋਣਾ ਚਾਹੀਦਾ ਹੈ ਕਿ ਅੱਜ ਸਾਡੇ ਪਿੰਡ ਜੱਥਾ ਆਉਣਾ ਹੈ, ਆਸਾ ਦੀ ਵਾਰ ਬੀਬੀਆਂ ਨੇ ਲਾਉਣੀ ਹੈ, ਛੋਟੀਆਂ-ਛੋਟੀਆਂ ਬੱਚੀਆਂ ਨੇ। ਦੇਖੀਏ ਕਿ ਆਸਾ ਜੀ ਦੀ ਵਾਰ ਕਿਵੇਂ ਲਗਦੀ ਹੁੰਦੀ ਹੈ, ਮਜ਼ਾਲ ਐ। ਕੋਈ ਨਹੀਂ ਆਉਂਦਾ, ਜਦੋਂ ਭੋਗ ਪੈਣਾ ਹੁੰਦਾ ਹੈ, ਕਹਿੰਦੇ ਨੇ ਕਿ ਜਾ ਆਈਏ, ਕਿਤੇ ਗੁੱਸੇ ਨਾ ਹੋਣ। ਆਹ ਤਾਂ ਸਾਡਾ ਹਾਲ ਹੈ। ਫੇਰ ਬਰਕਤਾਂ ਆਉਣ ਕਿ ਕੀ ਆਵੇ। ਆਹ ਪਰੇਸ਼ਾਨੀਆਂ ਕਿੰਨੀਆਂ ਨੇ, ਰਾਤ ਨੂੰ ਜਾਗੀ ਜਾਂਦੇ ਹਾਂ, ਮੈਂ ਤਾਂ ਬੜੀ ਵਾਰੀ ਮਹਾਰਾਜ ਨੂੰ ਪੁੱਛਿਆ ਹੈ ਕਿ ਸੱਚੇ ਪਾਤਸ਼ਾਹ! ਆਹ ਤੇਰੇ ਪੰਥ ਦੇ ਉਤੇ ਐਨੀ ਬਿਪਤਾ ਕਿਉਂ ਆ ਗਈ? ਮਹਾਰਾਜ ਕਹਿੰਦੇ, ਬਿਪਤਾ ਅਜੇ ਤਾਂ ਕੁਛ ਵੀ ਨਹੀਂ ਹੈਗੀ ਇਹ ਤਾਂ ਇਸ ਤੋਂ ਵੀ ਜ਼ਿਆਦਾ ਆਉਣੀ ਹੈ। ਕਹਿੰਦੇ ਨਾ ਤਾਂ ਇਹ ਨਾਮ ਜਪਦੇ ਨੇ, ਸਿੱਖ ਬਣੇ ਫਿਰਦੇ ਨੇ, ਸ਼ਰਾਬ ਦੀ ਬੋਤਲ ਤੋਂ ਮੂੰਹ ਨਹੀਂ ਦੂਰ ਕਰਦੇ। ਬਦਨਾਮ ਕਰ ਦਿੱਤਾ ਮੈਨੂੰ ਦਰਗਾਹ 'ਚ ਇਨਹਾਂ ਨੇ। ਅਕਾਲ ਪੁਰਖ ਪੁੱਛਦਾ ਹੈ ਕਿ ਆਹੀ ਸਿੱਖ ਬਣਾ ਕੇ ਆਏ ਸੀ ਜਿਹੜੇ ਲੜਦੇ ਫਿਰਦੇ ਨੇ। ਜਿਹੜੇ ਨਾਮ ਨਹੀਂ ਜਪਦੇ, ਉਠਦੇ ਨਹੀਂ ਹਨ, ਜਰਦੇ ਖਾਂਦੇ ਨੇ, ਸ਼ਰਾਬਾਂ ਪੀਂਦੇ ਨੇ, ਨਿੰਦਿਆ ਕਰਦੇ ਨੇ, ਚੁਗਲੀਆਂ ਕਰਦੇ ਨੇ, ਈਰਖਾ ਕਰਦੇ ਨੇ ਤੇ ਗੁਰੂ ਘਰ ਦੇ ਵਿਚ ਭੁੱਲ ਕੇ ਵੀ ਆ ਕੇ ਨਮਸ਼ਕਾਰ ਨਹੀਂ ਕਰਦੇ। ਫੇਰ ਇਨ੍ਹਾਂ ਨਾਲ ਇਸ ਤਰ੍ਹਾਂ ਨਹੀਂ ਹੋਏਗੀ ਤਾਂ ਹੋਰ ਕਿਵੇਂ ਹੋਵੇ? ਮੇਰੀ ਖੇਤੀ ਹੈ –

ਪੰਥ ਖਾਲਸਾ ਖੇਤੀ ਮੇਰੀ।
ਕਰੌਂ ਸੰਭਾਲਨਿ ਮੈਂ ਤਿਸ ਬੇਰੀ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੫੬੪੨

ਮੈਂ ਨਦੀਣ ਕੱਢਣਾ ਹੈ ਇਹਦੇ ਵਿਚੋਂ। ਨਦੀਣ ਬਹੁਤਾ ਹੋ ਗਿਆ ਇਹਦੇ ਵਿਚ। ਸੰਭਲ ਜਾਓ ਸਿੰਘੋ ਮੈਂ 1980 ਵਿਚ ਵੀ ਕਹਿੰਦਾ ਹੁੰਦਾ ਸੀ। ਜਦੋਂ ਮੈਂ ਕਹਿੰਦਾ ਸੀ ਸੰਭਲ ਜਾਓ ਜਲਦੀ ਬੜਾ ਭਿਆਨਕ ਸਮਾਂ ਆਉਣ ਵਾਲਾ ਹੈ, ਆ ਗਿਆ ਨਾ ਦੇਖਦੇ-ਦੇਖਦੇ। ਇਸ ਤੋਂ ਵੀ ਭਿਆਨਕ ਹੋ ਜਾਣਾ ਹੈ ਜੇ ਅਜੇ ਨਾ ਸੰਭਲੇ। ਛੱਡ ਦਿਓ ਸ਼ਰਾਬਾਂ, ਛੱਡ ਦਿਓ ਨਿੰਦਿਆ ਚੁਗਲੀ। ਗੁਰਦਵਾਰੇ ਤੜਕੇ ਹੀ ਇਕੱਠੇ ਹੋ ਕੇ ਗੁਰੂ ਸਾਹਿਬ ਦੇ ਮੂਹਰੇ ਨੱਕ ਰਗੜੇ ਕਿ ਸਾਡੀਆਂ ਭੁੱਲਾਂ ਕਰ ਦਿਓ ਮਾਫ। ਸਾਨੂੰ ਸੁਖ ਦਾ ਸਾਹ ਦਿਓ। ਅਸੀਂ ਬਹੁਤ ਤੰਗ ਹੋ ਗਏ। ਤੇਰੇ ਵਲੋਂ ਅਸੀਂ ਪਿੱਠ ਕਰੀ ਹੋਈ ਹੈ। ਪਾਤਸ਼ਾਹ ਬਖਸ਼ ਲੈ, ਉਠ ਖੜ੍ਹੋ ਸਾਰਾ ਪੰਜਾਬ। ਗੁਰੂ ਦੇ ਚਰਨੀਂ ਆ ਕੇ ਪੈ ਜਾਓ। ਗੁਰੂ ਸਮਰੱਥ ਹੈ, ਰਾਖੀ ਕਰੇਗਾ। ਕੋਈ ਕੁਛ ਵੀ ਨਹੀਂ ਵਿਗਾੜ ਸਕਦਾ –

ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥
ਅੰਗ - ੧੩੯੯

ਲੱਖ ਬਾਹਾਂ ਇੱਕ ਸਿੱਖ ਦਾ ਕੁਛ ਨਹੀਂ ਵਿਗਾੜ ਸਕਦੀਆਂ –

ਰੋਗਨ ਤੇ ਅਰ ਸੋਗਨ ਤੇ ਜਲ ਜੋਗਨ
ਤੇ ਬਹੁਤ ਭਾਂਤਿ ਬਚਾਵੈ॥
ਸਤ੍ਰ ਅਨੇਕ ਚਲਾਵਤ ਘਾਵ,
ਤਊ ਤਨ ਏਕ ਨ ਲਾਗਨ ਪਾਵੈ॥
ਰਾਖਤ ਹੈ ਅਪਨੋ ਕਰ ਦੈ ਕਰ,
ਪਾਪ ਸਮੂੰਹ ਨ ਭੇਟਨ ਪਾਵੈ॥
ਔਰ ਕੀ ਬਾਤ ਕਹਾ ਕਹ ਤੋ ਸੋਂ
ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ ਅਕਾਲ ਉਸਤਤਿ

ਆਹ ਤਾਂ ਹਾਲ ਸਾਡਾ ਹੈ। ਸੈਣੀਮਾਜਰੇ ਮੈਨੂੰ ਲੈ ਗਏ, ਕਹਿੰਦੇ ਆਸਾ ਜੀ ਦੀ ਵਾਰ 'ਤੇ ਤੁਸੀਂ ਜ਼ਰੂਰ ਆਉਣਾ ਹੈ। ਇਥੋਂ ਜੱਥਾ ਚਲਿਆ ਗਿਆ, ਮੈਂ ਤੇ ਬੀਬੀ ਜੀ ਆਏ, ਅਸੀਂ ਆ ਕੇ ਹੈਰਾਨ ਰਹਿ ਗਏ ਕਿ ਇੱਕ ਤਾਂ ਹਰਪਾਲ ਸਿੰਘ ਸਾਡਾ ਜਿਹੜਾ ਮਰੂਤਾ ਚਲਾਉਂਦਾ ਹੈ, ਦੋ ਇਹਦੇ ਨਾਲ ਹੋਰ। ਨਾ ਤਾਂ ਬੋਲ ਰਲੇ, ਉਹ ਵਿਚਾਰਾ ਸਹੀ ਬੋਲੇ, ਤਿੰਨ ਜਣੇ ਬੈਠੇ, ਇੱਕ ਉਤੇ ਤਾਬੇ

(ਬਾਕੀ ਪੰਨਾ 28 ਤੇ)

ਧਰਮ ਹੇਤ ਸਾਕਾ ਜਿਨ ਕੀਆ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂਹਾਨੀ ਮਿਸ਼ਨ

(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ ਪੰਨਾ - 50)

ਕਹਿੰਦੇ, ਫੇਰ ਪਾਤਸ਼ਾਹ! ਤੁਸੀਂ ਕੀ ਸੋਚਿਆ ਹੈ ਇਨ੍ਹਾਂ ਦਾ ਦੁੱਖ ਦੂਰ ਕਰੋ, ਤੁਸੀਂ ਸਮਰੱਥ ਪੁਰਸ਼ ਓਂ। ਕਹਿੰਦੇ, ਲਾਲ ਜੀ! ਇਨ੍ਹਾਂ ਦਾ ਦੁੱਖ ਦੂਰ ਕਰਨ ਵਾਸਤੇ ਜਿਹੜਾ ਕੁਛ ਕਰਨਾ ਹੈ, ਉਹ ਸੁਣੋ ਧਿਆਨ ਨਾਲ -

ਧਾਰਨਾ - ਤਿਲਕ ਜੰਞੂ ਦੀ ਰਾਖੀ ਨਹੀਂਓਂ ਹੋਣੀ,
ਬਿਨਾਂ ਦਿੱਤੇ ਸੀਸ ਲਾਲ ਜੀ।

ਕਹਿਣ ਲੱਗੇ, ਲਾਲ ਜੀ! ਮੈਂ ਇਸ ਸੋਚ ਵਿਚ ਸੀ ਕਿ ਇਸ ਭਾਰੇ ਜ਼ੁਲਮ ਨੂੰ ਦੂਰ ਕਰਨ ਵਾਸਤੇ, ਕਿਸੇ ਮਹਾਂਪੁਰਸ਼ ਨੂੰ ਆਪਣਾ ਬਲੀਦਾਨ ਦੇਣਾ ਪੈਣਾ ਹੈ ਤੇ ਇਨ੍ਹਾਂ ਨੂੰ ਮੈਂ ਇਹ ਗੱਲ ਕਹਿ ਦਿੱਤੀ ਹੈ ਕਿ ਕੋਈ ਪੂਰਨ ਮਹਾਂਪੁਰਸ਼ ਸੀਸ ਦੇਵੇ, ਇਹ ਨੀਵੀਆਂ ਪਾਈ ਬੈਠੇ ਨੇ -

ਨੌਵੇਂ ਸਤਿਗੁਰ ਆਖਿਆ ਮੇਰੇ ਸੁਤ ਸੁਜਾਨ
ਠੱਲ੍ਹ ਸਕਦਾ ਹੈ ਦੇਸ਼ ਵਿਚ, ਜ਼ੁਲਮਾਂ ਦਾ ਤੂਫਾਨ
ਜੇ ਕੋਈ ਅਣਖੀ ਸੂਰਮਾ ਜੋਧਾ ਕੋਈ ਮਹਾਨ
ਡੱਟ ਖਲੋਵੇ ਸਾਮ੍ਹਣੇ ਆਪਣੀ ਛਾਤੀ ਤਾਣ।
ਕੋਈ ਪਵਿੱਤਰ ਆਤਮਾ ਨਿਰਭੈ ਤੇ ਬਲਵਾਨ।
ਤਿਆਗੇ ਮੋਹ ਸਰੀਰ ਦਾ ਕਰਕੇ ਸਸਤੀ ਜਾਨ।
ਅਗਨੀ ਦੇ ਇਸ ਕੁੰਡ ਵਿਚ ਦੇ ਆਪਣਾ ਬਲੀਦਾਨ।
ਲੇਖੇ ਧਰਮ ਅਸੂਲ ਦੇ ਅਰਪਣ ਕਰੇ ਪ੍ਰਾਣ।

ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਜਦੋਂ ਸੁਣਦੇ ਸਾਰ ਕਹਿਣ ਲੱਗੇ, ਪਿਤਾ ਜੀ! ਐਸ ਵੇਲੇ ਤੁਹਾਡੇ ਨਾਲੋਂ ਵੱਡਾ ਤਾਂ ਸੰਸਾਰ ਦੇ ਉਤੇ ਕੋਈ ਸੂਰਮਾ ਹੀ ਨਹੀਂ ਹੈ। ਕੋਈ ਵੱਡਾ ਸੂਰਮਾ ਨਹੀਂ, ਕੋਈ ਪਵਿੱਤਰ ਆਤਮਾ ਨਹੀਂ। ਫੇਰ ਹੋਰ ਕੀਹਦੇ ਵਲ ਦੇਖਣਾ ਹੈ ਪਿਤਾ ਜੀ। ਤੁਸੀਂ ਹੀ ਬਲੀਦਾਨ ਦੇਵੋ, ਭਾਵੇਂ ਜੰਞੂ ਤੇ ਤਿਲਕ ਦੇ ਵਿਚ ਸਾਡਾ ਵਿਸ਼ਵਾਸ਼ ਨਹੀਂ, ਪਰ ਪਿਤਾ ਜੀ! ਧੱਕਾ ਹੋ ਰਿਹਾ ਹੈ ਧਰਮ ਦੇ ਉਤੇ। ਧੱਕਾ ਨਹੀਂ ਹੋਣ ਦੇਣ ਦੇਣਾ। ਤੁਸੀਂ ਆਪਣਾ ਬਲੀਦਾਨ ਦੇਵੋ। ਬੇਟਾ! ਆਹ ਬਿਖੜੇ ਹਾਲਾਤ, ਸਾਡੇ ਬਲੀਦਾਨ ਦੇਣ ਦੇ ਨਾਲ ਗੁਰੂ ਘਰ ਦੇ ਨਾਲ ਸਿੱਧਾ ਵਿਰੋਧ ਬਾਦਸ਼ਾਹੀ ਦਾ ਪੈ ਜਾਏਗਾ। ਪਹਿਲਾਂ ਗੁਰੂ ਪੰਜਵੇਂ ਪਾਤਸ਼ਾਹ ਨੂੰ ਤੱਤੀਆਂ ਤਵੀਆਂ 'ਤੇ ਸ਼ਹੀਦ ਕਰ ਦਿੱਤਾ। ਫੇਰ ਗੁਰੂ ਅੱਠਵੇਂ ਪਾਤਸ਼ਾਹ ਨੂੰ ਜਾ ਕੇ ਛੋਟੀ ਉਮਰ ਦੇ ਵਿਚ ਆਪਣਾ ਸਰੀਰ ਛੱਡਣਾ ਪਿਆ, ਆਪਣਾ ਪ੍ਰਣ ਪਾਲਣ ਵਾਸਤੇ ਤੇ ਇਹ ਸਰੀਰ ਦੇਣ ਤੋਂ ਬਾਅਦ ਤੁਹਾਡੇ ਨਾਲ ਵੀ ਉਸੇ ਤਰ੍ਹਾਂ ਹੋਏਗੀ, ਤੁਹਾਨੂੰ ਬੁਲਾਉਣਗੇ, ਤੰਗ ਕਰਨਗੇ, ਸਿੱਧਾ ਵੈਰ ਪੈ ਜਾਏਗਾ, ਸੋ ਅਜੇ ਤੁਸੀਂ ਛੋਟੇ ਓਂ। ਮਹਾਰਾਜ ਨੇ ਇਹ ਦੇਖਣ ਵਾਸਤੇ ਕਿ ਕੀ ਕਹਿੰਦੇ ਨੇ ਇਹ। ਆਪ ਚੁੱਪ ਹੋ ਗਏ। ਉਸ ਵੇਲੇ ਗੁਰੂ ਦਸ਼ਮੇਸ਼ ਪਾਤਸ਼ਾਹ ਕਹਿਣ ਲੱਗੇ, ਪਿਤਾ ਜੀ! ਜਦੋਂ ਮੇਰਾ ਕੋਈ ਵਸ ਨਹੀਂ ਸੀ ਚਲਦਾ, ਮੈਂ ਹੱਥ ਪੈਰ ਨਹੀਂ ਹਿਲਾ ਸਕਦਾ ਸੀ, ਮਾਤਾ ਦੇ ਗਰਭ ਵਿਚ -

ਮਾਤਾ ਕੇ ਉਦਰ ਮਹਿ ਪ੍ਰਤਿਪਾਲ
ਕਰੇ ਸੋ ਕਿਉ ਮਨਹੁ ਵਿਸਾਰੀਐ ॥ ਅੰਗ - ੯੨੦

ਉਥੇ ਮੇਰੀ ਪ੍ਰਤਿਪਾਲਣਾ ਆਪ ਅਕਾਲ ਪੁਰਖ ਕਰਦਾ ਸੀ। ਫੇਰ ਮੇਰੇ ਵਾਸਤੇ ਦੁੱਧ ਬਣਾ ਦਿੱਤਾ। ਜਦੋਂ ਮੈਂ ਕੁਛ ਖਾ ਨਹੀਂ ਸੀ ਸਕਦਾ। ਜਦੋਂ ਦੰਦ ਆ ਗਏ, ਮੇਰੇ ਵਾਸਤੇ ਖੁਰਾਕ ਬਣਾ ਦਿਤੀ, ਮਾਤਾ ਪਿਤਾ ਦਾ ਹੱਥ ਦੇ ਦਿੱਤਾ। ਹੁਣ ਤਾਂ ਮੈਂ ਨੌਂ ਸਾਲ ਦਾ ਹੋ ਗਿਆ, ਮੇਰੀ ਚਿੰਤਾ ਨਾ ਕਰੋ, ਮੇਰੀ ਚਿੰਤਾ ਜਿਹੜੀ ਹੈ,

ਮੂਲ ਕਰੋ ਗੁਰਦੇਵ ਨਾ, ਮਨ ਅੰਦਰ ਸੰਸਾ,
ਆਪੇ ਪੁਰਖ ਅਕਾਲ ਨੂੰ ਹੈ ਮੇਰੀ ਚਿੰਤਾ।
ਇੱਕੋ ਉਹਦਾ ਆਸਰ ਤੇ ਇੱਕੋ ਉਹਦਾ ਪਰਨਾ।
ਰੱਛਾ ਮੇਰੀ ਕਰੇਗਾ ਉਹ ਸਾਹਿਬ ਸੱਚਾ।

ਪਿਤਾ ਜੀ! ਮੇਰੀ ਰੱਛਿਆ ਕਰਨ ਵਾਲਾ ਭਗਵਾਨ ਆਪ ਹੈ-

ਰੋਗਨ ਤੇ ਅਰ ਸੋਗਨ ਤੇ
ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥
ਸ਼ਤ੍ਰੁ ਅਨੇਕ ਚਲਾਵਤ ਘਾਵ,
ਤਊ ਤਨ ਏਕ ਨਾ ਲਾਗਨ ਪਾਵੈ॥
ਰਾਖਤ ਹੈ ਅਪਨੋ ਕਰ ਦੈ ਕਰ,
ਪਾਪ ਸਮੂੰਹ ਨ ਭੇਟਨ ਪਾਵੈ॥
ਔਰ ਕੀ ਬਾਤ ਕਹਾ ਕਹ ਤੋ ਸੋਂ,
ਸੁ ਪੇਟ ਹੀ ਕੇ ਪਟ ਬੀਚ ਬਚਾਵੈ॥

ਮੇਰੀ ਰੱਛਿਆ ਉਨ੍ਹਾਂ ਨੇ ਕਰਨੀ ਹੈ, ਘੁੱਟ ਕੇ ਛਾਤੀ ਨਾਲ ਲਾ ਲਿਆ। ਮੱਥਾ ਚੁੰਮਿਆ, ਪਿਆਰ ਕੀਤਾ, ਨੇਤਰਾਂ 'ਚ ਨੇਤਰ ਪਾ ਕੇ ਝਾਕਿਆ, ਦੇਖਿਆ ਕਿ ਦਿਲ ਦੀ ਗਹਿਰਾਈ ਤੋਂ ਇਹ ਆਵਾਜ਼ ਉਠੀ ਹੈ। ਉਸ ਵੇਲੇ ਮਹਾਰਾਜ ਕਹਿੰਦੇ, ਪ੍ਰੇਮੀਓਂ! ਰੋਣਾ ਬੰਦ ਕਰੋ, ਖੁਸ਼ੀਆਂ ਦੇ ਘਰ ਵਿਚ ਆਓ। ਗੁਰੂ ਦਰਬਾਰ 'ਚੋਂ ਅੱਜ ਤੱਕ ਰੋਂਦਾ ਨਹੀਂ ਕੋਈ ਗਿਆ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਪਾਸ ਇੱਕ ਪ੍ਰੇਮੀ ਆ ਗਿਆ ਕਲਕੱਤੇ ਤੋਂ ਰਤਨ ਸਿੰਘ ਉਹਦਾ ਨਾਮ ਸੀ, ਦੁਰਾਹੇ ਉਤਰਿਆ ਮਹਾਰਾਜ ਜੀ ਦੇ ਚਰਨਾਂ 'ਚ ਆ ਗਿਆ ਰਾੜਾ ਸਾਹਿਬ। ਕਹਿੰਦੇ, ਪ੍ਰੇਮੀਆਂ! ਕਿਵੇਂ ਆਇਆਂ ਹੈਂ? ਕਹਿੰਦਾ, ਮਹਾਰਾਜ! ਮੈਂ ਮਰਨ ਆਇਆ ਹਾਂ। ਪ੍ਰਾਣ ਦੇਣ ਆਇਆ ਹਾਂ। ਕਹਿੰਦੇ, ਗੁਰਮੁਖਾ! ਗੁਰੂ ਘਰ 'ਚ ਪ੍ਰਾਣ ਦੇਣ ਨਹੀਂ ਆਈਦਾ। ਪ੍ਰਾਣ ਲੈਣ ਆਈਦਾ ਹੈ, ਜ਼ਿੰਦਗੀ ਦੇਣ ਨਹੀਂ ਆਈਦੀ, ਜ਼ਿੰਦਗੀ ਲੈਣ ਆਈਦਾ ਹੈ। ਤਕਲੀਫ ਕੀ ਹੈ? ਕਹਿੰਦਾ, ਮੈਨੂੰ ਤੀਸਰੀ ਸਟੇਜ ਦੀ ਟੀ.ਬੀ ਹੋ ਗਈ। ਕਹਿੰਦੇ, ਫੇਰ ਕੀ ਹੋ ਗਿਆ, ਬਰਤਨ ਮਾਂਜ ਮੂੰਹ ਬੰਨ੍ਹ ਕੇ। ਮੂਲਮੰਤ੍ਰ ਦਾ ਕਰ ਪਾਠ ਤੈਨੂੰ ਜੀਵਨ ਮਿਲੇਗਾ। ਥੋੜ੍ਹੇ ਦਿਨਾਂ ਦੇ ਵਿਚ ਠੀਕ ਹੋ ਗਿਆ, ਐਕਸਰੇ ਕਰਾਈ, ਡਾਕਟਰ ਕਹਿੰਦੇ ਤੈਨੂੰ ਤਾਂ ਟੀ.ਬੀ ਕਦੇ ਹੋਈ ਹੀ ਨਹੀਂ ਹੈ। ਸੋ ਗੁਰੁ ਘਰ ਤੋਂ ਰੋਂਦਾ ਨਹੀਂ ਜਾਂਦਾ, ਗੁਰੂ ਘਰ 'ਚ ਰੋਂਦਾ ਜਿਹੜਾ ਆਉਂਦਾ ਹੈ, ਉਹ ਹੱਸਦਾ ਮੁੜਦਾ ਹੈ। ਉਜੜਿਆ ਹੋਇਆ ਆਉਂਦਾ ਹੈ, ਵਸ ਕੇ ਜਾਂਦਾ ਹੈ ਇੱਥੋਂ।

ਕਹਿੰਦੇ, ਰੋਣਾ ਬੰਦ ਕਰੋ, ਖੁਸ਼ੀ 'ਚ ਆਓ। ਹੋ ਜਾਏਗੀ ਹੁਣ ਤੁਹਾਡੇ ਧਰਮ ਦੀ ਰੱਖਿਆ। ਜਾਓ ਜਾ ਕੇ ਇੱਕ ਅਰਜ਼ਦਾਸਤ ਲਿਖੋ, ਜਿੰਨੇ ਤੁਸੀਂ ਨੁਮਾਇੰਦੇ ਆਏ ਓਂ ਭਾਰਤ ਵਰਸ਼ ਦੇ, ਉਸ 'ਤੇ ਦਸਤਖਤ ਕਰੋ ਸਾਰੇ, ਇਹਦੇ ਉਤੇ ਲਿਖ

ਦਿਓ ਕਿ ਗੁਰੂ ਤੇਗ ਬਹਾਦਰ ਸਾਹਿਬ ਸਾਡੇ ਗੁਰੂ ਨੇ, ਬਾਦਸ਼ਾਹ ਸਲਾਮਤ! ਇਕੱਲੇ-ਇਕੱਲੇ ਬੰਦੇ ਦੇ ਪਿੱਛੇ ਨਾ ਫਿਰ, ਇਕੱਲੇ-ਇਕੱਲੇ ਬੰਦੇ ਨੂੰ ਨਾ ਉਜਾੜ, ਇਕੱਲੇ-ਇਕੱਲੇ ਨੂੰ ਨਾ ਮਾਰ, ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਲਾਮ 'ਚ ਲੈ ਲੈ, ਉਹ ਆ ਗਏ, ਅਸੀਂ ਸਾਰੇ ਆਪੇ ਹੀ ਆ ਜਾਵਾਂਗੇ। ਕਿੱਡਾ ਸੁਖਾਲਾ ਤਰੀਕਾ ਅਸੀਂ ਤੁਹਾਨੂੰ ਦਸਦੇ ਹਾਂ। ਜਾ ਕੇ ਅਰਜ਼ਦਾਸਤ ਦੇ ਦਿੱਤੀ। ਔਰੰਗਜ਼ੇਬ ਸਾਹਿਬ ਦੇ ਪਾਸ ਪਹੁੰਚ ਜਾਂਦੀ ਹੈ। ਹੁਕਮ ਹੋ ਗਿਆ ਕਿ ਕਤਲ ਬੰਦ ਕਰ ਦਿਓ। ਇੱਕ ਨੂੰ ਬਣਾਉਂਦੇ ਹਾਂ ਜੇ ਉਹ ਬਣ ਗਿਆ, ਆਪਾਂ ਨੂੰ ਮਾਰਨ ਦੀ ਕੀ ਲੋੜ ਹੈ, ਆਪਣੇ ਆਪ ਹੀ ਬਣੇ ਬਣਾਏ ਆ ਜਾਣਗੇ ਸਾਰੇ। ਮੰਦਰ ਵੀ ਨਾ ਢਾਹੋ, ਇਨ੍ਹਾਂ ਨੇ ਆਪੇ ਹੀ ਇਨ੍ਹਾਂ ਨੂੰ ਮਸਜਿਦਾਂ ਆਪੇ ਬਣਾ ਲੈਣਾ ਹੈ। ਹਿੰਦੋਸਤਾਨ 'ਚ ਸੁੱਖ ਦਾ ਸਾਹ ਆ ਗਿਆ ਕਿ ਹੁਣ ਸਾਡਾ ਇਲਾਜ ਹੋ ਜਾਏਗਾ, ਗੁਰੂ ਮਹਾਰਾਜ ਸਮਰੱਥ ਨੇ, ਇਨ੍ਹਾਂ ਨੇ ਤਾਂ ਇੱਕ ਦ੍ਰਿਸ਼ਟੀ ਕਰਕੇ ਹੀ ਸਾਰੀ ਫੌਜ ਨੂੰ ਗਰਕ ਕਰ ਦੇਣਾ ਹੈ। ਲੇਕਿਨ ਗੁਰੂ ਸਾਹਿਬ ਦਾ ਇਹ ਨਹੀਂ ਸੀ ਮਤਲਬ ਉਨ੍ਹਾਂ ਦਾ ਬਲੀਦਾਨ ਦਾ ਸੀ ਕਿ ਇਹਦੀ ਸੁੱਤੀ ਹੋਈ ਆਤਮਾ ਜਗਾ ਦੇਈਏ, ਜੇ ਨਾ ਜਾਗੀ, ਫੇਰ ਸ਼ਸਤਰ ਤਿਆਰ ਨੇ ਗੁਰੂ ਦਸਵੇਂ ਪਾਤਸ਼ਾਹ ਦੇ ਰੂਪ ਵਿਚ। ਉਥੇ ਕਿਹੜਾ ਹੋਰ ਗੁਰੂ ਨੇ ਆਉਣਾ ਹੈ, ਉਨ੍ਹਾਂ ਨੇ ਹੀ ਫੇਰ ਆਉਣਾ ਸੀ। ਸੋ ਇਸ ਤਰ੍ਹਾਂ ਅਰਜ਼ਦਾਸਤ ਦੇ ਦਿੱਤੀ।

ਗੁਰੂ ਮਹਾਰਾਜ ਨੂੰ ਹੁਕਮ ਆ ਜਾਂਦਾ ਹੈ, ਅਹਿਦੀਏ ਆ ਜਾਂਦੇ ਨੇ ਨਾਲ ਬਹੁਤ ਸਾਰੇ ਸਵਾਰ ਆ ਜਾਂਦੇ ਨੇ। ਅਨੰਦਪੁਰ ਸਾਹਿਬ ਪਹੁੰਚਦੇ ਨੇ, ਦਰਸ਼ਨ ਕਰਦੇ ਨੇ। ਦਰਸ਼ਨਾਂ ਦੀ ਕਸ਼ਸ਼ ਦੇ ਨਾਲ, ਜੋ ਗੱਲ ਕਹਿਣੀ ਸੀ ਕਹਿ ਨਾ ਸਕੇ। ਭਾਈ ਮਤੀ ਦਾਸ, ਭਾਈ ਸਤੀ ਦਾਸ ਨੇ ਬੜੀ ਉਨ੍ਹਾਂ ਨਾਲ ਗੱਲਬਾਤ ਕਰੀ। ਉਹ ਕਹਿੰਦੇ ਦੇਖੋ, ਅਸੀਂ ਆਏ ਤਾਂ ਹਾਂ ਗੁਰੂ ਮਹਾਰਾਜ ਨੂੰ ਗ੍ਰਿਫਤਾਰ ਕਰਨ ਵਾਸਤੇ। ਸਾਡਾ ਜੀਅ ਨਹੀਂ ਕਰਦਾ ਕਿ ਅਸੀਂ ਗ੍ਰਿਫਤਾਰ ਕਰੀਏ, ਐਡੀ ਵੱਡੀ ਹਸਤੀ ਨੂੰ। ਅਸੀਂ ਸਲਾਮ ਕਰਦੇ ਹਾਂ, ਸਾਡਾ ਸਿਰ ਝੁਕਦਾ ਹੈ। ਪਰ ਦੂਜੇ ਪਾਸੇ ਸਾਡੀ ਨੌਕਰੀ ਦਾ ਸਵਾਲ ਹੈ। ਮਹਾਰਾਜ ਜੀ ਦੇ ਪੇਸ਼ ਕਰ ਦਿੱਤੇ। ਕਹਿੰਦੇ, ਪ੍ਰੇਮੀਓ! ਅਸੀਂ ਤਾਂ ਆਪ ਹੀ ਆਉਣ ਵਾਲੇ ਹਾਂ, ਤੁਸੀਂ ਫਿਕਰ ਨਾ ਕਰੋ। ਅਸੀਂ ਆ ਜਾਵਾਂਗੇ, ਸਮਾਂ ਸਾਡਾ ਆ ਰਿਹਾ ਹੈ, ਇਹੀ ਕੰਮ ਅਸੀਂ ਕਰਨਾ ਹੈ, ਜਾਓ ਔਰੰਗਜ਼ੇਬ ਨੂੰ ਕਹਿ ਦਿਓ ਕਿ ਆ ਰਹੇ ਨੇ। ਉਸ ਵੇਲੇ ਗੁਰੂ ਮਹਾਰਾਜ ਨੇ ਅਹਿਦੀਏ ਭੇਜ ਦਿੱਤੇ। ਉਸ ਵੇਲੇ ਮਾਤਾਵਾਂ ਦੇ ਪਾਸ ਆਪ ਜਾਂਦੇ ਨੇ, ਮਾਤਾ ਨਾਨਕੀ ਜੀ ਨੂੰ ਜਦੋਂ ਪਤਾ ਲਗਦਾ ਹੈ ਕਿ ਮੇਰੇ ਪੁੱਤਰ ਦੇ ਜਿੰਮੇ ਐਡਾ ਔਖਾ ਹਿੱਸਾ ਆ ਗਿਆ, ਔਰੰਗਜ਼ੇਬ ਨੇ ਤਾਂ ਮੁਆਫ ਨਹੀਂ ਕਰਨਾ। ਉਹ ਤਾਂ ਜਿਵੇਂ ਗੁਰੂ ਪੰਜਵੇਂ ਪਾਤਸ਼ਾਹ ਨੂੰ ਜਿਹੜੇ ਇਨ੍ਹਾਂ ਦੇ ਸਸੁਰ ਲਗਦੇ ਸੀ, ਪਿਤਾ ਲਗਦੇ ਸੀ, ਉਨ੍ਹਾਂ ਦਾ ਅਸੀਂ ਦੇਖਿਆ ਹੈ ਕਿ ਕਿਸ ਤਰ੍ਹਾਂ ਦੇ ਨਾਲ ਤੱਤੀਆਂ ਤਵੀਆਂ 'ਤੇ ਬਿਠਾ ਕੇ ਤਸੀਹੇ ਦਿੱਤੇ ਗਏ, ਮੇਰੇ ਪੁੱਤਰ ਦਾ ਵੀ ਇਹ ਹਾਲ ਹੋਏਗਾ। ਮਨ ਵਿਚ ਥੋੜ੍ਹਾ ਵੈਰਾਗ ਆ ਗਿਆ। ਮਾਤਾ ਗੁਜਰੀ ਜੀ ਨੂੰ ਜਦੋਂ ਪਤਾ ਲਗਦਾ ਹੈ ਕਿ ਮੇਰਾ ਸਾਥ ਹੁਣ ਅਲਾਹਿਦਾ ਹੋ ਜਾਏਗਾ ਛੋਟਾ ਬੱਚਾ ਹੈ, ਇੱਕ ਮੁਗਲ ਸਲਤਨਤ ਦੇ ਨਾਲ ਟੱਕਰ ਲੈ ਰਹੇ ਨੇ। ਕੁਛ ਖਦਸ਼ਾ ਆਇਆ, ਸੰਸਾ ਵਿਆਪਿਆ, ਮਹਾਰਾਜ ਨੇ ਕਿਹਾ ਕਿ ਤੁਸੀਂ ਫਿਕਰ ਨਾ ਕਰੋ, ਇਹ ਗੁਰੂ ਨਾਨਕ ਦੀ ਗੱਦੀ ਹੈ, ਸਾਡਾ ਫਰਜ਼ ਬਣਦਾ ਹੈ ਜਿੱਥੇ ਸੰਸਾਰ ਦੇ ਮਨਾਂ 'ਚੋਂ ਹਨ੍ਹੇਰਾ ਕੱਢਦੇ ਹਾਂ ਉਥੇ ਇਨ੍ਹਾਂ ਦੇ ਦੁੱਖਾਂ ਦਾ ਵੀ ਇਲਾਜ ਕਰੀਏ। ਫੇਰ ਆਤਮਾ ਤਾਂ ਮਰਦੀ ਨਹੀਂ, ਆਤਮਾ ਤਾਂ ਸਦਾ ਅਮਰ ਹੈ। ਕਦੇ ਕਿਤੇ ਜਾਂਦੀ ਨਹੀਂ। ਸਰੀਰ ਕਿਸੇ ਦਾ ਕਿਤੇ ਜਾਂਦਾ ਨਹੀਂ। ਉਸ ਵੇਲੇ ਬ੍ਰਹਮਗਿਆਨ ਦੀ ਦਾਤ ਦਿੱਤੀ ਮਾਤਾ ਜੀ ਨੂੰ। ਬ੍ਰਹਮਗਿਆਨ ਦੇ ਵਿਚ ਪਰਪੱਕ ਕਰ ਦਿੱਤੇ। ਉਸ ਤੋਂ ਬਾਅਦ ਬੇਅੰਤ ਸੰਗਤਾਂ ਨੇ ਸੁਣਿਆ, ਸੁਣ ਕੇ ਇਕੱਠ ਹੋ ਗਿਆ, ਇਕੱਠ ਹੋ ਕੇ ਸਾਰੇ ਬੇਨਤੀ ਕਰਦੇ ਨੇ ਕਿ ਪਾਤਸ਼ਾਹ! ਤੁਸੀਂ ਸਮਰੱਥ ਪੁਰਸ਼ ਓਂ, ਕੋਈ ਭਾਣਾ ਐਸਾ ਵਰਤਾਅ ਦਿਓ ਕਿ ਬਲੀਦਾਨ ਨਾ ਦੇਣਾ ਪਵੇ। ਆਪ ਸਮਰੱਥ ਓਂ, ਇੱਕ ਨਿਗ੍ਹਾ ਕਰ ਦੇਵੋਂ ਸਾਰਾ ਠੀਕ ਹੋ ਜਾਏਗਾ। ਕਹਿੰਦੇ, ਨਹੀਂ ਪ੍ਰੇਮੀਓ! ਅਸੀਂ ਇਹ ਠੀਕਰਾ ਔਰੰਗਜ਼ੇਬ ਦੇ ਸਿਰ ਭੰਨਣਾ ਹੈ ਕਿਉਂਕਿ ਜਦੋਂ ਰਾਜ ਦਿੱਤਾ ਸੀ, ਨਾਲ ਕਿਹਾ ਸੀ ਕਿ ਸੱਤ ਬਾਦਸ਼ਾਹੀਆਂ, ਸੱਤ ਸੀਸ ਦੇਵਾਂਗੇ। ਸੋ ਇਸ ਕਰਕੇ ਅਸੀਂ ਉਹ ਪ੍ਰਣ ਪੂਰਾ ਕਰਨਾ ਹੈ। ਬਚਨ ਪੂਰਾ ਕਰਨਾ ਹੈ। ਤੁਸੀਂ ਫਿਕਰ ਨਾ ਕਰੋ। ਹਰ ਤਰ੍ਹਾਂ ਦੇ ਨਾਲ ਗੋਬਿੰਦਰਾਇ ਆਪ ਦੀ ਸਹਾਇਤਾ ਕਰਨਗੇ।ਬੜੇ ਵੱਡੇ-ਵੱਡੇ ਇਨ੍ਹਾਂ ਨੇ ਕੰਮ ਕਰਨੇ ਨੇ, ਤੁਸੀਂ ਇਨ੍ਹਾਂ 'ਤੇ ਭਰੋਸਾ ਰੱਖਿਓ, ਬੱਚੇ ਨਾ ਜਾਣਿਓ, ਇਹ ਧੁਰ ਦਰਗਾਹ ਤੋਂ, ਅਕਾਲ ਪੁਰਖ ਤੋਂ ਭੇਜੇ ਗਏ ਨੇ, ਇਸੇ ਕੰਮ ਨੂੰ ਕਰਨ ਵਾਸਤੇ।

ਉਸ ਵੇਲੇ ਸਾਰੀਆਂ ਸੰਗਤਾਂ ਨੂੰ ਬਿਰਹੋਂ ਦੇ ਵਿਚ ਤੱਕ ਕੇ ਆਪ ਵਿਦਾ ਹੁੰਦੇ ਨੇ, ਦਸ ਸਵਾਰ ਨਾਲ ਲੈ ਲਏ। ਪਰ ਸੰਗਤ ਪਿਛੇ-ਪਿਛੇ ਜਾ ਰਹੀ ਹੈ। ਦੌੜ-ਦੌੜ ਕੇ ਨਾਲ ਰਲ ਰਹੇ ਨੇ ਕਿ ਗੁਰੂ ਮਹਾਰਾਜ ਦੇ ਜਿੱਥੇ ਤੱਕ ਦਰਸ਼ਨ ਹੋ ਸਕਣ, ਕਰਦੇ ਹੀ ਜਾਈਏ। ਉਸ ਵੇਲੇ ਗੁਰੂ ਮਹਾਰਾਜ ਨੇ ਸਾਰਿਆਂ ਨੂੰ ਰੋਕ ਦਿੱਤਾ ਕਿ ਇਸ ਤੋਂ ਅੱਗੇ ਨਹੀਂ ਆਉਣਾ ਭਾਈ। ਇੱਥੋਂ ਹੁਣ ਸਾਡਾ ਬਚਨ ਮੰਨੋ, ਉਸ ਵੇਲੇ ਵੈਰਾਗੀਆਂ ਦੇ ਮਨਾਂ 'ਚ ਐਸੀ ਹੂਕ ਉੱਠੀ ਕਿ ਐਸ ਤਰ੍ਹਾਂ ਦੀ ਆਵਾਜ਼ ਆਈ।

ਧਾਰਨਾ - ਕਦੇ ਹੋਣਗੇ ਸਬੱਬਾਂ ਨਾਲ ਮੇਲੇ,
ਨਦੀਆਂ ਦੇ ਵਹਿਣ ਵਿਛੜੇ।

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥
ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥
ਅੰਗ - ੪੩੯

ਸੱਜਲ ਨੇਤਰ ਨੇ, ਬਿਰਹੁ ਦੀ ਝਾਲ ਨਹੀਂ ਝੱਲ ਸਕਦੇ। ਗੁਰੂ ਮਹਾਰਾਜ ਜਾ ਰਹੇ ਨੇ, ਟਿਕ ਲਾਈ ਦੇਖ ਰਹੇ ਨੇ।

ਸੰਗਤਾਂ ਤੋਂ ਵਿਛੜਨਾ ਕਿਹੜਾ ਸੁਖਾਲਾ ਹੁੰਦਾ ਹੈ ਸਾਧਸੰਗਤ ਜੀ! ਬਹੁਤ ਔਖਾ ਹੁੰਦਾ ਹੈ।

ਸੋ ਇਸ ਤਰ੍ਹਾਂ ਆਪ ਸਾਥੀਆਂ ਸਮੇਤ ਜਾ ਰਹੇ ਨੇ। ਪਹਿਲਾਂ ਆ ਕੇ ਭਰਤਗੜ੍ਹ ਆਪ ਰਾਤ ਕੱਟਦੇ ਨੇ, ਉਸ ਤੋਂ ਬਾਅਦ ਰੋਪੜ ਜਾਂਦੇ ਨੇ, ਫੇਰ ਮੁਕਾਰਾਂਪੁਰ, ਕਬੂਲਪੁਰ, ਨਨਹੇੜੀ, ਸੈਫਾਬਾਦ, ਸ਼ੈਫਅਲੀ ਦੇ ਪਾਸ ਪਟਿਆਲੇ ਦੇ ਕੋਲ, ਉਸ ਵੇਲੇ ਪਟਿਆਲਾ ਨਹੀਂ ਸੀ ਹੁੰਦਾ, ਇਹ ਤਾਂ ਮਹਾਰਾਜ ਪਟਿਆਲਾ ਨੇ 'ਪਟੀ-ਆਲਾ' ਕਹਿੰਦੇ ਸੀ, 'ਆਲੇ ਦੀ ਪੱਟੀ' ਉਸ ਥਾਂ 'ਤੇ ਚਲੇ ਜਾਂਦੇ ਨੇ, ਉਥੇ ਬੜੀ ਵੱਡੀ ਹਵੇਲੀ ਬਣਾਈ ਹੋਈ ਸੀ। ਔਰੰਗਜ਼ੇਬ ਦਾ ਰਿਸ਼ਤੇਦਾਰ ਸੀ ਉਹ। ਉਹ ਕਹਿਣ ਲੱਗਿਆ, ਮਹਾਰਾਜ! ਆਪ ਅੱਗੇ ਨਾ ਜਾਓ ਕਿਉਂਕਿ ਮੈਂ ਜਾਣਦਾ ਹਾਂ, ਮੇਰਾ ਰਿਸ਼ਤੇਦਾਰ ਹੈ, ਬੜਾ ਕਰੂਰ ਸੁਭਾਅ ਦਾ ਹੈ, ਆਪ ਨੂੰ ਸ਼ਹੀਦ ਕਰ ਦਏਗਾ।

ਮਹਾਰਾਜ ਕਹਿੰਦੇ, ਸ਼ਹੀਦ ਕਿਹੜੀ ਚੀਜ਼ ਨੂੰ ਕਰ ਦਏਗਾ। ਇਹ ਤਨ ਨੇ ਤਾਂ ਜਾਣਾ ਹੀ ਜਾਣਾ ਹੈ -

ਸਾਧੋ ਇਹੁ ਤਨੁ ਮਿਥਿਆ ਜਾਨਉ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥
ਅੰਗ - ੧੧੮੬

ਇਹਨੂੰ ਕੋਈ ਤਲਵਾਰ ਕੱਟ ਨਹੀਂ ਸਕਦੀ। ਕੋਈ ਪਾਣੀ ਡੋਬ ਨਹੀਂ ਸਕਦਾ। ਅੱਗ ਇਸਨੂੰ ਜਾਲ ਨਹੀਂ ਸਕਦੀ, ਆਤਮਾ ਸਦਾ ਅਮਰ ਹੈ। ਬਾਕੀ ਹੈ ਸਰੀਰ ਦਾ ਕੱਪੜਾ, ਇਹ ਤਾਂ ਛੱਡਣਾ ਹੀ ਪੈਂਦਾ ਹੈ ਕਿਉਂਕਿ ਸੰਸਾਰ ਦੇ ਉਤੇ ਕੋਈ ਰਿਹਾ ਨਹੀਂ ਅੱਜ ਤੱਕ। ਇਹ ਸੰਸਾਰ ਜਾਣ ਵਾਲਾ ਥਾਂ ਹੈ। ਇਹਦਾ ਨਾਉਂ ਹੀ ਮ੍ਰਿਤੂ ਦਾ ਮੰਡਲ ਹੈ। ਇਥੇ ਆਦਮੀ ਆਉਂਦਾ ਹੀ ਜਾਣ ਵਾਸਤੇ ਹੈ, ਟਿਕਣ ਵਾਸਤੇ ਨਹੀਂ ਆਉਂਦਾ। ਥੋੜ੍ਹੀ ਦੇਰ ਲਈ ਆਉਣਾ ਹੈ, ਆ ਕੇ ਕਿਸੇ ਥਾਂ ਦੇ ਉਤੇ ਟਿਕਣ ਦਾ ਯਤਨ ਕਰਨਾ ਹੈ, ਕਿਉਂਕਿ ਨਾਉਂ ਮ੍ਰਿਤ ਮੰਡਲ ਹੋ ਗਿਆ ਇਸਦਾ, 'ਮੌਤ ਦਾ ਮੰਡਲ'। ਇਥੇ ਤਾਂ ਰਹਿਣਾ ਹੀ ਨਹੀਂ।

ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥
ਅੰਗ - ੭੪੦

ਇੱਥੋਂ ਤਾਂ ਸਾਰੇ ਤੁਰਦੇ ਹੀ ਜਾਂਦੇ ਨੇ। ਸੋ ਸੈਫ ਅਲੀ ਨੂੰ ਆਪ ਨੇ ਸਮਝਾਇਆ। ਐਨੇ ਨੂੰ ਪਤਾ ਲੱਗਿਆ ਕਿ ਗੁਰੂ ਸਾਹਿਬ ਇੱਥੇ ਨੇ। ਤਾਂ ਸਵਾਰ ਆਉਂਦੇ ਨੇ, ਆਫੀਸਰ ਆਉਂਦਾ ਹੈ ਕੋਈ ਫੌਜ ਦਾ, ਇਨ੍ਹਾਂ ਨੂੰ ਖਬਰ ਲਗਦੀ ਹੈ ਤਾਂ ਇਹ ਮਹੁੰਮਦ ਬਖਸ਼ ਸਮਾਣੇ ਦੀ ਗੜ੍ਹੀ ਵਾਲੇ ਨੇ, ਉਸ ਥਾਂ 'ਤੇ ਗੁਰੂ ਮਹਾਰਾਜ ਨੂੰ ਭੇਜ ਦਿੰਦੇ ਨੇ। ਮਹਾਰਾਜ! ਮੈਨੂੰ ਪਤਾ ਲੱਗਿਆ ਹੈ ਕਿ ਆਪ ਨੇ ਆਉਣਾ ਹੈ, ਆਪ ਦਾ ਪਰਮ ਸੇਵਕ ਹੈ ਮਹੁੰਮਦ ਬਖਸ਼, ਬ੍ਰਹਮਗਿਆਨ ਦੀ ਗੱਲ ਸਮਝਦਾ ਹੈ। ਆਪ ਨੇ ਸੈਫ ਅਲੀ 'ਤੇ ਕ੍ਰਿਪਾ ਕੀਤੀ। ਬ੍ਰਹਮਗਿਆਨ ਦੀ ਦਾਤ ਦਿੱਤੀ, ਆਪ ਅੱਗੇ ਚਲੇ ਗਏ। ਉਹ ਸਮਾਣੇ ਜਦੋਂ ਜਾਂਦੇ ਨੇ, ਪਤਾ ਕਰਕੇ ਉਥੇ ਜਦੋਂ ਪਹੁੰਚਦੇ ਨੇ ਤੇ ਗੁਰੂ ਮਹਾਰਾਜ ਨੂੰ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰੋ, ਅੰਦਰ ਚੱਲੋ। ਮਹਾਰਾਜ ਕਹਿਣ ਲੱਗੇ, ਅੰਦਰ ਜਾਣ ਦੀ ਕੀ ਲੋੜ ਹੈ। ਕਹਿੰਦੇ, ਸੱਚੇ ਪਾਤਸ਼ਾਹ! ਆਪ ਦਾ ਜੋ ਸਰੀਰ ਹੈ, ਉਹ ਐਨਾ ਸਸਤਾ ਨਹੀਂ, ਇਹਦਾ ਸੰਸਾਰ ਨੂੰ ਬੇਅੰਤ ਫਾਇਦਾ ਹੈ, ਆਪ ਭਾਵੇਂ ਬ੍ਰਹਮ ਦੇ ਵਿਚ ਲੀਨ ਰਹਿੰਦੇ ਓਂ ਹਰ ਵਕਤ। ਆਪ ਨੂੰ ਕੋਈ ਪ੍ਰਵਾਹ ਨਹੀਂ ਹੈ, ਨਾ ਸੁੱਖ ਦੀ ਨਾ ਦੁੱਖ ਦੀ। ਨਾ ਹਾਨ ਦੀ ਨਾ ਲਾਭ ਦੀ। ਕਿਉਂਕਿ ਮਹਾਰਾਜ ਨੇ ਜੀਵਨ ਪੁਰਸ਼ਾਂ ਦੇ ਲੱਛਣ ਦੱਸੇ ਸੀ, ਪੁੱਛਿਆ ਸੀ ਇਹਨੇ ਕਿ ਜੀਵਨ ਮੁਕਤ ਪੁਰਸ਼ਾਂ ਦੇ ਲੱਛਣ ਕੀ ਹੁੰਦੇ ਨੇ ਮਹਾਰਾਜ। ਅਸਥਿਰ ਬੁੱਧੀ ਵਾਲਿਆਂ ਦੇ ਲੱਛਣ ਕੀ ਹੁੰਦੇ ਨੇ? ਮਹਾਰਾਜ ਕਹਿੰਦੇ ਨੇ ਉਨ੍ਹਾਂ ਦੇ ਲੱਛਣ ਸੁਖਮਨੀ ਸਾਹਿਬ ਵਿਚ ਵੀ ਹਨ, ਲੇਕਿਨ ਸੁਖਾਲੇ ਤੁਹਾਨੂੰ ਦਸਦੇ ਹਾਂ -

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ ॥ ੧ ॥
ਨਹ ਨਿੰਦਿਆ ਨਹ ਉਸਤਤਿ
ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ ॥ ੧ ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ ॥
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ
ਸਿਉ ਜਿਉ ਪਾਨੀ ਸੰਗਿ ਪਾਨੀ ॥ ਅੰਗ - ੬੩੩
ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥
ਅੰਗ - ੨੭੫

ਨਿਸ਼ਾ ਹੋ ਗਈ ਉਸਦੀ।

ਮਹਾਰਾਜ! ਕ੍ਰਿਪਾ ਕਰੋ, ਅਰਦਾਸ ਮੰਨੋ। ਮਹਾਰਾਜ ਜੀ ਨੂੰ ਅੰਦਰ ਲੈ ਗਿਆ ਗੜ੍ਹੀ ਦੇ। ਇੱਥੇ ਆ ਕੇ ਪੁੱਛਿਆ ਤਾਂ ਵਾਪਸ ਮੋੜ ਦਿੱਤੇ। ਲੇਕਿਨ ਫੇਰ ਕਿਸੇ ਨੇ ਖਬਰ ਕਰ ਦਿੱਤੀ ਕਿ ਗੁਰੂ ਮਹਾਰਾਜ ਤਾਂ ਉਥੇ ਹੀ ਨੇ। ਉਥੇ ਦੁਬਾਰਾ ਫੇਰ ਆਉਂਦੇ ਨੇ, ਮਹਾਰਾਜ ਕਹਿੰਦੇ, ਅਸੀਂ ਤਾਂ ਜਾਣਾ ਹੀ ਹੈ ਭਾਈ, ਤੂੰ ਕਿਉਂ ਇਹ ਕੰਮ ਕਰਦਾ ਹੈਂ? ਕਹਿਣ ਲੱਗਿਆ, ਨਾ ਸੱਚੇ ਪਾਤਸ਼ਾਹ! ਮੈਂ ਇਹ ਗੱਲ ਆਪਣੇ-ਆਪਣੇ ਜੀਉਂਦੇ-ਜੀਉਂਦੇ ਨਹੀਂ ਹੋਣ ਦੇਣੀ। ਉਸ ਤੋਂ ਬਾਅਦ ਤੁਹਾਨੂੰ ਗ੍ਰਿਫਤਾਰ ਕਰ ਲੈਣ, ਮੇਰੀਆਂ ਅੱਖਾਂ ਦੇ ਸਾਮ੍ਹਣੇ ਨਾ ਕਰਨ। ਉਸ ਵੇਲੇ ਬੜਾ ਡਾਂਟ ਕੇ ਕਿਹਾ ਕਿ ਤੁਸੀਂ ਵਿਸ਼ਵਾਸ਼ ਨਹੀਂ ਕਰਦੇ। ਮੈਂ ਗੁਰੂ ਤੇਗ ਬਹਾਦਰ ਸਾਹਿਬ ਤੋਂ ਕੀ ਲੈਣਾ ਹੈ। ਜੇ ਗ੍ਰਿਫਤਾਰ ਹੋ ਗਏ, ਮੈਨੂੰ ਤਾਂ ਬੜੀ ਖੁਸ਼ੀ ਹੈ, ਤੁਸੀਂ ਕਿਉਂ ਨਹੀਂ ਜਾਂਦੇ। ਇਸ ਤਰ੍ਹਾਂ ਕਰਕੇ ਮੋੜ ਦਿੱਤੇ। ਇਸ ਤਰ੍ਹਾਂ ਗੁਰੂ ਮਹਾਰਾਜ ਹੌਲੀ-ਹੌਲੀ ਚਲਦੇ-ਚਲਦੇ, ਬੇਅੰਤ ਸੰਗਤਾਂ ਉਡੀਕ ਰਹੀਆਂ ਸੀ ਮਹਾਰਾਜ ਨੂੰ। ਹਰ ਥਾਂ 'ਤੇ ਜਾਂਦੇ ਨੇ, ਜਿੱਥੋਂ ਅਰਦਾਸਾਂ ਆਉਂਦੀਆਂ ਨੇ ਉਥੇ ਹੀ ਪਹੁੰਚਦੇ ਨੇ ਤੇ ਚਲਦੇ-ਚਲਦੇ ਇੱਕ ਸਾਧੂ ਬੜੀ ਦੇਰ ਦਾ ਤਪ ਕਰ ਰਿਹਾ ਸੀ। ਪਿੰਡ ਕਨੌੜ ਸੀ ਉਹ, ਨਾਰਨੌਲ ਵੱਲ, ਉਥੇ ਪਹੁੰਚ ਜਾਂਦੇ ਨੇ। ਜਦੋਂ ਉਹਨੂੰ ਪਤਾ ਲੱਗਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਆ ਗਏ, ਉਹਨੇ ਤਨੋ ਮਨੋ ਹੋ ਕੇ ਸੇਵਾ ਕਰੀ। ਬੜਾ ਸਿੱਧ ਪੁਰਸ਼ ਸੀਗਾ। ਰਿੱਧੀਆਂ-ਸਿੱਧੀਆਂ ਦਾ ਮਾਲਕ ਸੀ। ਉਸ ਵੇਲੇ ਗੁਰੂ ਮਹਾਰਾਜ ਨੂੰ ਕਿਹਾ ਕਿ ਮਹਾਰਾਜ! ਮੈਂ ਜਪ ਵੀ ਕਰਦਾ ਹਾਂ, ਤਪ ਵੀ ਕਰਦਾ ਹਾਂ, ਪ੍ਰਾਣਾਯਾਮ ਵੀ ਕਰਦਾ ਹਾਂ, ਹੋਰ ਸਾਧਨ ਵੀ ਕਰਦਾ ਹਾਂ, ਮੇਰੇ ਮਨ ਨੂੰ ਸ਼ਾਂਤੀ ਨਹੀਂ ਆ ਰਹੀ। ਕ੍ਰਿਪਾ ਕਰੋ ਮੇਰੇ ਉਤੇ, ਮੈਨੂੰ ਦਾਤ ਬਖਸ਼ੋ ਨਾਮ ਦੀ। ਉਸ ਵੇਲੇ ਮਹਾਰਾਜ ਜੀ ਨੇ ਨਾਮ ਦੀ ਦਾਤ ਬਖਸ਼ਣ ਤੋਂ ਬਾਅਦ ਬ੍ਰਹਮਗਿਆਨ ਦੀ ਦਾਤ ਬਖਸ਼ ਦਿੱਤੀ। ਕ੍ਰਿਪਾ ਕਰ ਦਿੱਤੀ, ਬਜਰ ਕਪਾਟ ਖੋਲ੍ਹ ਦਿੱਤੇ। ਖੁਲ੍ਹਦੇ ਸਾਰ ਕੀ ਦੇਖਦਾ ਹੈ ਦਿਬਯ ਦ੍ਰਿਸ਼ਟ ਹੋ ਗਈ। ਦਿਬਯ ਦ੍ਰਿਸ਼ਟੀ ਨਾਲ ਦੇਖਦਾ ਹੈ ਕਿ ਗੁਰੂ ਮਹਾਰਾਜ ਤਾਂ ਆਪਣਾ ਬਲੀਦਾਨ

ਦੇਣ ਵਾਸਤੇ ਜਾ ਰਹੇ ਨੇ। ਆਹ ਜਿਹੜੇ ਨਾਲ ਸਿੱਖ ਜਾ ਰਹੇ ਨੇ ਇਨ੍ਹਾਂ ਨੇ ਬਲੀਦਾਨ ਦੇਣਾ ਹੈ। ਉਸ ਵੇਲੇ ਠਠੰਬਰ ਗਿਆ। ਮਹਾਰਾਜ ਦੇ ਚਰਨ ਫੜ ਲਏ ਆ ਕੇ, ਕਹਿੰਦਾ ਪਾਤਸ਼ਾਹ! ਐਨਾ ਭਿਆਨਕ ਨਾਟਕ ਕਰਨ ਵਾਸਤੇ ਆਪ ਜਾ ਰਹੇ ਓਂ? ਮਹਾਰਾਜ ਕਹਿੰਦੇ, ਯੋਗੀ ਰਾਜ! ਦਿਸ ਗਿਆ ਤੈਨੂੰ? ਕਹਿੰਦਾ ਹਾਂ। ਕਹਿੰਦੇ, ਅਸੀਂ ਠੀਕਰਾ ਭੰਨਣਾ ਹੈ ਪਰ ਉਹਦੇ ਸਿਰ ਜਾ ਕੇ ਭੰਨਣਾ ਹੈ। ਕਹਿਣ ਲੱਗਿਆ, ਪਾਤਸ਼ਾਹ! ਮੈਂ ਨਹੀਂ ਜਾਣ ਦੇਣਾ, ਕ੍ਰਿਪਾ ਕਰੋ। ਮੇਰੇ 'ਚ ਆਪ ਨੇ ਐਨੀ ਸ਼ਕਤੀ ਬਖਸ਼ ਦਿਤੀ ਹੈ ਕਿ ਸਣੇ ਔਰੰਗਜ਼ੇਬ ਜੋ ਵੀ ਸਾਮ੍ਹਣੇ ਆਇਆ, ਮੈਂ ਸਾਰਿਆਂ ਨੂੰ ਨਸ਼ਟ ਕਰ ਦੇਣਾ ਹੈ ਇੱਥੋਂ ਬੈਠਾ ਹੀ। ਮਹਾਰਾਜ! ਯੋਗੀਰਾਜ! ਇਹ ਕੰਮ ਆਪਾਂ ਨਹੀਂ ਕਰਨਾ। ਫੇਰ ਦੇਖ ਧਿਆਨ ਲਾ ਕੇ। ਧਿਆਨ ਲਾ ਕੇ ਦੇਖਦਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਤਾਂ ਸਮੁੰਦਰ ਨੇ ਸ਼ਕਤੀਆਂ ਦਾ।, ਭੰਡਾਰਾ ਨੇ ਜਿੱਥੋਂ ਮੇਰੇ 'ਚ ਭੌਰਾ ਕੁ ਸ਼ਕਤੀ ਆਈ ਹੈ। ਇਹ ਤਾਂ ਆਪ ਹੀ ਸਾਰਾ ਕੁਛ ਕਰ ਸਕਦੇ ਨੇ। ਉਸ ਵੇਲੇ ਭਾਣੇ ਦੀ ਰਜ਼ਾ ਦੇ ਵਿੱਚ ਰਾਜ਼ੀ ਹੋ ਕੇ, ਮੰਨ ਗਿਆ, ਮਹਾਰਾਜ ਕਹਿੰਦੇ, ਤੇਰੇ ਕੋਲ ਡੋਲ੍ਹ ਨਾਮ ਦਾ ਜਗਿਆਸੂ ਆਏਗਾ, ਇਹ ਬ੍ਰਹਮਗਿਆਨ ਦੀ ਦਾਤ ਉਹਨੂੰ ਦੇਈਂ। ਉਹਨੂੰ ਦਾਤ ਦਿੱਤੀ। ਉਸ ਤੋਂ ਬਾਅਦ ਇੱਕ ਬੀਬੀ ਆਈ, ਜੋ ਦਿਨ ਰਾਤ ਉਹਦੀ ਸੇਵਾ 'ਚ ਰਿਹਾ ਕਰਦੀ ਸੀ, ਉਹਦੇ ਉਤੇ ਕ੍ਰਿਪਾ ਕਰ ਦਿੱਤੀ, ਬੇਅੰਤ ਸ਼ਕਤੀਆਂ ਦੀ ਮਾਲਕ ਹੋਈ, ਨਾਮ ਨਾਨਕੀ ਸੀ। ਉਸ ਤੋਂ ਬਾਅਦ ਫੇਰ ਇੱਕ ਬੀਬੀ ਆਈ, ਜਿਸਨੇ ਓਸ ਇਲਾਕੇ ਨੂੰ ਗੁਰਸਿੱਖੀ ਵਿਚ ਰੱਖ ਕੇ ਤਾਰਿਆ। ਉਹਦਾ ਨਾਉਂ ਵੀ ਨਾਨਕੀ ਸੀ। ਤਿੰਨ ਬੀਬੀਆਂ ਨੂੰ ਬ੍ਰਹਮਗਿਆਨ ਉਸ ਤੋਂ ਹੋਇਆ। ਇਸ ਤਰ੍ਹਾਂ ਮਹਾਰਾਜ ਜੀ ਤਾਰਦੇ, ਗੁਰਸਿੱਖੀ ਫੈਲਾਉਂਦੇ ਹੋਏ ਆਪ, ਅਰਦਾਸਾਂ ਹੋ ਰਹੀਆਂ ਨੇ, ਅਰਦਾਸ ਦੇ ਵਿੱਚ ਇੱਕ ਸੱਯਦ ਅਰਦਾਸ ਕਰਦਾ ਹੈ ਕਿ ਗੁਰੂ ਮਹਾਰਾਜ ਦਾ ਬੜਾ ਇਨਾਮ ਰੱਖਿਆ ਗਿਆ ਹੈ ਕਿ ਜੇ ਕਿਤੇ ਮੇਰੇ ਰਾਹੀਂ ਗ੍ਰਿਫਤਾਰ ਹੋ ਜਾਣ ਤਾਂ ਮੈਨੂੰ ਕੁਛ ਪੈਸਾ ਮਿਲ ਜਾਵੇ। ਮਹਾਰਾਜ! ਉਸੇ ਤਰ੍ਹਾਂ ਬਾਗ ਵਿੱਚ ਜਾ ਬੈਠੇ। ਉਹਦੇ ਕੋਲ ਹੀ ਚਲੇ ਗਏ ਤੇ ਕੌਤਕ ਵਰਤਾ ਦਿੱਤਾ। ਆਪਣਾ ਦੁਸ਼ਾਲਾ ਜੋ ਹਜ਼ਾਰਾਂ ਰੁਪਏ ਦਾ ਤੇ ਕੀਮਤੀ ਮੁੰਦਰੀ, ਕਹਿ ਦਿੱਤਾ ਕਿ ਇਹਦੀ ਮਠਿਆਈ ਲੈ ਆ ਜਾ ਕੇ, ਪਾਉਣ ਨੂੰ ਕਹਿੰਦਾ ਸੀ, ਕਹਿੰਦੇ ਇਹਦੇ 'ਚ ਹੀ ਪੁਆ ਲਿਆਈਂ। ਜਿਸ ਵੇਲੇ ਹਲਵਾਈ ਨੇ ਦੇਖਿਆ ਤਾਂ ਉਹਨੇ ਕਿਹਾ ਕਿ ਇਹ ਤਾਂ ਚੋਰੀ ਕਰਕੇ ਲਿਆਇਆ ਹੈ। ਕੋਤਵਾਲ ਨੂੰ ਖਬਰ ਦੇ ਦਿਤੀ। ਮਹਾਰਾਜ ਉਥੇ ਆ ਗਏ, ਆਪ ਕੇ ਗ੍ਰਿਫਤਾਰ ਕਰ ਲਿਆ। ਮਹਾਰਾਜ ਕਹਿੰਦੇ, ਪਹਿਲਾਂ ਇਹਨੂੰ ਇਨਾਮ ਦਿਓ, ਜਿਹੜਾ ਮੇਰੇ ਫੜਨ ਦਾ ਰੱਖਿਆ ਹੈ, ਪੰਜ ਹਜ਼ਾਰ ਰੁਪਿਆ ਉਸ ਵੇਲੇ ਦਾ, ਹੁਣ ਦਾ ਸਮਝ ਲਓ 10-15 ਲੱਖ। ਸੋ ਇਸ ਤੋਂ ਬਾਅਦ ਗੁਰੂ ਮਹਾਰਾਜ ਚਲੇ ਜਾਂਦੇ ਨੇ ਤੇ ਉਥੇ ਬਹੁਤ ਲੰਮੀ ਚੌੜੀ ਗੱਲ ਹੁੰਦੀ ਹੈ। ਮਹਾਰਾਜ ਸਮਝਾਉਣ ਦਾ ਯਤਨ ਕਰਦੇ ਨੇ। ਉਹ ਕਹਿੰਦਾ, ਮੈਂ ਇੱਕ ਧਰਮ ਕਰਨਾ ਚਾਹੁੰਦਾ ਹਾਂ, ਤੁਹਾਨੂੰ ਤਾਂ ਸਾਰੇ ਧਰਮ ਇੱਕੋ ਨੇ, ਬਾਬੇ ਨਾਨਕ ਨੂੰ ਤਾਂ ਉਹੋ ਜਿਹੇ ਹਿੰਦੂ, ਉਹੋ ਜਿਹੇ ਮੁਸਲਮਾਨ। ਕਹਿੰਦੇ, ਤਾਂ ਹੀ ਤਾਂ ਨਹੀਂ ਅਸੀਂ ਬਣਨ ਦਿੰਦੇ ਕਿ ਇਹ ਅਕਾਲ ਪੁਰਖ ਦੀ ਰਜ਼ਾ 'ਚ ਚੱਲ ਰਹੇ ਨੇ। ਤੂੰ ਧੱਕਾ ਕਰ ਰਿਹਾ ਹੈਂ। ਮਹਾਰਾਜ ਕਹਿੰਦੇ, ਚੰਗਾ ਮਿਰਚਾਂ ਲਿਆ। ਮਿਰਚਾਂ ਜਾਲ ਕੇ ਦੇਖ ਲਈਂ। ਜੇ ਇੱਕ ਰਹਿ ਗਈ ਤਾਂ ਇੱਕ ਹੋ ਜਾਏਗਾ, ਜੇ ਵੱਧ ਹੋ ਗਈਆਂ ਤਾਂ ਓਨੇ ਧਰਮ ਹੋਣਗੇ। ਮਿਰਚਾਂ ਜਾਲੀਆਂ ਗਈਆਂ, ਸੁਆਹ ਛਾਣੀ ਗਈ। ਕੀ ਦੇਖਦੇ ਨੇ ਤਿੰਨ ਮਿਰਚਾਂ ਸਾਬਤ ਨਿਕਲ ਆਈਆਂ। ਮਹਾਰਾਜ ਕਹਿੰਦੇ ਔਰੰਗਜ਼ੇਬ! ਤੂੰ ਤਾਂ ਦੋ ਕਹਿੰਦਾ ਸੀ, ਤਿੰਨ ਹੋ ਜਾਣੇ ਨੇ ਹੁਣ। ਖਾਲਸਾ ਵੀ ਪ੍ਰਗਟ ਹੋ ਰਿਹਾ ਹੈ ਛੇਤੀ ਤੋਂ ਛੇਤੀ। ਐਸ ਤਰ੍ਹਾਂ ਦੇ ਕੌਤਕ ਹੋ ਰਹੇ ਨੇ।

ਅਖੀਰ ਹੋ ਗਿਆ ਕਿ ਬਾਹਰ ਨਾ ਜਾਣ ਦਿਓ, ਪ੍ਰਸ਼ਾਦਾ ਬੰਦ ਕਰ ਦਿਓ। ਕੋਈ ਰੋਟੀ ਨਾ ਇਨ੍ਹਾਂ ਨੂੰ ਪਹੁੰਚੇ। ਧੰਨੇ ਵਾਂਗੂੰ ਗੁਰਸਿੱਖ ਅਰਦਾਸਾਂ ਕਰਦੇ ਨੇ ਕਿ ਪਾਤਸ਼ਾਹ! ਮੇਰੇ ਘਰ ਆਪ ਚਰਨ ਪਾਓ। ਮੇਰੇ ਘਰ ਆ ਕੇ ਪ੍ਰਸ਼ਾਦਾ ਛਕੋ। ਰਿਪੋਰਟਾਂ ਜਾਂਦੀਆ ਨੇ ਕਿ ਉਹ ਤਾਂ ਬਾਹਰ ਫਿਰਦੇ ਨੇ। ਜਦ ਸੀ.ਆਈ.ਡੀ ਕਹਿੰਦੀ ਹੈ ਕਿ ਹੁਣ ਦੇਖ ਕੇ ਆਏ ਹਾਂ ਕਿ ਉਹ ਤਾਂ ਫਲਾਣੇ ਗੁਰਸਿੱਖ ਦੇ ਘਰ ਬੈਠੇ ਨੇ। ਉਸੇ ਵੇਲੇ ਪੜਤਾਲ ਹੁੰਦੀ ਹੈ ਤਾਂ ਹਵੇਲੀ 'ਚ ਬੈਠੇ ਨੇ। ਕਹਿੰਦੇ, ਪਿੰਜਰੇ 'ਚ ਬੰਦ ਕਰ ਦਿਓ ਇਨ੍ਹਾਂ ਨੂੰ। ਪਿੰਜਰਾ ਬਹੁਤ ਸਖਤ ਸਜ਼ਾ ਹੁੰਦੀ ਹੈ, ਪਿੰਜਰੇ ਦੀ। ਕੋਈ ਆਦਮੀ ਦਸ ਮਿੰਟ ਵੀ ਨਹੀਂ ਉਹਦੇ 'ਚ ਕੱਟ ਸਕਦਾ। ਨਾ ਸਿੱਧਾ ਹੋ ਸਕੇ, ਆਲੇ ਦੁਆਲੇ ਬਹੁਤ ਤਿੱਖੇ ਸੂਏ, ਪਿੰਡੇ 'ਚ ਵੜ ਜਾਂਦੇ ਨੇ। ਮੈਂ ਇੰਗਲੈਂਡ 'ਚ ਦੇਖਿਆ ਸੀ। ਮੈਂ ਹੈਰਾਨ ਰਹਿ ਗਿਆ ਦੇਖ ਕੇ ਆਹ ਪਿੰਜਰਾ ਹੈ। ਬਹੁਤ ਬੰਦਾ ਦੁਖੀ ਹੁੰਦਾ ਹੈ ਉਹਦੇ 'ਚ। ਉਸ ਵੇਲੇ ਜਦੋਂ ਅਖੀਰ ਹੋ ਗਈ। ਭਾਈ ਮਤੀ ਦਾਸ ਨੇ ਮਹਾਰਾਜ ਤੋਂ ਆਗਿਆ ਮੰਗੀ ਕਿ ਪਾਤਸ਼ਾਹ! ਲਾਹੌਰ ਤੇ ਦਿੱਲੀ ਦੀ ਇੱਟ ਵਜਾ ਦੇਵਾਂ। ਮਹਾਰਾਜ ਕਹਿੰਦੇ, ਸ਼ਕਤੀ ਕਿੱਥੋਂ ਆਈ ਹੈ? ਕਹਿਣ ਲੱਗਿਆ, ਪਾਤਸ਼ਾਹ! ਆਪ ਦੇ ਚਰਨਾਂ 'ਚੋਂ? ਫੇਰ ਕਹਿੰਦੇ, ਵੱਡੀ ਸ਼ਕਤੀ ਸ਼ਹੀਦੀ ਦੀ ਹੁੰਦੀ ਹੈ, ਆਹ ਨਾ ਸ਼ਕਤੀ ਵਰਤ। ਸੰਸਾਰ ਤੋਂ ਆਪਾਂ ਜਾਣਾ ਹੈ, ਭਾਣਾ ਵਰਤਣਾ ਹੈ। ਦਿਬਯ ਦ੍ਰਿਸ਼ਟੀ ਦੇ ਨਾਲ ਦਿਖਾ ਦਿੱਤਾ, ਸ਼ਾਂਤ ਹੋ ਗਏ। ਉਸ ਵੇਲੇ ਭਾਈ ਮਤੀ ਦਾਸ ਦੇ ਕੋਲ ਕਾਜ਼ੀ ਆਉਂਦਾ ਹੈ, ਫਤਵਾ ਦਿੰਦਾ ਹੈ ਕਿ ਮਤੀ ਦਾਸ! ਤੈਨੂੰ ਦੋ ਚੀਜ਼ਾਂ ਨੇ, ਸਜ਼ਾਏ ਮੌਤ ਦਿੱਤੀ ਜਾਂਦੀ ਹੈ, ਤਸੀਹਿਆਂ ਦੇ ਨਾਲ। ਆਰੇ ਨਾਲ ਚੀਰ ਕੇ ਤੇਰੇ ਦੋ ਫਾੜ ਕੀਤੇ ਜਾਣਗੇ। ਇਧਰਲੇ ਪਾਸੇ ਤੈਨੂੰ ਰਿਆਇਤ ਦਿਤੀ ਜਾ ਰਹੀ ਹੈ ਕਿ ਜੇ ਤੂੰ ਇਸਲਾਮ ਧਾਰਨ ਕਰ ਲਵੇਂ ਤਾਂ ਤੈਨੂੰ ਛੁੱਟੀ ਹੋ ਜਾਏਗੀ। ਉਸ ਵੇਲੇ ਆਪ ਕਹਿਣ ਲੱਗੇ, ਨਾ; ਨਿੱਜ ਧਰਮ ਸਭ ਨੂੰ ਪਿਆਰਾ ਹੈ। ਮੌਤ ਤੋਂ ਡਰ ਕੇ ਇਹ ਚੀਜ਼ ਕਰ ਲੈਣੀ, ਫੇਰ ਗੁਰੂ ਨੇ ਤਾਂ ਕਿਹਾ ਹੈ -

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਅੰਗ - ੧੪੨੭

ਕਹਿਣ ਲੱਗੇ, ਮਤੀ ਦਾਸ! ਜਾਨ ਨਾ ਗਵਾਓ। ਤਿਲਕ ਤੇ ਜੰਞੂ ਨਾਲ ਤੁਹਾਡੇ ਧਰਮ ਦਾ ਕੋਈ ਵਾਸਤਾ ਨਹੀਂ ਹੈ। ਕਿਉਂ ਖਾਹਮਖਾਹ ਉਨ੍ਹਾਂ ਦੇ ਵਾਸਤੇ ਜਾਨਾਂ ਦਿੰਦੇ ਓਂ? ਉਸ ਵੇਲੇ ਕਹਿਣ ਲੱਗੇ ਕਿ ਮੇਰਾ ਸਤਿਗੁਰੂ ਜਿਹੜਾ ਹੈ ਉਹ ਸਾਰਿਆਂ ਦਾ ਸਾਂਝਾ ਹੈ, ਸਾਰਿਆ ਨੂੰ ਸਾਂਝਾ ਉਪਦੇਸ਼ ਕਰਦਾ ਹੈ -

ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ ॥ ਅੰਗ- ੭੪੮

ਉਹ ਸਾਰੇ ਸੰਸਾਰ ਦਾ ਸਾਂਝਾ ਹੈ, ਜੋ ਕੁਛ ਤੁਸੀਂ ਧੱਕਾ ਕਰਦੇ ਓਂ। ਤੁਹਾਡੇ ਨਾਲ ਸਾਡੀ ਵਿਰੋਧਤਾ ਕੋਈ ਨਹੀਂ। ਸਿਰਫ ਤੁਹਾਡੀ ਨੀਤੀ ਨਾਲ ਵਿਰੋਧਤਾ ਹੈ। ਜਾਤ ਨਾਲ ਵਿਰੋਧਤਾ ਨਹੀਂ ਹੈ। ਜ਼ਾਤ ਸਾਰੇ ਹੀ ਪ੍ਰਮੇਸ਼ਰ ਦੇ ਬੰਦੇ ਨੇ ਇੱਥੇ ਦੂਜਾ ਕੋਈ ਨਹੀਂ ਹੈ, ਪਰ ਤੁਹਾਡੀ ਨੀਤੀ ਬਹੁਤ ਗਲਤ ਹੈ। ਇਹਦੀ ਅਸੀਂ ਡੱਟ

ਕੇ ਵਿਰੋਧਤਾ ਕਰਾਂਗੇ। ਬਾਕੀ ਜਿਹੜੀ ਤੂੰ ਮੌਤ ਦੀ ਗੱਲ ਕਰਦਾ ਹੈ। ਸਾਨੂੰ ਗੁਰੂ ਨੇ ਮੌਤ ਤੋਂ ਪਾਰ ਕਰ ਦਿੱਤਾ। ਜਿੱਥੇ ਸਾਨੂੰ ਪਹੁੰਚਾ ਦਿੱਤਾ ਉਥੇ ਤਾਂ ਮੌਤ ਪਹੁੰਚ ਹੀ ਨਹੀਂ ਸਕਦੀ। ਐਉਂ ਪੜ੍ਹ ਲਓ-

ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ,
ਮੇਰੇ ਮਨ ਆਨੰਦ ਹੈ ਪਿਆਰਿਓ।

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥

ਅੰਗ - ੧੩੬੫

ਕਬੂਲ ਕਰ ਲਿਆ ਆਰੇ ਨਾਲ ਚੀਰਿਆ ਜਾਣਾ। ਫੱਟਿਆਂ ਦੇ ਵਿਚ ਬੰਨ੍ਹ ਦਿੰਦੇ ਨੇ, ਗੁਰੂ ਮਹਾਰਾਜ ਵਲ ਪਿੱਠ ਕਰ ਦਿੱਤੀ। ਪਿੰਜਰੇ ਦੇ ਵਿਚ ਮਹਾਰਾਜ ਸਾਮ੍ਹਣੇ ਨੇ। ਦੇਖ ਰਹੇ ਨੇ। ਉਸ ਵੇਲੇ ਜਦੋਂ ਆਰਾ ਧਰਨ ਲੱਗਿਆ ਜਲਾਦ, ਕਹਿੰਦਾ ਮਤੀ ਦਾਸ! ਬਈ ਇੱਕ ਹੈਰਾਨੀ ਹੋਈ ਹੈ ਮੈਨੂੰ। ਕਿਉਂਕਿ ਆਰੇ ਨਾਲ ਚੀਰਨਾ ਤਾਂ ਮੇਰਾ ਰੋਜ਼ ਦਾ ਹੀ ਕੰਮ ਹੈ। ਬੇਅੰਤ ਚੀਰੇ ਨੇ ਪਰ ਚੀਰਨ ਤੋਂ ਪਹਿਲਾਂ ਜਾਂ ਉਹ ਮਰ ਗਏ, ਜਾਂ ਬੇਹੋਸ਼ ਹੋ ਗਏ। ਪਰ ਇੱਕ ਮੈਂ ਤੂੰ ਦੇਖਿਆ ਹੈਂ, ਜਿਹਦੇ ਨੈਣਾਂ ਦੇ ਵਿਚ ਚਮਕ ਵੱਧ ਗਈ, ਚਿਹਰੇ 'ਤੇ ਲਾਲੀ ਆ ਗਈ ਹੈ। ਕੀ ਗੱਲ ਕੋਈ ਨਸ਼ਾ ਪੀ ਲਿਆ ਤੂੰ? ਤੇਰੇ ਉਦਾਸੀ ਕਿਉਂ ਨਹੀਂ ਆਈ ਤੇ ਨਾਲ ਮੈਨੂੰ ਦਸ ਕਿ ਤੇਰੀ ਅੰਤਮ ਇੱਛਾ ਹੋਵੇ ਉਹ ਵੀ ਮੈਂ ਪੂਰੀ ਕਰਾਂ ਜੋ ਮੇਰੇ ਅਖਤਿਆਰ ਵਿਚ ਹੋਵੇ। ਉਸ ਵੇਲੇ ਭਾਈ ਮਤੀ ਦਾਸ ਕਹਿਣ ਲੱਗੇ, ਜਲਾਦ! ਆਹ ਗੱਲਾਂ ਸਮਝਣ, ਸਮਝਾਉਣ ਦਾ ਮੌਕਾ ਨਹੀਂ ਹੈ, ਤੂੰ ਆਰਾ ਰੱਖ ਮੇਰੇ ਸੀਸ 'ਤੇ ਤੇ ਚੀਰਨਾ ਸ਼ੁਰੂ ਕਰ। ਆਹ ਸਵਾਲ ਮੇਰੇ ਤੋਂ ਨਾ ਪੁੱਛ। ਕਹਿੰਦਾ, ਮਤੀਦਾਸ! ਮੇਰੇ ਮਨ ਵਿੱਚ ਰਹਿ ਜਾਏਗੀ। ਕ੍ਰਿਪਾ ਕਰ, ਮੈਨੂੰ ਇਸ ਸਵਾਲ ਦਾ ਜਵਾਬ ਦੇਹ; ਕੋਈ ਨਸ਼ਾ ਪੀ ਲਿਆ? ਉਹ ਕਹਿੰਦੇ ਹਾਂ, ਇੱਕ ਵਾਰੀ ਪੀਤਾ ਸੀ, ਉਹ ਨਸ਼ਾ ਹੁਣ ਤੱਕ ਉਤਰਿਆ ਹੀ ਨਹੀਂ ਮੁੜ ਕੇ -

ਧਾਰਨਾ - ਚੜ੍ਹੀ ਰਹੇ ਦਿਨ ਰਾਤ,
ਨਾਮ ਖੁਮਾਰੀ-ਨਾਮ ਖੁਮਾਰੀ।

ਪੋਸਤ ਮਦ ਅਫੀਮ ਭੰਗ ਉਤਰ ਜਾਏ ਪਰਭਾਤਿ।
ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।

ਜਨਮਸਾਖੀ

ਕਹਿੰਦੇ, ਜਲਾਦ! ਤੇਰੀ ਸਮਝ ਤੋਂ ਪਰ੍ਹੇ ਹੈ। ਅਸੀਂ ਅੰਮ੍ਰਿਤ ਦਾ ਪਿਆਲਾ ਪੀਤਾ ਹੋਇਆ ਹੈ, ਨਾਮ ਅੰਮ੍ਰਿਤ ਦਾ। ਮੌਤ ਤੋਂ ਅਸੀਂ ਪਾਰ ਹੋ ਗਏ, ਅੰਮ੍ਰਿਤ ਕਹਿੰਦੇ ਉਸ ਨੂੰ ਨੇ, ਜਿਥੇ ਮੌਤ ਨਾ ਪਹੁੰਚ ਸਕਦੀ ਹੋਵੇ। ਸੋ ਅਸੀਂ ਤਾਂ ਆਪਣੇ ਘਰ ਨੂੰ ਜਾ ਰਹੇ ਹਾਂ, ਕਾਹਦੀ ਤੂੰ ਚਿੰਤਾ। ਹਾਂ, ਸੇਵਾ ਤੂੰ ਕਹਿੰਦਾ ਹੈਂ। ਉਹ ਮੈਂ ਬੇਨਤੀ ਕਰ ਦਿੰਦਾ ਹਾਂ, ਉਹ ਮੈਂ ਧੰਨਵਾਦ ਹੀ ਕਰਾਂਗਾ ਤੇਰਾ। ਉਹ ਇਹ ਹੈ ਕਿ ਮੇਰੀ ਪਿੱਠ ਨਾ ਗੁਰੂ ਵੱਲ ਕਰ। ਤੇਰਾ ਆਰਾ ਚਲਦਾ ਹੋਵੇ, ਤੇ ਮੇਰੇ ਅੰਦਰ ਗੁਰੂ ਤੇਗ ਬਹਾਦਰ ਸਾਹਿਬ ਦਾ ਵਾਸ ਹੋਵੇ ਤੇ ਮੈਂ ਉਨ੍ਹਾਂ ਦੇ ਸੁੰਦਰ ਚਿਹਰੇ ਨੂੰ ਦੇਖਦਾ-ਦੇਖਦਾ ਸਰੀਰ ਨੂੰ ਛੱਡ ਕੇ ਜਾਵਾਂ। ਦੋ ਫਾੜ ਕਰਕੇ ਸੁੱਟ ਦਿੱਤੇ। ਉਸ ਤੋਂ ਬਾਅਦ ਭਾਈ ਦਿਆਲੇ ਦੀ ਵਾਰੀ ਆ ਗਈ। ਫਤਵਾ ਲਗ ਗਿਆ ਕਿ ਇਸਲਾਮ ਕਬੂਲ ਕਰੋ। ਜੇ ਬਚਣਾ ਹੈ, ਮੌਤ ਤੋਂ। ਨਹੀਂ ਤਾਂ ਫੇਰ ਦੇਗ ਦੇ ਵਿੱਚ ਉਬਾਲ ਦਿੱਤੇ ਜਾਓਂਗੇ। ਪਾਣੀ ਉਬਾਲੇ ਖਾ ਰਿਹਾ ਸੀ। ਕੰਢਿਆਂ ਦੇ ਉਤੇ ਦੀ ਹੋ ਕੇ ਡੁਲ੍ਹ ਰਿਹਾ ਸੀ। ਕਹਿਣ ਲੱਗੇ, ਭਾਈ ਦਿਆਲਾ! ਆਹ ਤੇਰਾ ਅੰਜ਼ਾਮ ਹੈ। ਕਹਿਣ ਲੱਗੇ, ਕੋਈ ਗੱਲ ਨਹੀਂ, ਇਹ ਤਾਂ ਠੀਕ ਹੈ। ਉਸ ਵੇਲੇ ਦੇਗੇ ਦੇ ਵਿਚ ਪਾਉਣ ਦਾ ਹੁਕਮ ਹੋ ਗਿਆ। ਕਹਿਣ ਲੱਗੇ, ਫੜ ਕੇ ਕਿਉਂ ਸੁੱਟਣਾ ਹੈ ਮੈਂ ਆਪਣੇ ਆਪ ਹੀ ਵੜ ਜਾਂਦਾ ਹਾਂ। ਕਦਮ ਰੱਖਦੇ ਨੇ ਉਬਲਦੇ ਪਾਣੀ 'ਚ ਤੇ ਨਾਲ ਦੀ ਨਾਲ ਇੱਕ ਅਰਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ 'ਚ ਕਰਦੇ ਨੇ-

ਧਾਰਨਾ - ਮੇਰੀ ਟੁੱਟੀ ਨਾ ਪ੍ਰੀਤ ਵਾਲੀ ਡੋਰੀ,
ਮਿੱਠਾ ਤੇਰਾ ਭਾਣਾ ਲਗਦਾ।

ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।
ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।
ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।
ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।
ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।
ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥

ਭਾਈ ਗੁਰਦਾਸ ਜੀ, ਵਾਰ ੨੭/੪

ਹੇ ਪ੍ਰਭੂ! ਮੇਰਾ ਪਿਆਰ ਤੇਰੇ ਨਾਲ ਨਿਭ ਜਾਵੇ। ਪਾਣੀ ਵਿਚ ਉਬਾਲ ਦਿੱਤਾ ਜਿਵੇਂ ਆਲੂ ਉਬਾਲ ਦਿੱਤਾ ਇਸ ਤਰ੍ਹਾਂ ਸਰੀਰ ਗਲ ਗਿਆ। ਕੱਢ ਕੇ ਗੁਰੂ ਮਹਾਰਾਜ ਦੇ ਸਾਮ੍ਹਣੇ ਸੁੱਟ ਦਿੱਤਾ। ਤੀਸਰੇ ਦੀ ਵਾਰੀ ਆਈ ਸਤੀ ਦਾਸ ਦੀ। ਤਿੰਨ ਨੂੰ ਗੁਰੂ ਮਹਾਰਾਜ ਨੇ ਪਹਿਲਾਂ ਭੇਜ ਦਿੱਤਾ ਸੀ ਕਿ ਤੁਸੀਂ ਜਾਓ। ਭਾਈ ਜੇਠਾ, ਭਾਈ ਗੁਰਦਿੱਤੇ ਨੂੰ ਕਿਹਾ ਕਿ ਗੋਬਿੰਦ ਰਾਇ ਨੂੰ ਜਾ ਕੇ ਤੁਸੀਂ ਤਿਲਕ ਦੇਵੋ। ਭਾਈ ਊਧੋ ਤੇ ਭਾਈ ਜੈਤੇ ਦੀ ਡਿਊਟੀ ਲਾ ਦਿਤੀ ਕਿ ਤੁਸੀਂ ਸਾਡਾ ਸੀਸ ਲੈ ਜਾਇਓ ਏਥੋ, ਅਨੰਦਪੁਰ ਸਾਹਿਬ। ਬਾਕੀ ਸਰੀਰ ਇਹ ਵੀ ਬੰਦੋਬਸਤ ਹੋ ਚੁੱਕਿਆ ਹੈ। ਕੋਈ ਚਿੰਤਾ ਨਾ ਕਰਿਓ, ਤੁਸੀਂ ਬਾਹਰ ਖੜ ਜਾਓ, ਭੀੜ ਵਿੱਚ ਜਾ ਕੇ। ਸੋ ਉਸ ਵੇਲੇ ਭਾਈ ਸਤੀ ਦਾਸ ਜੀ ਨਾਲ ਨੇ, ਹੁਕਮ ਹੋ ਗਿਆ ਕਿ ਇਹਦੇ ਦੁਆਲੇ ਰੂੰ ਵਲੇਟ ਕੇ ਅੱਗ ਲਾ ਦਿਓ। ਉਸੇ ਵੇਲੇ ਰੂੰ ਵਲੇਟ ਦਿੱਤੀ ਤੇ ਅੱਗ ਲਾ ਦਿੱਤੀ। ਸੀ, ਨਹੀਂ ਕਿਹਾ, ਸੀ ਦੀ ਥਾਂ 'ਤੇ ੴ ਦੀ ਧੁਨੀ ਉਠ ਰਹੀ ਹੈ। 'ਸਤਿਨਾਮ' ਦੀ ਆਵਾਜ਼ ਆ ਰਹੀ ਹੈ। 'ਕਰਤਾ ਪੁਰਖ' ਦੀ ਆਵਾਜ਼ ਆ ਰਹੀ। ਸੋ ਤਿੰਨਾਂ ਨੇ ਸਰੀਰ ਗੁਰੂ ਦੇ ਸਾਮ੍ਹਣੇ ਦੇ ਦਿੱਤੇ। ਕਹਿੰਦੇ ਮਰਨਾ ਤਾਂ ਸਾਰਿਆਂ ਨੇ ਹੈ ਪਰ ਮਰਨਾ ਕੋਈਓ ਜਾਣਦਾ ਹੈ। ਐਉਂ ਪੜ੍ਹ ਲਓ -

ਧਾਰਨਾ - ਮਰਦਾ ਮਰਦਾ ਸਭ ਜਗ ਮੋਇਆ,
ਮਰਨਾ ਕੋਈਓ ਜਾਣਦਾ।

ਕਬੀਰਾ ਮਰਤਾ ਮਰਤਾ ਜਗੁ ਮੁਆ
ਮਰਿ ਭਿ ਨ ਜਾਨੈ ਕੋਇ ॥
ਐਸੀ ਮਰਨੀ ਜੋ ਮਰੈ
ਬਹੁਰਿ ਨ ਮਰਨਾ ਹੋਇ ॥ ਅੰਗ - ੫੫੫

ਕਬੀਰ ਮੁਹਿ ਮਰਨੇ ਕਾ ਚਾਉ ਹੈ
ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥

ਅੰਗ - ੧੩੬੭

ਮਹਾਨ ਖੁਸ਼ੀਆਂ ਗੁਰੂ ਮਹਾਰਾਜ ਦੀ ਮਿਹਰ ਦੀਆਂ, ਨਦਰ

ਦੀਆਂ ਪ੍ਰਾਪਤ ਕਰਕੇ, ਤਿੰਨਾਂ ਨੇ ਇਸ ਛਿਨ ਭੰਗਰ, ਪੰਜ ਭੂਤਕ ਸਰੀਰ ਨੂੰ ਛੱਡ ਕੇ ਗੁਰੂ ਦੇ ਲੋਕ ਵਿੱਚ ਚਲੇ ਗਏ। ਦੂਸਰਾ ਦਿਨ ਹੋਇਆ, ੧੩ ਮੱਘਰ ਆ ਗਿਆ, ਉਸ ਵੇਲੇ ਗੁਰੂ ਮਹਾਰਾਜ ਨਾਲ ਬਚਨ ਹੁੰਦੇ ਨੇ। ਮਹਾਰਾਜ ਕਹਿੰਦੇ, ਜਿਹੜੀ ਬਾਤ ਹੈ ਭਾਈ ਉਹ ਤਾਂ ਕਰ ਲਓ। ਉਸ ਵੇਲੇ 13 ਮੱਘਰ 1732 ਦਾ, ਸੰਨ ਚੱਲ ਰਿਹਾ ਸੀ ਬਿਕ੍ਰਮੀ ਸੰਨ। ਸ਼ਹਿਰ 'ਚ ਮੁਨਾਦੀ ਕਰਾ ਦਿੱਤੀ ਗਈ ਕਿ ਕੋਈ ਬੰਦਾ ਘਰ ਨਾ ਰਹੇ, ਕੱਲ੍ਹ ਨੂੰ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨਾ ਹੈ, ਸਾਰੇ ਆ ਕੇ ਨਜ਼ਾਰਾ ਦੇਖੋ, ਦਹਿਸ਼ਤ ਫੈਲਾਉਂਦੇ ਨੇ। ਮਹਾਰਾਜ ਨੂੰ ਇੱਕ ਗੱਲ ਕਹੀ ਗਈ ਕਿ ਕਰਾਮਾਤ ਦਿਖਾਓ। ਮਹਾਰਾਜ ਕਹਿੰਦੇ, ਵਾਹਿਗੁਰੂ ਦੀ ਚਲਦੀ ਦੁਨੀਆਂ 'ਚ ਅਸੀਂ ਰੋਕ ਕਿਵੇਂ ਪਾ ਦੇਈਏ, ਕਰਾਮਾਤ ਕਹਿਰ ਦਾ ਨਾਮ ਹੁੰਦਾ ਹੈ। ਕਰਾਮਾਤ ਨਹੀਂ ਦਿਖਾਉਣੀ। ਅਸੀਂ ਠੀਕਰਾ ਭੰਨਣਾ ਹੈ, ਔਰੰਗੇ ਦੇ ਸਿਰ, ਤਾਂ ਕਿ ਇਹਦੇ ਅਧਰਮ ਨੂੰ ਕੁਛ ਰੋਕ ਪਵੇ। ਕਰਾਮਾਤਾਂ ਦਿਖਾਉਣ ਨਹੀਂ ਅਸੀਂ ਇੱਥੇ ਆਏ।

ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ।

ਪ੍ਰਭੂ ਦੇ ਲੋਕਾਂ ਨੂੰ ਤਾਂ ਨਾਉਂ ਲੈ ਕੇ ਹੀ ਲਾਜ ਆ ਜਾਂਦੀ ਹੈ ਕਿ ਇਹੋ ਜਿਹੇ ਕੰਮ ਅਸੀਂ ਕਰੀਏ। ਇਹ ਤਾਂ ਬੇਅੰਤ ਨੇ। ਇੱਕ ਗੁਰਸਿੱਖ ਹੀ ਕਰਾਮਾਤ ਦਿਖਾ ਸਕਦਾ ਹੈ। ਸੋ ਉਸ ਵੇਲੇ ਫਤਵਾ ਲੱਗ ਗਿਆ। ਚਾਂਦਨੀ ਚੌਂਕ 'ਚ ਮਹਾਰਾਜ ਆ ਜਾਂਦੇ ਨੇ, ਖੂਹ ਦੇ ਪਾਣੀ ਨਾਲ ਇਸ਼ਨਾਨ ਆਪ ਕਰਦੇ ਨੇ, ਬੋਹੜ ਦੇ ਥੱਲੇ, ਬਹੁਤ ਵੱਡਾ ਘੇਰਾ ਸ਼ਹਿਰ ਵਾਸੀਆਂ ਦਾ, ਚਾਰੇ ਪਾਸੇ ਫੈਲ ਜਾਂਦਾ ਹੈ। ਜਿਵੇਂ ਪਹਿਲਵਾਨ ਘੁਲਦੇ ਹੁੰਦੇ ਨੇ। ਉਨ੍ਹਾਂ ਦਾ ਅਖਾੜਾਂ ਹੁੰਦਾ ਹੈ ਬਹੁਤ ਲੰਮਾ ਚੌੜਾ। ਇਸ ਤਰ੍ਹਾਂ ਸੈਂਕੜੇ ਗਜ਼ਾਂ ਦੇ ਵਿੱਚ ਬੰਦੇ ਘੇਰਾ ਘੱਤੀ ਖੜ੍ਹੇ ਨੇ। ਅਰਦਾਸਾਂ ਕਰਦੇ ਨੇ ਕਿ ਹੇ ਪ੍ਰਭੂ ਆਹ ਗੱਲ ਨਾ ਹੋਵੇ। ਰੋ ਰਹੀ ਹੈ ਲੋਕਾਈ। ਹਿੰਦੂ ਧਰਮ ਰੋ ਰਿਹਾ ਹੈ ਕਿ ਸਾਡੀ ਰਾਖੀ ਵਾਸਤੇ ਕਿੱਡੀ ਵੱਡੀ ਕੁਰਬਾਨੀ ਦੇ ਰਹੇ ਨੇ। ਆਪਣਾ ਸਭ ਕੁਛ ਦੇ ਰਹੇ ਨੇ। ਉਸ ਵੇਲੇ ਗੁਰੂ ਤੇਗ ਬਹਾਦਰ ਸਾਹਿਬ ਆ ਕੇ ਚੌਂਕੜਾ ਮਾਰ ਕੇ ਬੈਠ ਜਾਂਦੇ ਨੇ, ਸੋ ਆਪ ਲੀਨ ਹੋ ਜਾਂਦੇ ਨੇ।

ਉਸ ਵੇਲੇ ਜਦ ਕਹਿੰਦੇ ਨੇ ਕਰਾਮਾਤ ਦਿਖਾਓ। ਤਾਂ ਆਪ ਨੇ ਕਿਹਾ ਕਿ ਬਾਅਦ 'ਚ ਤੁਹਾਨੂੰ ਪਤਾ ਲੱਗੇਗਾ, ਸਰੀਰ ਛੱਡ ਜਾਈਏ। ਇੱਕ ਕਾਗਜ਼ ਗਰਦਨ 'ਤੇ ਪਿਆ ਹੈ, ਉਹਦੇ ਵਿੱਚ ਲਿਖਿਆ ਹੋਇਆ ਹੈ –

ਬਾਂਹਿ ਜਿਨਾ ਦੀ ਪਕੜੀਏ
ਸਿਰ ਦੀਜੈ ਬਾਂਹਿ ਨ ਛੋਡੀਏ।
ਤੇਗ ਬਹਾਦਰ ਬੋਲਿਆ ਧਰਿ ਪਈਏ, ਧਰਮ ਨ ਛੋਡੀਏ।

ਤਲਵਾਰ ਦਾ ਵਾਰ ਹੁੰਦਾ ਹੈ, ਕੱਚਾ ਧਾਗਾ ਬੰਨ੍ਹਿਆ ਹੋਇਆ ਹੈ, ਲੇਕਿਨ ਹੈਰਾਨੀ ਹੁੰਦੀ ਹੈ ਕਿ ਤਲਵਾਰ ਪਿੱਛੋਂ ਆਉਂਦੀ ਹੈ, ਸੀਸ ਪਹਿਲਾਂ ਉਡ ਜਾਂਦਾ ਹੈ। ਨਾਲ ਦੀ ਨਾਲ ਹਨ੍ਹੇਰੀ ਆ ਜਾਂਦੀ ਹੈ ਉਸੇ ਵੇਲੇ, ਕਾਲੀ ਬੋਲੀ ਰਾਤ ਪੈ ਗਈ, ਕੁਝ ਨਹੀਂ ਸੁਝਦਾ। ਹੈਰਾਨ ਹੋ ਜਾਂਦੇ ਨੇ ਸਾਰੇ। ਭਾਈ ਜੈਤੇ ਤੇ ਭਾਈ ਊਧੋ ਦੇ ਕੋਲ ਸੀਸ ਜਾ ਪਹੁੰਚਦਾ ਹੈ। ਉਸ ਵੇਲੇ ਬਹੁਤ ਰੌਲਾ ਪੈ ਗਿਆ। ਹਿੱਲਣ ਲਗ ਗਈ ਦਿੱਲੀ ਤੇ ਸਰੀਰ ਨੂੰ ਲੱਖੀ ਵਣਜਾਰਾ ਲੈ ਜਾਂਦਾ ਹੈ।

ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਅੱਜ ਦੇ ਦਿਨ ਬੜੀ ਭਾਰੀ ਕੁਰਬਾਨੀ ਦਿੱਤੀ ਹੈ ਇੱਕ ਅਸੂਲ ਨੂੰ ਮੱਦ-ਏ-ਨਜ਼ਰ ਰੱਖ ਕੇ। ਆਪਣੇ ਧਰਮ ਦੀ ਰਾਖੀ ਤਾਂ ਸਾਰਾ ਸੰਸਾਰ ਕਰਦਾ ਹੈ, ਲੇਕਿਨ ਇਨ੍ਹਾਂ ਨੇ ਹਿੰਦਵਾਨ ਦੀ ਰਾਖੀ ਕਰੀ, ਜੇ ਆਪ ਉਸ ਵੇਲੇ ਬਲੀਦਾਨ ਨਾ ਦਿੰਦੇ। ਅੱਜ ਨਾ ਕਿਸੇ ਮੰਦਰ 'ਚ ਸੰਖ ਬੋਲਦਾ, ਨਾ ਕਿਸੇ ਦੇ ਜਨੇਊ ਹੁੰਦਾ, ਸਾਰਿਆਂ ਦਾ ਨਾਮ ਦੀਨ ਤੇ ਮੁਹੰਮਦ ਹੋਣਾ ਸੀ। ਸੋ ਹਿੰਦੋਸਤਾਨ ਦਾ ਨਕਸ਼ਾ ਹੋਰ ਹੋਣਾ ਸੀ। ਇਹ ਅਹਿਸਾਨ ਭਾਰਤ ਵਰਸ਼ 'ਤੇ ਗੁਰੂ ਮਹਾਰਾਜ ਨੇ ਮੁੱਢ ਬੰਨ੍ਹਿਆ ਤੇ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਚਾਰੇ ਸਾਹਿਬਜ਼ਾਦੇ, ਸਾਰਾ ਪਰਿਵਾਰ ਇਸੇ ਲਾਈਨ ਦੇ ਉਤੇ ਬਲੀਦਾਨ 'ਤੇ ਲਾ ਦਿੱਤਾ ਹਿੰਦੋਸਤਾਨ ਦੀ ਪੱਤ ਰਖ ਲਈ। ਸਾਰੇ ਬੋਲ ਕੇ ਪੜ੍ਹੋ ਇਸ ਤਰ੍ਹਾਂ –

ਧਾਰਨਾ – ਵਾਹਵਾ ਵਾਹਵਾ ਬਈ ਸੀਸ
ਦੇ ਹਿੰਦ ਰੱਖ ਲਈ।
ਐਸੀ ਕਰਨੀ ਕਿਸੇ ਨਾ ਕੀਤੀ – ੨

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।

ਬਚਿਤ੍ਰ ਨਾਟਕ

ਸਾਰੇ ਸੰਸਾਰ ਦੇ ਇਤਿਹਾਸ 'ਚ ਐਸੀ ਕਿਰਿਆ ਕਿਸੇ ਦੀ ਨਹੀਂ ਹੈ। ਲੜਾਈਆਂ ਤਾਂ ਮਹਾਂਪੁਰਸ਼ਾਂ ਨੇ, ਪੂਰਨ ਪੁਰਸ਼ਾਂ ਨੇ ਬਹੁਤ ਯੁੱਧ ਕੀਤੇ। ਕੁਰਬਾਨੀਆਂ ਵੀ ਕੀਤੀਆਂ। ਸ੍ਰੀ ਰਾਮ ਚੰਦਰ ਜੀ ਦਾ ਯੁੱਧ ਰਾਵਣ ਨਾਲ ਹੋਇਆ। ਪਰ ਕਾਰਨ ਸੀਤਾ ਜੀ ਸੀ। ਮਹਾਂਭਾਰਤ ਦਾ ਬੜਾ ਭਿਆਨਕ ਯੁੱਧ ਹੋਇਆ, ਕ੍ਰਿਸ਼ਨ ਮਹਾਰਾਜ ਨੇ ਗਾਈਡ ਕਰੇ। ਦਰੋਪਤੀ ਤੋਂ ਝਗੜਾ ਪਿਆ। ਪਾਪ ਦਾ ਖਾਤਮਾ ਕਰਨ ਵਾਸਤੇ, ਯੁੱਧ ਕਰਾਇਆ ਗਿਆ। ਇਸੇ ਤਰ੍ਹਾਂ ਹੋਰ ਵੱਡੇ ਮਹਾਂਪੁਰਸ਼ ਸੰਸਾਰ ਦੇ ਇਤਿਹਾਸ 'ਚ ਕਿਤੇ ਨਹੀਂ ਆਏਗਾ ਕਿ ਦੂਸਰੇ ਦੇ ਧਰਮ ਨੂੰ ਰੱਖਣ ਵਾਸਤੇ ਸੁਪਰੀਮ ਕੁਰਬਾਨੀ ਦਿੱਤੀ ਹੋਵੇ।

ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ।

(ਬਚਿਤ੍ਰ ਨਾਟਕ)

ਇਕ ਵੀ ਬੰਦਾ ਨਾ ਹਿੰਦੂ ਨਾ ਮੁਸਲਮਾਨ; ਜਗਤ ਵਿੱਚ ਸਾਰੇ ਹੀ ਆ ਗਏ। ਸਾਰਿਆਂ ਦੇ ਹਿਰਦੇ 'ਚ ਸ਼ੋਕ ਹੋ ਗਿਆ ਕਿ ਬਹੁਤ ਮਾੜੀ ਗੱਲ ਹੋਈ ਹੈ। ਗੁਰੂ ਤੇਗ ਬਹਾਦਰ ਸਾਹਿਬ ਵਰਗੇ ਜਿਨ੍ਹਾਂ ਦੇ ਉਤੇ ਹਜ਼ਾਰਾਂ ਮੁਸਲਮਾਨਾਂ ਨੂੰ ਯਕੀਦਤ, ਸ਼ਰਧਾ ਸੀ ਪੂਰੀ ਸੀ ਪੂਰੀ। ਉਹ ਵੀ ਰੋਂਦੇ ਨੇ, ਹਿੰਦੂਆਂ ਨੇ ਤਾਂ ਰੋਣਾ ਹੀ ਸੀ। ਜਗਤ ਨੂੰ ਸ਼ੋਕ ਹੋ ਗਿਆ ਤੇ ਓਧਰਲੇ ਪਾਸੇ –

ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।

ਬਚਿਤ੍ਰ ਨਾਟਕ

ਦੇਵਤਿਆਂ ਦੇ ਮੰਡਲ ਵਿਚ ਜੈ-ਜੈ ਹੋਰ ਹੀ ਹੈ। ਜਿਥੋਂ ਜਾ ਰਹੇ ਨੇ, ਜੈ-ਜੈਕਾਰ ਹੁੰਦੀ ਚਲੀ ਜਾ ਰਹੀ ਹੈ। ਆਪਣੇ ਘਰ ਨੂੰ ਨਿਰੰਕਾਰ ਦੇ ਦੇਸ਼ 'ਚ ਹੁੰਦੀ ਜਾ ਰਹੀ ਹੈ –

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ। ***ਬਚਿਤ੍ਰ ਨਾਟਕ***

ਕਾਰਨ ਵੀ ਲਿਖ ਦਿੱਤਾ ਮਹਾਰਾਜ ਨੇ। ਕਿਉਂਕਿ ਬਾਅਦ ਵਿਚ ਬੜੇ ਇਤਿਹਾਸ ਗਲਤ ਆਏ ਨੇ। ਗੁਲਾਮ ਦੀਨ ਨੇ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਡਾਕੇ ਮਾਰਦੇ ਸੀ, ਤਾਂ ਫੜ

ਕੇ ਉਨ੍ਹਾਂ ਨੂੰ ਸਜ਼ਾ ਦੇ ਦਿਤੀ। ਕਈ ਸਾਡੇ ਇਤਿਹਾਸਕਾਰਾਂ ਨੇ ਨਕਲ ਕਰ ਦਿਤੀ ਉਹਦੀ। ਬੜਾ ਰੌਲਾ ਪਿਆ ਸੀ। ਪੰਜਾਬੀ ਯੂਨੀਵਰਸਿਟੀ ਦਾ ਪ੍ਰੋਫੈਸਰ ਸੀ ਉਹਨੇ ਵੀ ਲਿਖ ਮਾਰਿਆ।

ਸੋ ਮਹਾਰਾਜ ਆਪਣੇ ਹੱਥ ਨਾਲ ਲਿਖਦੇ ਨੇ ਕਿ ਉਨ੍ਹਾਂ ਦਾ ਕਾਰਨ ਇਹ ਸੀ ਕਿ -

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿਹੇਤਿ ਇਤੀ ਜਿਨਿ ਕਰੀ।
ਸੀਸੁ ਦੀਆ ਪਰ ਸੀ ਨ ਉਚਰੀ। ***ਬਚਿਤ੍ਰ ਨਾਟਕ***

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ ਇਹ ਮਹਾਨ ਦਿਨ ਇਕੱਲਾ ਸਿੱਖਾਂ ਵਾਸਤੇ ਮਹੱਤਤਾ ਨਹੀਂ ਰਖਦਾ, ਨਾ ਇਕੱਲੇ ਹਿੰਦੋਸਤਾਨ ਵਾਸਤੇ ਰਖਦਾ ਹੈ। ਇਹ ਤਾਂ ਸਾਰੀ ਦੁਨੀਆਂ ਦਾ ਇੱਕ ਸਾਂਝਾ ਦਿਨ ਹੈ ਜਿਸ ਦਿਨ ਇਕ ਐਸਾ ਕੌਤਕ ਹੋਇਆ ਕਿ ਬੇਗਾਨੇ ਧਰਮ ਵਾਸਤੇ ਸ਼ਹੀਦੀ ਦਿੱਤੀ ਗਈ। ਭਾਵੇਂ ਉਸ ਤੋਂ ਬਾਅਦ ਅਸੀਂ ਬਦਲਾ ਭਾਲਦੇ ਸੀ, ਪਹਾੜੀ ਰਾਜੇ ਗੁਰੂ ਮਹਾਰਾਜ ਦੇ ਨਾਲ ਮੇਲ ਰਖਦੇ ਤੇ ਫੌਜਾਂ ਨਾ ਚਾੜ੍ਹਦੇ। ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਕਾਰਨ ਨਾ ਬਣਦੇ, ਪਰ ਸੰਸਾਰ ਤਾਂ ਐਸੇ ਤਰ੍ਹਾਂ ਦਾ ਹੈ। ਬਵੰਜਾ ਰਾਜਿਆਂ ਨੂੰ ਗੁਰੂ ਛੇਵੇਂ ਪਾਤਸ਼ਾਹ ਨੇ ਉਮਰ ਕੈਦ 'ਚੋਂ ਕੱਢ ਕੇ ਮੁੜ ਕੇ ਗੱਦੀਆਂ 'ਤੇ ਬਿਠਾਇਆ। ਪਰ ਕਿੰਨੇ ਕੁ ਸੀਗੇ ਜਿਨ੍ਹਾਂ ਨੇ ਗੁਰੂ ਮਹਾਰਾਜ ਦੀ ਸਹਾਇਤਾ ਕਰੀ। ਕਿੰਨੇ ਕੁ ਉਨ੍ਹਾਂ ਦੇ ਆਪਣੇ ਬੰਦੇ ਸੀਗੇ, ਜਿਨ੍ਹਾਂ ਦੇ ਕੋਲ ਜਾਂਦੇ ਕਿ ਦਰਵਾਜ਼ਾ ਨਹੀਂ ਸੀ ਖੁਲ੍ਹ ਸਕਦਾ। ਦੂਸਰੇ ਪਾਸੇ ਇਸਲਾਮ ਵਾਲੇ ਨੇ। ਮੈਂ ਇਹ ਬੇਨਤੀ ਤਾਂ ਕਰ ਰਿਹਾ ਹਾਂ ਕਿ ਸਾਡੇ ਮਨਾਂ 'ਚ ਘਿਰਣਾ ਹੋ ਜਾਂਦੀ ਹੈ ਕਿ ਪਤਾ ਨਹੀਂ ਮੁਸਲਮਾਨ ਮਾੜਾ ਹੈ। ਨਾ ਮੁਸਲਮਾਨ ਨਹੀਂ ਮਾੜਾ, ਰਾਜ ਮਾੜਾ ਹੁੰਦਾ ਹੈ। ਬੰਦਾ ਕੋਈ ਮਾੜਾ ਨਹੀਂ ਹੁੰਦਾ। ਮੁਸਲਮਾਨ ਨੇ ਜਿੰਨੀ ਮਦਦ ਗੁਰੂ ਦਸ਼ਮੇਸ਼ ਪਿਤਾ ਦੀ ਕੀਤੀ ਹੈ ਹਰ ਸੰਕਟ ਦੇ ਵਿਚ ਕਿਤੇ ਮੰਜੇ 'ਤੇ ਬਿਠਾ ਕੇ ਚੁੱਕੀਂ ਫਿਰਦੇ ਨੇ, ਕਿਤੇ ਗਵਾਹੀਆਂ ਦਿੰਦੇ ਨੇ, ਨਿਹੰਗ ਖਾਨ ਆਪਣੇ ਕਿਲ੍ਹੇ ਵਿੱਚ ਲਿਜਾ ਕੇ, ਦੂਜਿਆਂ ਨੂੰ ਮਰਨ ਮਾਰਨ ਨੂੰ ਤਿਆਰ ਹੋ ਜਾਂਦਾ ਹੈ। ਰਾਇਕੋਟ ਵਾਲਾ ਜਿਹੜਾ ਮੀਰ ਕੱਲਾ ਸੀ ਮੁਸਲਮਾਨ, ਨਵਾਬ ਸਰਹੰਦ ਦਾ ਜ਼ੋਰ ਲਾ ਰਿਹਾ ਸੀ ਕਿ ਮੈਨੂੰ ਗੁਰੂ ਗੋਬਿੰਦ ਸਿੰਘ ਫੜਾ ਦੇ, ਅੱਜ ਕਿਸੇ ਦੀ ਜ਼ੁਰਅੱਤ ਹੈ ਕਿ ਆਪਣੇ ਵੱਡੇ ਰਾਜ ਦੇ ਖਿਲਾਫ ਕੋਈ ਗੱਲ ਕਰ ਲਵੇ। ਇਹ ਓਹੀ ਸੀਗੇ ਜਿਨ੍ਹਾਂ ਨੇ ਸਾਥ ਦਿੱਤੇ। ਇਹ ਨਾ ਸੋਚੋ ਕਿ ਇਸਲਾਮ ਵਾਲੇ ਮਾੜੇ ਸੀਗੇ, ਉਨ੍ਹਾਂ ਵਿਚ ਵੀ ਬੜੇ ਗੁਣ ਨੇ, ਹਿੰਦੂਆਂ 'ਚ ਵੀ ਬਹੁਤ ਸੋਹਣੇ ਨੇ। ਬੰਦਾ ਜਿੱਥੇ ਚੰਗਾ ਹੈ ਉਹ ਸਾਰਿਆਂ ਦੇ ਵਿਚ ਹੈ, ਇੱਕ ਦਮ ਕਿਸੇ ਨੂੰ reject ਕਰ ਦੇਣਾ ... ਬੰਦਿਆਂ ਦੀ ਗਲਤੀ ਤੇ ਉਹਦੇ ਨਾਲ ਗਲਤ ਹੋ ਜਾਂਦੀ ਕਿਸੇ ਦੀ। ਸੋ ਸਮਾਂ ਹੁਣ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

(ਪੰਨਾ 21 ਦਾ ਬਾਕੀ)

ਚੌਰ ਕਰੇ, ਪਿੰਡ ਦਾ ਹੀ, ਉਹ ਚਾਰੋਂ ਆਸਾ ਦੀ ਵਾਰ ਲਾਈ ਬੈਠੇ। ਕੋਈ ਨਾ ਆਇਆ ਇੱਕ ਵੀ ਪਿੰਡ, ਮੈਂ ਕਿਹਾ ਸੈਣੀਮਾਜਰੇ 'ਚ ਨਹੀਂ ਕੋਈ ਆਇਆ। ਇਹ ਤਾਂ ਸਿੰਘਾਂ ਦਾ ਪਿੰਡ ਹੈ। ਹੈਰਾਨ ਹੋ ਗਏ, ਮੈਂ ਬਹਿ ਗਿਆ ਇਧਰ ਉੱਚੇ ਜਿਹੇ ਥਾਉਂ।

ਆਹ ਹਾਲ ਸਾਡਾ, ਕਰਨ ਵਾਲਿਆਂ ਦਾ ਤੇ ਕਰਾਉਣ ਵਾਲਿਆਂ ਦਾ, ਹੁਣ ਦੱਸੋ ਕਿਵੇਂ ਗੁਰੂ ਸਾਹਿਬ ਸਾਡੇ 'ਤੇ ਖੁਸ਼ ਹੋਣ।

ਸਾਧਸੰਗਤ ਜੀ! ਚਰਨ ਫੜੋ ਗੁਰੂ ਦੇ, ਨੱਕ ਰਗੜੋ, ਮਿੰਨਤਾਂ ਕਰੋ ਤਾਂ ਜਾ ਕੇ ਸਾਡੀ ਖਲਾਸੀ ਹੋਣੀ ਹੈ, ਜੇ ਗੁਰੂ ਦੀ ਨਿਗ੍ਹਾ ਹੋ ਗਈ, ਆਹ ਜਿਹੜੇ ਰਾਜ ਕਹਿੰਦੇ ਨੇ, ਇਹ ਤਾਂ ਮਹਾਰਾਜ ਕਹਿੰਦੇ ਉਈਂ ਪਿੱਛੇ ਤੁਰੇ ਫਿਰਨਗੇ। ਤੁਸੀਂ ਰੱਬ ਨੂੰ ਮਨਾ ਲਓ। ਜਿਹਦੇ ਨਾਲ ਪ੍ਰਮੇਸ਼ਰ ਰੁੱਸ ਗਿਆ ਆਹ ਟਰੱਕਾਂ 'ਤੇ ਲਿਖਿਆ ਹੁੰਦਾ ਹੈ 'ਇਕ ਰੁੱਸੇ ਨਾ ਕਲਗੀਆਂ ਵਾਲਾ ਹੋਰ ਭਾਵੇਂ ਜਗ ਰੁੱਸ ਜਾਏ।' ਮੈਂ ਕਿਹਾ ਗੱਲ ਤਾਂ ਬੜੀ ਸੋਹਣੀ ਹੈ ਜੇ ਕਿਤੇ ਇਨ੍ਹਾਂ ਦੇ ਮਨ ਵਿਚ ਬਹਿ ਜਾਵੇ।

ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ ॥
ਅੰਗ - ੯੫੭

ਜਾਂ ਮਹਾਰਾਜ ਕਹਿੰਦੇ ਨੇ -

ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥
ਅੰਗ - ੧੪੨੧

ਓ ਮਨਮੁਖੋ! ਜਲਦੀ ਆ ਜਾਓ ਗੁਰੂ ਕੋਲ, ਮਨਾ ਲਓ ਗੁਰੂ ਮਹਾਰਾਜ। ਔਖਾ ਹੋ ਜਾਂਦਾ ਹੈ ਰੱਬ ਰੁੱਸਿਆ ਮਨਾਉਣਾ। ਤੁਹਾਨੂੰ ਬੜੀਆਂ ਬਰਕਤਾਂ, ਜ਼ਮੀਨਾਂ ਜਾਇਦਾਦਾਂ; ਬੜੇ ਡੀਲ ਡੌਲ ਵਾਲੇ ਸਰੀਰ, ਦੁੱਧ ਦਿੱਤੇ, ਪੁੱਤ ਦਿੱਤੇ, ਉਹਦੇ ਵਲ ਪਿੱਠ ਕਰਕੇ ਬੈਠ ਗਏ। ਸੰਭਲੋ ਆਪਣੇ ਆਪ ਨੂੰ, ਸੰਭਾਲੋ, ਜਿੰਨੀ ਜਲਦੀ ਸੰਭਾਲ ਲਓਗੇ ਓਨਾਂ ਹੀ ਚੰਗਾ ਹੋਏਗਾ। 1980 ਵਿੱਚ ਵੀ ਮੈਂ ਇਹੀ ਬਚਨ ਕਰੇ ਸੀ, ਗਿਆਰ੍ਹਾਂ ਸਾਲ ਬਾਅਦ ਮੈਂ ਫੇਰ ਓਹੀ ਗੱਲ ਕਹਿ ਰਿਹਾ ਹਾਂ, ਕਿਉਂਕਿ ਦਿਸ ਰਿਹਾ ਹੈ ਸਾਰਾ ਕੁਛ। ਸੋ ਮਹਾਰਾਜ ਕਹਿੰਦੇ, ਕਰ ਸੰਤਾਂ ਨਾਲ ਮਿਲ ਕੇ ਗੁਣ ਗਾਇਆ ਕਰ।

ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਅੰਗ - ੧੩੫

ਸੰਤਾਂ ਨਾਲ ਮਿਲ ਕੇ ਗੁਣ ਗਾਇਆ ਕਰ। ਦੀਵਾਨ ਲਗਦੇ ਨੇ ਆਉਂਦਾ ਹੀ ਨਹੀਂ ਕੋਈ। ਗੁਣ ਗਾਉਣ ਦੀ ਆਦਤ ਜਾਂਦੀ ਰਹੀ ਅੰਮ੍ਰਿਤ ਵੇਲੇ ਉਠਿਆ ਕਰੋ, ਜਿਹੋ ਜਿਹੀ ਆਉਂਦੀ ਹੈ ਆਸਾ ਜੀ ਦੀ ਵਾਰ ਲਾਓ, ਜਿਹੋ ਜਿਹਾ ਆਉਂਦਾ ਹੈ, ਸ਼ਬਦ ਪੜ੍ਹੋ, ਕੀਰਤਨ ਕਰੋ। ਸਾਡੇ ਪਿੰਡਾਂ 'ਚ ਅਸੀਂ ਸ਼ਬਦ ਚੌਂਕੀਆਂ ਲਾਉਂਦੇ ਹੁੰਦੇ ਸੀ ਘਰ-ਘਰ। ਮੈਂ ਛੋਟਾ ਜਿਹਾ ਸੀ। ਸੌਲ੍ਹਵੇਂ ਸਾਲ 'ਚ, ਕੀਰਤਨ ਕਰਨਾ ਉਸ ਵੇਲੇ ਵੀ ਮੈਂ, ਘਰ-ਘਰ ਜਾਣਾ, ਨਾਲੇ ਪੜ੍ਹਨਾ ਨਾਲੇ ਕੀਰਤਨ ਕਰਨਾ। ਸੋ ਇਧਰ ਆਓ ਭਾਈ ਜੇ ਸੁਖੀ ਹੋਣਾ ਹੈ, ਮਹਾਰਾਜ ਕਹਿੰਦੇ ਫੇਰ ਤੁਹਾਨੂੰ ਬਿਖਿਆ ਨੇ ਨੇੜੇ ਵੀ ਨਹੀਂ ਆਉਣਾ।

ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ
ਬਹੁੜਿ ਨ ਵਿਛੁੜੀਆਹੁ ॥ ***ਅੰਗ - ੧੩੫***

ਫੇਰ ਕੀ ਹੋਏਗਾ, ਗੁਰੂ ਨੇ ਬਾਂਹ ਤੋਂ ਫੜ ਲੈਣਾ ਹੈ ਸਾਨੂੰ। ਤੁਸੀਂ ਪੁੱਤਰੋ! ਵਿਛੜ ਗਏ ਸੀ ਤਾਂ ਤੁਹਾਡੇ ਨਾਲ ਇਹ ਹਾਲ ਹੋਇਆ। ਬਾਂਹ ਤੋਂ ਜਦੋਂ ਫੜ ਲਿਆ ਅਕਾਲ ਪੁਰਖ ਨੇ ਫੇਰ ਕੀਹਦੀ ਤਾਕਤ ਹੈ ਕਿ ਸਾਨੂੰ ਗਿਰਾ ਸਕੇ।

ਬਾਰਿ ਜਾਉ ਲਖ ਬੇਰੀਆ
ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥
ਅੰਗ - ੧੩੫

ਜਦੋਂ ਬਖਸ਼ ਦਿਤਾ ਫੇਰ ਪੋਹ ਕੀ, ਸਾਰੇ ਹੀ ਸਾਲ ਸਾਨੂੰ ਸੁੱਖ ਹੀ ਸੁੱਖ ਹੋਏਗਾ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

****



















ਸ਼ਹੀਦੀ ਸਾਕਾ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂਹਾਨੀ ਮਿਸ਼ਨ

ਸਤਿਨਾਮੁ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਅੰਗ - ੨੮੯

ਧਾਰਨਾ - ਲੇਖੇ ਵਿਚ ਲਾ ਲਓ ਜੀ,
ਜਨਮ ਤੁਮਾਰੇ ਲੇਖੇ।
ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ
ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ
ਜਨ ਕਉ ਪੂਰਨੁ ਦੀਜੈ ॥ ੧ ॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥ ਰਹਾਉ ॥
ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪

ਸਾਧਸੰਗਤ ਜੀ ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਇਸ ਪੰਡਾਲ ਦੇ ਆਖਰੀ ਦੀਵਾਨ ਵਿਚ ਆਪ ਕਾਰੋਬਾਰ ਛੱਡਦੇ ਹੋਏ ਪਹੁੰਚੇ ਓਂ। ਮਾਨਸ ਜਨਮ ਦੀ ਮਹੱਤਤਾ, ਪ੍ਰਮੇਸ਼ਰ ਕਿਵੇਂ ਮਿਲਦਾ ਹੈ, ਗੁਰੂ ਧਾਰਨ ਤੋਂ ਬਗੈਰ ਰਸਤਾ ਨਹੀਂ ਲੱਭਦਾ। ਇਸ ਤਰ੍ਹਾਂ ਹੀ ਬਹੁਤ ਸਾਰੇ ਬਚਨ ਆਪ ਨੇ ਸਰਵਣ ਕਰੇ, ਗੁਰਬਾਣੀ ਦੇ ਆਧਾਰ 'ਤੇ। ਮੇਰੇ ਪਿਛਲੇ ਪਾਸੇ ਇੱਕ ਬੋਰਡ ਲੱਗਿਆ ਹੋਇਆ ਹੈ ਉਸ 'ਤੇ ਲਿਖਿਆ ਹੋਇਆਂ ਹੈ ਕਿ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਇਹ ਦੀਵਾਨ ਸਮਰਪਿਤ ਕਰਦੇ ਹਾਂ। ਬਹੁਤ ਵੱਡੀ ਚੀਜ਼ ਹੈ ਕਿ ਇੱਕ ਐਸਾ ਵਾਕਾ ਜੋ ਦੁਨੀਆਂ ਦੇ ਵਿਚ ਕਿਤੇ ਵੀ ਨਹੀਂ ਹੋਇਆ। ਮਿਸਾਲ ਹੀ ਨਹੀਂ ਜਿਸਦੀ ਮਿਲਦੀ। ਉਸ ਨੂੰ ਸਮਰਪਿਤ ਕਰਨ ਵਾਸਤੇ ਆਪ ਹੁੰਮ-ਹੁੰਮਾ ਕੇ, ਪਹੁੰਚਦੇ ਓਂ, ਦੀਵਾਨ ਅਸਥਾਨ ਦੇ ਅੰਦਰ। ਜਦੋਂ ਤੱਕ ਸਾਨੂੰ ਸਹੀ ਗੱਲ ਦਾ ਪਤਾ ਨਹੀਂ ਲਗਦਾ, ਓਨੀਂ ਦੇਰ ਤੱਕ ਬਹੁਤ ਕਿਸਮ ਦੇ ਸਾਡੇ ਮਨਾਂ ਦੇ ਅੰਦਰ ਖਿਆਲ ਆਪੋ ਆਪਣਾ ਰੰਗ ਦਿੰਦੇ ਨੇ। ਗੁਰੂ ਦਸ਼ਮੇਸ਼ ਪਿਤਾ ਦਾ ਜੀਵਨ ਜੋ ਹੈ ਪਿਆਰ ਭਰਿਆ ਹੈ ਜਿੰਨਾਂ ਪਿਆਰ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕੀਤਾ ਹੈ, ਉਥੇ ਆਪ ਨੇ ਫੁਰਮਾਨ ਇਹ ਕਰ ਦਿੱਤਾ ਕਿ ਪਿਆਰਿਓ! ਰੱਬ ਨੂੰ ਮਿਲਣਾ ਚਾਹੁੰਦੇ ਓਂ, ਪਰ ਇੱਕ ਮੇਰੀ ਗੱਲ ਸੁਣ ਲਓ -

ਸਾਚੁ ਕਹੌਂ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ
ਤਿਨ ਹੀ ਪ੍ਰਭ ਪਾਇਓ॥

ਸੋ ਪਿਆਰ ਦੇ ਸਾਗਰ ਸਨ ਆਪ। ਐਨੇ ਪਿਆਰ ਦੇ ਹੁੰਦਿਆਂ ਯੁੱਧ ਜੰਗ ਕਿਵੇਂ ਗਲ ਪੈ ਗਏ? ਯੁੱਧ ਤਾਂ ਉਹਦੇ ਨਾਲ ਹੀ ਪੈਂਦੇ ਨੇ ਜਿਹਨੇ ਕੁਛ ਗੈਰ-ਕਾਨੂੰਨੀ ਕਰੀ ਹੋਵੇ, ਗਲਤ ਕੰਮ ਕਰੇ ਹੋਣ, ਜਾਂ ਆਪ ਰਾਜ ਵਗੈਰਾ ਲੈਣਾ ਚਾਹੁੰਦਾ ਹੋਵੇ, ਤਾਂ ਯੁੱਧ ਪੈਂਦੇ ਨੇ ਗਲ, ਉਹ ਤਾਂ ਆਰਾਮ ਦੇ ਨਾਲ ਐਸੇ-ਐਸੇ ਗੁਰੂ ਦਸ਼ਮੇਸ਼ ਪਿਤਾ ਜੀ ਨੇ ਕਾਰਜ ਕੀਤੇ ਆਪਣੀ ਛੋਟੀ ਜਿਹੀ ਜ਼ਿੰਦਗੀ 'ਚ, 42 ਕੁ ਸਾਲ ਦੇ ਸਨ ਆਪ। ਹੈਰਾਨ ਹੋ ਜਾਈਦਾ ਹੈ ਕਿ ਆਪ ਨੂੰ ਸਮਾਂ ਕਿੱਥੋਂ ਮਿਲ ਗਿਆ, ਐਨੀਆਂ ਪੁਸਤਕਾਂ ਤੇ ਐਨਾ ਲਿਖਣ ਵਾਸਤੇ ਤੇ ਫੇਰ ਕਿੱਡੀ ਵੱਡੀ ਸੋਚ, ਉਥੇ ਚੁੱਪ ਕਰ ਜਾਈਦਾ ਹੈ ਕਿ ਉਨ੍ਹਾਂ ਦੇ ਬਾਰੇ ਸੋਚਿਆ ਨਹੀਂ ਜਾ ਸਕਦਾ। ਆਪ ਦਾ ਸਾਰਿਆਂ ਨਾਲ ਪਿਆਰ ਸੀ, ਸਭ ਧਰਮਾਂ ਨਾਲ। ਆਪ ਦੇ ਜੋ ਖਿਲਾਫ ਜੋ ਯੁੱਧ ਜੰਗ ਹੋਏ ਨੇ ਉਹਦੇ 'ਚ ਅਸੀਂ ਕਿਸੇ ਕੌਮ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ, ਇਹ ਗੱਲ ਧਿਆਨ ਨਾਲ ਸੁਣਿਓ।

300 ਸਾਲ ਤੋਂ ਸਾਡੇ ਬਜ਼ੁਰਗ ਇੱਕ ਗੱਲ ਕਹਿੰਦੇ ਆਉਂਦੇ ਸੀ, ਉਹ ਗੱਲ ਇਹ ਸੀ ਕਿ ਮੁਸਲਮਾਨ ਦਾ ਇਤਬਾਰ ਨਾ ਕਰੋ। ਕਦੋਂ ਗੱਲ ਚੱਲ ਪਈ, ਵਾਹਿਗੁਰੂ ਜਾਣੇ। ਫੇਰ ਨਾਲ ਇਹ ਕਹਿ ਦਿੰਦੇ ਸੀ, ਜਦੋਂ ਮੈਂ ਛੋਟਾ ਸੀ, ਜਦ ਮੈਂ ਸੁਣਦਾ ਹੁੰਦਾ ਕਿ ਲਾਲਾ ਹੁੰਦਾ ਹੈ ਗੁੜ ਦਾ ਗਰਮ, ਨਾ ਤਾਂ ਗੁੜ ਬਣਿਆ ਹੁੰਦਾ, ਨਾ ਰਸ ਹੀ ਹੁੰਦਾ ਹੈ ਉਸ ਵਿਚ, ਵਿਚ ਵਿਚਾਲੇ ਜਿਹੇ ਹੁੰਦਾ ਹੈ। ਹੱਥ ਨਾਲ ਚਿੰਬੜ ਜਾਂਦਾ ਹੈ ਉਹ। ਜੇ ਬਾਂਹ ਪਾ ਦਿਓ ਉਹਦੇ ਵਿਚ ਬਾਂਹ ਦੇ ਉਤੇ ਉਹਦੀਆਂ ਤੈਹਾਂ ਦੀਆਂ ਤੈਹਾਂ ਜਮ ਜਾਂਦੀਆਂ ਨੇ। ਫੇਰ ਕਹਿੰਦੇ ਤਿਲਾਂ 'ਚ ਪਾ ਦੇਵੇ। ਜਿੰਨੇ ਤਿਲ ਜਲ ਜਾਣ ਜੇ ਐਨੀਆਂ ਸਹੁੰਆਂ ਜੇ ਇਸਲਾਮ ਵਾਲਾ ਮੁਸਲਮਾਨ ਖਾਵੇ, ਤਾਂ ਵੀ ਨਾ ਇਤਬਾਰ ਕਰੋ। ਐਸੀਆਂ ਬਾਤਾਂ ਸੀਨਾ-ਬ-ਸੀਨਾ ਚਲਦੀਆਂ ਹੋਈਆਂ, ਬਗੈਰ ਸੋਚ ਤੋਂ ਅਸੀਂ ਇਸਨੂੰ ਦੱਬੀ ਗਏ, ਪਰ ਜਦੋਂ ਅਸੀਂ ਗੁਰੂ ਸਾਹਿਬ ਦੇ ਜੀਵਨ ਨੂੰ ਦੇਖਦੇ ਹਾਂ ਤਾਂ ਸਭ ਤੋਂ ਪਹਿਲਾਂ ਜਿਹਨੇ ਗੁਰੂ ਸਾਹਿਬ ਦੀ ਪੈਗੰਬਰੀ ਦਾ ਐਲਾਨ ਕੀਤਾ ਹੈ ਉਹ ਭੀਖਣਸ਼ਾਹ ਪੀਰ ਸੀ। ਮੁਸਲਮਾਨ ਸੀ। ਮੁਸਲਮਾਨਾਂ ਦਾ ਨਿਹਚਾ ਸੀ ਕਿ ਆਖਰੀ ਪੈਗੰਬਰ ਮੁਹੰਮਦ ਸਾਹਿਬ ਹੈ। ਪਰ ਈਸਾ ਜੀ ਨੇ 1600 ਸਾਲ ਪਹਿਲਾਂ ਇਹ ਗੱਲ ਕਹਿ ਦਿੱਤੀ ਸੀ ਕਿ ਇੱਕ ਪੈਗੰਬਰ ਸੰਸਾਰ 'ਤੇ ਆ ਰਿਹਾ ਹੈ। ਅੱਜ ਮੈਂ ਉਹ ਦੇਖਿਆ ਹੈ, ਅਸਮਾਨ ਖੁੱਲ੍ਹ ਗਿਆ ਮੇਰੇ ਸਾਮ੍ਹਣੇ। ਉਹ ਸਫੈਦ ਘੋੜੇ 'ਤੇ ਥੋੜ੍ਹਾ ਜਿਹਾ ਨੀਲੇ ਰੰਗ ਦਾ ਹੈ, ਉਹਦੇ ਉਤੇ ਬੈਠਾ ਹੈ। ਕਮਾਨ ਉਹਨੇ ਮੋਢੇ 'ਚ ਪਾਈ ਹੋਈ ਹੈ, ਦੂਜੇ ਮੋਢੇ 'ਚ, ਭੱਥੇ 'ਚ ਤੀਰ ਪਾਏ ਹੋਏ ਨੇ। ਤਲਵਾਰ ਲਟਕਦੀ ਹੈ, ਉਹਦੇ ਘੋੜੇ ਦੀ ਜੋ ਥੈਲੀ ਹੈ ਉਹਦੇ ਨਾਲ। ਬਰਛਾ ਲਟਕ ਰਿਹਾ ਹੈ। ਸ਼ਸਤਰਧਾਰੀ ਹੋ ਕੇ ਆ ਰਿਹਾ ਹੈ, ਕਲਗੀ ਲੱਗੀ ਹੋਈ ਹੈ ਤੇ ਸੱਚੇ ਪਾਤਸ਼ਾਹ ਕਹਾਉਂਦਾ ਹੈ। 1600 ਸਾਲ ਪਹਿਲਾਂ ਇਹ ਪੇਸ਼ੀਨਗੋਈ ਈਸਾ ਜੀ ਨੇ ਦੋ ਵਾਰੀ ਆਪਣੇ ਚੇਲਿਆਂ ਨੂੰ ਸੁਣਾਈ।

ਉਸ ਤੋਂ ਬਾਅਦ ਕੋਈ ਵੀ ਐਸਾ ਮਹਾਂਪੁਰਸ਼ ਨਹੀਂ ਆਇਆ ਜਿਹਦੀ ਇਹ ਸ਼ਕਲ ਹੋਵੇ। ਇਸਲਾਮ ਵਾਲਿਆਂ ਦਾ ਖਿਆਲ ਸੀ ਕਿ ਮੁਹੰਮਦ ਸਾਹਿਬ ਆਖਰੀ ਪੈਗੰਬਰ ਨੇ ਇਨ੍ਹਾਂ ਤੋਂ ਬਾਅਦ ਕੋਈ ਆ ਨਹੀਂ ਸਕਦਾ। ਠੀਕ ਹੈ ਉਨ੍ਹਾਂ ਦਾ ਨਿਸ਼ਚਾ ਇਵੇਂ ਜਿਵੇਂ ਹੋਣਾ ਚਾਹੀਦਾ। ਆਪਣੇ ਗੁਰੂ 'ਤੇ, ਆਪਣੇ ਪੀਰ ਪੈਗੰਬਰ 'ਤੇ ਨਿਸ਼ਚਾ ਪੂਰਾ ਹੋਣਾ ਚਾਹੀਦਾ ਹੈ। ਪਰ ਇਹ ਜੋ ਦੁਨੀਆਂ ਹੈ ਇਹ infinity ਹੈ, ਅੰਗ੍ਰੇਜ਼ੀ ਦਾ ਅੱਖਰ ਹੈ। ਜਿਹਦਾ ਕੋਈ ਹੱਦ ਬੰਨਾ ਹੀ ਨਾ ਹੋਵੇ, ਬੇਅੰਤ ਕਹਿ ਦਿਓ ਜਿਹਨੂੰ, ਉਹ ਹੈ ਇਹ। limit 'ਚ ਨਹੀਂ ਲਿਆਂਦੀ ਜਾ ਸਕਦੀ। ਇਹਦਾ ਕੋਈ ਅੰਤ ਨਹੀਂ, ਕਿਹੜੇ ਵੇਲੇ ਬਣੀ, ਕਿੰਨੀ ਦੇਰ ਇਹਨੇ ਰਹਿਣਾ ਹੈ, ਵਾਹਿਗੁਰੂ ਜਾਣੇ -

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥
ਅੰਗ - ੪

ਇਸ ਤੋਂ ਬਾਅਦ ਜਿੱਥੇ ਵੀ ਬਹੁਤ important ਮਸਲੇ ਆਏ। ਉਥੇ ਇਸਲਾਮ ਵਾਲਿਆਂ ਨੇ ਹੀ ਹਮਦਰਦੀ ਦਿਖਾਈ ਬਹੁਤ, ਜ਼ਬਰਦਸਤ। ਇਤਿਹਾਸ ਗਵਾਹ ਹੈ।

ਜਦੋਂ ਆਪ ਲਖਨੌਰ ਆਉਂਦੇ ਨੇ ਉਥੇ ਦਾ ਜੋ ਪੀਰ ਸੀ, ਉਹਨੇ ਸੱਤ ਸਿਜਦੇ ਕੀਤੇ, ਪਾਲਕੀ 'ਚੋਂ ਉਤਰ ਕੇ, ਜਿਹੜੇ ਮੁਰੀਦ ਸੀ ਉਹ ਕੱਟੜ ਕਿਸਮ ਦੇ ਹੁੰਦੇ ਨੇ, ਕਹਿਣ ਲੱਗੇ, ਪੀਰ ਜੀ! ਇਹ ਕੀ ਹੈ, ਬਾਲਕ ਨੂੰ ਤੁਸੀਂ ਕਿਉਂ ਸਿਜਦੇ ਕਰਦੇ ਓਂ? ਕਹਿਣ ਲੱਗੇ, ਅੱਖਾਂ ਖੋਲ੍ਹੋ। ਮੈਂ ਜਦੋਂ ਰੱਬ ਦੀ ਦਰਗਾਹ 'ਚ ਜਾਂਦਾ ਹਾਂ, ਉਥੇ ਇਹੀ ਹੁੰਦਾ ਹੈ ਜਿਹੜਾ ਸਾਡੀਆਂ ਅਰਜ਼ੀਆਂ, ਪਰਚੇ ਅੱਗੇ ਲੈ ਕੇ ਜਾਂਦਾ ਹੈ। ਇਹ ਹੁਣ ਇਥੇ ਦੇਖਿਆ ਹੈ ਮੈਂ ਅੱਜ, ਫੇਰ ਕਿਉਂ ਨਾ ਮੈਂ ਸਿਜਦਾ ਕਰਾਂ। ਹੋਸ਼ 'ਚ ਆਓ, ਸ਼ਰਧਾ 'ਚ ਆਓ, ਤੁਸੀਂ ਵੀ ਸਾਰੇ ਮੱਥਾ ਟੇਕੋ। ਜਿਸ ਵਕਤ ਬਗੈਰ ਕਿਸੇ ਕਾਰਨ ਤੋਂ ਪਾਉਂਟਾ ਸਾਹਿਬ ਪਹਾੜੀਆਂ ਨੇ ਇਕੱਠੇ ਹੋ ਕੇ ਗੁਰੂ ਮਹਾਰਾਜ 'ਤੇ ਹਮਲਾ ਕਰ ਦਿੱਤਾ। ਮਹਾਰਾਜ ਇਸ ਤਰ੍ਹਾਂ ਕਹਿੰਦੇ ਸਨ -

ਫਤੇ ਸਾਹ ਕੋਪਾ ਤਬਿ ਰਾਜਾ।
ਲੋਹ ਪਰਾ ਹਮ ਸੋਂ ਬਿਨੁ ਕਾਜਾ। ***ਬਚਿਤ੍ਰ ਨਾਟਕ***

ਅਸੀਂ ਤਾਂ ਉਹਦੀ ਲੜਕੀ ਨੂੰ ਤਿੰਨ ਲੱਖ ਦਾ ਤੰਬੋਲ ਭੇਜਿਆ ਸੀ, ਕਿਉਂਕਿ ਉਹਦੀ ਸ਼ਾਦੀ ਸੀ। ਉਸ ਵੇਲੇ ਦਾ ਤਿੰਨ ਲੱਖ, ਹੁਣ ਦੇ ਤਿੰਨ ਕਰੋੜ ਦੇ ਬਰਾਬਰ ਹੈ। ਤਿੰਨ ਕਰੋੜ ਦਾ ਸਮਾਨ ਰਾਜੇ ਨੂੰ ਮਹਾਰਾਜ ਜੀ ਨੇ ਭੇਜਿਆ ਕਿ ਇਹਦੀ ਲੜਕੀ ਦੀ ਸ਼ਾਦੀ ਹੈ, ਐਨੇ ਤੋਹਫੇ ਭੇਜੇ, ਸੈਂਕੜੇ ਹੀ ਘੋੜ ਸਵਾਰ ਲੈ ਕੇ ਗਏ। ਇਹ ਬਹੁਤ ਪਿਆਰ ਦਾ ਸਲੂਕ ਕਰ ਰਹੇ ਨੇ ਮਹਾਰਾਜ, ਉਧਰਲੇ ਪਾਸੇ ਗੁੰਦਾਂ ਗੁੰਦੀਆਂ ਜਾਂਦੀਆਂ ਨੇ ਕਿ ਇਨ੍ਹਾਂ ਦਾ ਸਮਾਨ ਖੋਹ ਲਓ। ਦੀਵਾਨ ਨੰਦ ਚੰਦ ਲੈ ਕੇ ਗਿਆ, ਉਹਨੂੰ ਪਤਾ ਲਗ ਗਿਆ ਉਹ ਵਾਪਸ ਲੈ ਆਇਆ। ਕਹਿੰਦਾ, ਸੱਚੇ ਪਾਤਸ਼ਾਹ ਉਹ ਤਾਂ ਐਨਾ ਮਾੜਾ ਕੰਮ ਕਰਦੇ ਨੇ, ਸਾਨੂੰ ਗਿਣਿਆ ਹੀ ਨਹੀਂ ਹੈ, ਜ਼ਬਰਦਸਤੀ ਖੋਹਣ ਲੱਗੇ ਸੀ ਸਾਰੇ। ਗਲਤ ਨੇ ਇਹ ਬੰਦੇ। ਅਖੀਰ ਇਹ ਹੋਇਆ ਕਿ ਲੜਾਈ ਬੜੀ ਜ਼ਬਰਦਸਤ ਪਾਉਂਟੇ ਸਾਹਿਬ ਹੋਈ। ਪਠਾਣ ਜੋ ਸੀ ਉਹ ਉਨ੍ਹਾਂ ਨੇ ਗੱਠ ਲਏ। ਚਾਰ ਸੌ ਪਠਾਣ। ਕਾਲੇ ਖਾਂ ਦਾ ਜੋ ਸੌ ਦਾ ਜੱਥਾ ਸੀ ਉਹ ਟਿਕਿਆ ਰਿਹਾ। ਬੁੱਧੂ ਸ਼ਾਹ ਨੂੰ ਪਤਾ ਲਗਦਾ ਹੈ, ਸੱਤ ਸੌ ਮੁਰੀਦ ਦੋ ਪੁੱਤਰ, ਦੋ ਆਪਣੇ ਰਿਸ਼ਤੇਦਾਰ, ਘਰਵਾਲੀ ਦੇ ਭਰਾ, ਮੈਦਾਨੇ-ਏ-ਜੰਗ 'ਚ ਲਿਆ ਕੇ ਐਨੇ ਜ਼ੋਰ ਨਾਲ ਲੜਿਆ ਕਿ ਉਹ ਪਾਸਾ ਦਬਿਆ ਹੀ ਨਾ ਬੁੱਧੂਸ਼ਾਹ ਵਾਲਾ, ਚੜ੍ਹਦਾ ਹੀ ਚਲਿਆ ਗਿਆ। ਅਖੀਰ ਰਾਜਿਆਂ ਨੂੰ ਹਾਰ ਹੋਈ, ਗੁਰੂ ਮਹਾਰਾਜ ਨੇ ਜਦੋਂ ਬਖਸ਼ਿਸ਼ਾਂ ਦੇਣੀਆਂ ਸ਼ੁਰੂ ਕਰੀਆਂ। ਬੁੱਧੂਸ਼ਾਹ ਦੀ ਵਾਰੀ ਆਈ ਮਹਾਰਾਜ ਕਹਿਣ ਲੱਗੇ, ਪੀਰ ਬੁੱਧੂਸ਼ਾਹ! ਤੇਰੇ ਦੋ ਪੁੱਤਰ ਚੜ੍ਹਾਈ ਕਰ ਗਏ, ਦੋ ਸਾਲੇ ਚੜ੍ਹਾਈ ਕਰ ਗਏ। ਮੰਗ ਕੀ ਮੰਗਦਾ ਹੈਂ, ਜੋ ਮੰਗੇਂਗਾ, ਅਕਾਲਪੁਰਖ ਤੋਂ ਤੈਨੂੰ ਅੱਜ ਦਿਵਾ ਦੇਵਾਂਗੇ। ਪੀਰ ਇਹ ਬਚਨ ਸੁਣ ਕੇ ਝੁਕ ਗਿਆ, ਸਿਜਦੇ ਵਿਚ ਆ ਗਿਆ। ਕਹਿਣ ਲੱਗੇ, ਹੇ ਖੁਦਾਵੰਦ ਤਾਲਾ! ਜੇ ਕੁਛ ਤੂੰ ਮੈਨੂੰ ਦੇਣਾ ਚਾਹੁੰਦਾ ਹੈਂ, ਮੇਰੇ 'ਤੇ ਅਤਿ ਦਾ ਖੁਸ਼ ਹੋਇਆ ਹੈਂ ਤਾਂ ਆਹ ਜਿਹੜੇ ਤੁਹਾਡੇ ਕੰਘੇ 'ਚ, ਕੰਘਾ ਕਰਨ ਵੇਲੇ ਕੇਸ ਟੁੱਟੇ ਹੋਏ ਨੇ, ਕ੍ਰਿਪਾ ਕਰਕੇ ਮੈਨੂੰ ਇਹ ਦੇ ਦਿਓ, ਮੈਨੂੰ ਸਾਰੀ ਦੁਨੀਆਂ ਦੀ ਦੌਲਤ ਮਿਲ ਜਾਏਗੀ। ਮੈਨੂੰ ਅਫਸੋਸ ਨਹੀਂ ਪਾਤਸ਼ਾਹ। ਮੇਰੇ ਪੁੱਤਰ ਤੇਰੇ ਲੋਕ 'ਚ ਚਲੇ ਗਏ। ਉਨ੍ਹਾਂ ਨੇ ਜਨਮ ਸਫਲਾ ਕਰ ਲਿਆ। ਮੇਰੇ ਰਿਸ਼ਤੇਦਾਰ ਸਾਰੇ ਜਿਹੜੇ ਨੇ ਤੇਰੇ ਲੋਕ ਪਹੁੰਚ ਗਏ। ਉਨ੍ਹਾਂ ਨੇ ਬਗੈਰ ਤਪ ਕਰਨ 'ਤੇ ਬਹੁਤ ਵੱਡੀ ਪਦਵੀ ਪ੍ਰਾਪਤ ਕਰ ਲਈ। ਮੇਰੇ ਵਰਗਾ ਭਾਗਾਂ ਵਾਲਾ ਕੌਣ ਹੈ।

ਉਹ ਵੀ ਇਸਲਾਮ ਵਾਲਾ ਹੀ ਸੀ। ਕੌਣ ਕਿਸੇ ਦੇ ਵਾਸਤੇ ਕੁਰਬਾਨੀਆਂ ਦਿੰਦਾ ਹੈ ਦੇਖੋ, ਪੀਰ ਬੁੱਧੂਸ਼ਾਹ ਮਹਾਰਾਜ ਨੂੰ ਇੱਕ ਵਾਰੀ ਮਿਲਿਆ ਹੈ, ਕਿੰਨਾਂ ਸ਼ਰਧਾਲੂ ਹੋਇਆ, ਕਿੱਡੀ ਵੱਡੀ ਉਹਨੇ ਕੁਰਬਾਨੀ ਕੀਤੀ। ਤਿੰਨ ਸੌ ਮੁਰੀਦ ਮਾਰਿਆ ਗਿਆ ਇਸ ਜੰਗ 'ਚ, ਸੱਤ ਸੌ ਵਿਚੋਂ। ਚਾਰ ਸੌ ਬਚੇ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਗੁਰੂ ਮਹਾਰਾਜ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਦੇ ਨੇ, ਨਿਹੰਗ ਖਾਨ ਦੇ ਕੋਲ ਭਾਈ ਬਚਿੱਤਰ ਸਿੰਘ ਨੂੰ ਛੱਡਣ ਗਏ ਕਿ ਇਹ ਜ਼ਖਮੀ ਜ਼ਿਆਦਾ ਹੋ ਗਿਆ, ਸਾਡੇ ਨਾਲ ਜਾ ਨਹੀਂ ਸਕਦਾ। ਇਲਾਜ ਕਰਾਓ ਜੇ ਰਾਜ਼ੀ ਹੋ ਗਿਆ ਤਾਂ ਠੀਕ ਹੈ, ਨਹੀਂ ਜੇ ਚੜ੍ਹਾਈ ਕਰ ਗਿਆ ਤਾਂ ਤੁਸੀਂ ਇਹਦਾ ਸਸਕਾਰ ਬਾ-ਇਜ਼ਤ ਤਰੀਕੇ ਨਾਲ ਕਰ ਦਿਓ, ਕਿਉਂਕਿ ਸੂਰਮਾ ਹੈ, ਗੁਰਮੁਖ ਪਿਆਰਾ ਹੈ। ਪਿੱਛੇ ਹੀ ਫੌਜ ਆ ਜਾਂਦੀ ਹੈ, ਗੁਰੂ ਮਹਾਰਾਜ ਚਲੇ ਜਾਂਦੇ ਨੇ ਤੇ ਕਿਲੇ ਦੀ ਤਲਾਸ਼ੀ ਹੋਣੀ ਸ਼ੁਰੂ ਹੋ ਗਈ। ਉਹ ਇੱਕ ਕਮਰਾ ਜਿਹੜਾ ਸੀ ਉਹਦੀ ਤਲਾਸ਼ੀ ਨਾ ਉਹਨੇ ਹੋਣ ਦਿੱਤੀ, ਜਦੋਂ ਕਹਿਣ ਲੱਗੇ ਕਿ ਇਹ ਵੀ ਖੋਲ੍ਹ, ਕਹਿੰਦਾ ਇਹ ਨਹੀਂ ਮੈਂ ਖੋਲ੍ਹਣਾ ਮੇਰੀ ਅਣਖ ਦਾ ਸਵਾਲ ਹੈ। ਇਹਦੇ 'ਚ ਮੈਂ ਮਰ ਜਾਣਾ ਹੈ ਕਟ ਕੇ। ਇਹ ਕਮਰਾ ਨਹੀਂ ਮੈਂ ਖੋਲ੍ਹਣ ਦੇਣਾ। ਕਿਉਂ? ਕਹਿੰਦਾ ਐਸ ਵੇਲੇ ਮੇਰਾ ਦਾਮਾਦ ਤੇ ਮੇਰੀ ਲੜਕੀ ਕਮਰੇ ਦੇ ਅੰਦਰ ਨੇ, ਭਾਈ ਬਚਿੱਤਰ ਸਿੰਘ ਜ਼ਖਮੀ ਹੋਇਆ ਪਿਆ ਸੀ। ਉਹ ਚਲੇ ਗਏ, ਉਸ ਤੋਂ ਬਾਅਦ ਲੜਕੀ ਨੂੰ ਪਤਾ ਲੱਗਿਆ, ਉਹ ਲੜਕੀ ਕਹਿੰਦੀ ਅੱਬਾ ਜਾਨ! ਦੇਖੋ, ਨੇਕ ਲੜਕੀਆਂ ਮਾਂ-ਬਾਪ ਦੇ ਬਚਨ ਨੂੰ ਪਾਲਦੀਆਂ ਨੇ। ਤੇਰੇ ਮੁੱਖ ਤੋਂ ਬਚਨ ਨਿਕਲ ਗਿਆ ਕਿ ਮੇਰਾ ਦਾਮਾਦ 'ਤੇ ਮੇਰੀ ਲੜਕੀ ਅੰਦਰ ਕਮਰੇ ਵਿਚ ਨੇ। ਹੁਣ ਮੇਰੇ ਵਾਸਤੇ ਕੋਈ ਵਰ ਨਾ ਟੋਲ੍ਹੀਂ। ਮੈਨੂੰ ਜੋ ਖੁਦਾ ਨੇ ਦੇ ਦਿਤਾ ਉਹ ਮੈਨੂੰ ਮਨਜ਼ੂਰ ਹੈ, ਭਾਈ ਬਚਿੱਤਰ ਸਿੰਘ ਚੜ੍ਹਾਈ ਕਰ

ਗਿਆ, ਇਸ ਬੀਬੀ ਨੇ ਸਾਰੀ ਜ਼ਿੰਦਗੀ ਵਿਆਹ ਨਹੀਂ ਕਰਾਇਆ। ਗੁਰੂ ਦਸ਼ਮੇਸ਼ ਪਿਤਾ ਨਾਲ ਪਿਆਰ ਕਰਦੀ ਸੀ। ਇਹ ਵੀ ਮੁਸਲਮਾਨ ਹੀ ਸੀ।

ਜਦੋਂ ਮਾਛੀਵਾੜੇ ਜਾ ਕੇ ਗੁਲਾਬਾ ਮਸੰਦ ਡਰ ਜਾਂਦਾ ਹੈ। ਉਸ ਵੇਲੇ ਗਨੀ ਖਾਂ ਤੇ ਨਬੀ ਖਾਂ ਦੋਵੇਂ ਭਰਾ, ਗੁਰੂ ਮਹਾਰਾਜ ਨੂੰ ਆਪਣੇ ਘਰ ਲੈ ਜਾਂਦੇ ਨੇ। ਹਾਂਲਾਂਕਿ ਘੇਰਿਆ ਹੋਇਆ ਸੀ ਸਾਰਾ ਮਾਛੀਵਾੜਾ ਜੇ ਇਕੱਲੇ-ਇਕੱਲੇ ਘਰ ਦੀ ਤਲਾਸ਼ੀ ਲੈਂਦੀ ਹੈ ਫੌਜ, ਹੁਣ ਤਾਂ ਸਭ ਨੂੰ ਪਤਾ ਹੀ ਹੈ ਤੇ ਹੋਣਾ ਕੀ ਸੀ, ਉਨ੍ਹਾਂ ਨੇ ਪਨਾਹ ਦਿੱਤੀ ਹੋਈ ਸੀ। ਪਹਿਲਾਂ ਤਾਂ ਉਹ ਮਾਰੇ ਜਾਂਦੇ ਸਾਰੇ ਪਰਿਵਾਰ ਸਮੇਤ, ਕਿੱਡੀ ਦੁਰਘਟਨਾ ਹੋਣੀ ਸੀ। ਕਿੰਨੀ ਦੇਰ ਇਸੀ ਜਾਨ 'ਤੇ ਖੇਲ੍ਹ ਕੇ ਗੁਰੂ ਮਹਾਰਾਜ ਨੂੰ ਪਾਰ ਕਰ ਦਿਤਾ। ਤਿੰਨ ਮੁਸਲਮਾਨ ਗਵਾਹੀ ਦੇਣ ਆਏ। ਸਲੋਅ ਵਾਲੇ ਪੀਰ ਸੀ, ਗੁਰੂ ਮਹਾਰਾਜ ਨੂੰ ਫਾਰਸੀ ਪੜ੍ਹਾਉਣ ਵਾਲੇ ਸੀ, ਇੱਕ ਸੱਯਦ ਸੀ। ਚੰਗੀ ਤਰ੍ਹਾਂ ਦਲੇਰ ਖਾਂ ਨਵਾਬ ਨੇ ਪੁੱਛਿਆ, ਸਿਪਾਸਲਾਰ ਨੇ ਕਿ ਦੇਖੋ, ਪੀਰ ਜੀ! ਤੁਸੀਂ ਇਸਲਾਮ ਨਾਲ ਸਬੰਧ ਰਖਦੇ ਓਂ ਤੇ ਗੁਰੂ ਗੋਬਿੰਦ ਸਿੰਘ ਤੋਂ ਇਸਲਾਮ ਨੂੰ ਬੜਾ ਭਾਰਾ ਖਤਰਾ ਹੈ। ਉਹ ਇਹਦਾ ਫੈਲਾਓ ਨਹੀਂ ਹੋਣ ਦੇ ਰਿਹਾ, ਨਹੀਂ ਤਾਂ ਸਾਰਾ ਭਾਰਤਵਰਸ਼ ਮੁਸਲਮਾਨ ਬਣ ਜਾਂਦਾ ਜੇ ਗੁਰੂ ਗੋਬਿੰਦ ਸਿੰਘ ਨਾ ਹੁੰਦਾ। ਤੁਹਾਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਜੇ ਉਹ ਬੰਦਾ ਫੜਿਆ ਜਾਵੇ, ਤੁਸੀਂ ਅੱਲਾਹ ਨੂੰ ਜਾਮਨ ਜਾਣ ਕੇ ਦੱਸੋ ਕਿ ਗੁਰੂ ਗੋਬਿੰਦ ਸਿੰਘ ਹੈ? ਸਲੋਅ ਵਾਲੇ ਪੀਰ ਕਹਿਣ ਲੱਗੇ, ਕਹਿੰਦੇ ਤੋਬਾ, ਤੋਬਾ ਇਹ ਤਾਂ ਤਾਂ ਪੀਰਾਂ ਦੇ ਪੀਰ, ਇਹ ਸਾਰੀਆਂ ਦੁਨੀਆਂ ਦੇ ਪੀਰਾਂ ਦੇ ਪੀਰ ਨੇ। ਸਭ ਵੱਡੇ ਤੇ ਉਚੇ ਪੀਰ ਨੇ, ਦੇਖੀਂ ਕੋਈ ਗੱਲ ਕਹਿ ਨਾ ਦੇਣ। ਤਬਾਹ ਕਰ ਦੇਣਗੇ ਜੇ ਇਨ੍ਹਾਂ ਦਾ ਬਚਨ ਨਿਕਲ ਗਿਆ। ਦੂਸਰੇ ਨੇ ਤੀਸਰੇ ਨੇ, ਤਿੰਨਾਂ ਨੇ ਇੱਕ ਬਿਆਨ ਦੇ ਦਿਤਾ। ਗੁਰੂ ਮਹਾਰਾਜ ਉਸ ਥਾਂ ਤੋਂ ਨਿਕਲ ਕੇ ਦੀਨੇ ਕਾਂਗੜ, ਰਾਏਕੋਟ ਜਾਂਦੇ ਨੇ। ਰਾਏਕੋਟ ਦਾ ਜੋ ਨਵਾਬ ਹੈ ਉਹ ਮੁਸਲਮਾਨ ਹੈ, ਗੁਰੂ ਮਹਾਰਾਜ ਨਾਲ ਬਹੁਤ ਪਿਆਰ ਕਰਦਾ ਹੈ ਤੇ ਨਵਾਬ ਸਰਹੰਦ ਉਹਨੂੰ ਚਿੱਠੀ ਲਿਖਦਾ ਹੈ ਕਿ ਤੇਰੇ ਵਰਗਾ ਕੋਈ ਅਕਲਮੰਦ ਨਹੀਂ ਹੈ ਕਿਉਂਕਿ ਤੂੰ ਗੁਰੂ ਗੋਬਿੰਦ ਸਿੰਘ ਜਿਹੜਾ ਕਿਸੇ ਦੇ ਕਾਬੂ ਨਹੀਂ ਸੀ ਆ ਰਿਹਾ, ਤੂੰ ਆਪਣਾ ਜਾਲ ਵਿਛਾ ਕੇ ਇੱਥੇ ਆਪਣੇ ਰਾਜ ਵਿੱਚ ਹੀ ਰੱਖਿਆ ਹੋਇਆ ਹੈ। ਉਹਨੂੰ ਫੜ ਕੇ ਹੱਥਕੜੀਆਂ, ਬੇੜੀਆਂ ਲਾ ਕੇ ਮੇਰੇ ਪੇਸ਼ ਕਰ ਦੇ। ਤੈਨੂੰ ਵੱਡਾ ਰਾਜ ਹੋਰ ਮਿਲੇਗਾ। ਉਹਨੇ ਜਵਾਬ ਦਿੱਤਾ ਕਿ ਨਵਾਬ ਸਾਹਿਬ! ਮੈਂ ਗੁਰੂ ਗੋਬਿੰਦ ਸਿੰਘ ਦਾ ਮੁਰੀਦ ਹਾਂ, ਪੀਰਾਂ ਦੇ ਵਾਸਤੇ ਜਿਵੇਂ ਮੁਰੀਦ ਕਟ-ਕਟ ਕੇ ਮਰ ਜਾਂਦੇ ਨੇ, ਜਦੋਂ ਤਕ ਮੇਰੇ ਰਾਜ ਦੇ ਅੰਦਰ ਇੱਕ ਵੀ ਬੰਦਾ ਜੀਉਂਦਾ ਹੈ, ਗੁਰੂ ਦਸਵੇਂ ਪਾਤਸ਼ਾਹ ਵਲ ਕੋਈ ਝਾਕ ਨਹੀਂ ਸਕਦਾ। ਉਹ ਵੀ ਮੁਸਲਮਾਨ ਸੀ ਤੇ ਫੇਰ ਰਾਜਸੀ ਬੰਦਾ ਸੀ, ਪਰਵਾਹ ਨੇ ਕਰੀ ਕਿ ਮੇਰਾ ਰਾਜ ਚਲਿਆ ਜਾਏਗਾ ਜਾਂ ਸਜ਼ਾ ਹੋਏਗੀ ਮੈਨੂੰ।

ਸੋ ਇਹ ਮੈਂ ਐਨੀ ਬੇਨਤੀ ਤਾਂ ਕਰੀ ਹੈ ਕਿ ਇੱਕ ਐਵੇਂ ਵਾਧੂ ਦੀ ਗੱਲ ਚੱਲ ਰਹੀ ਹੈ। ਸਾਡੇ ਵੇਲੇ ਤਾਂ ਹੀ ਹੁੰਦੀ ਸੀ ਉਨ੍ਹਾਂ ਦਿਨਾਂ 'ਚ, ਹੁਣ ਤਾਂ ਮੈਨੂੰ ਪਤਾ ਨਹੀਂ। ਸੋ ਗੁਰੂ ਦਸਵੇਂ ਸਾਰਿਆਂ ਦੇ ਪਿਆਰੇ ਸੀ। ਮਸਜਿਦ ਦਾ ਓਨਾਂ ਹੀ ਸਤਿਕਾਰ ਕਰਦੇ ਸੀ, ਜਿੰਨਾਂ ਮੰਦਰ ਦਾ ਕਰਦੇ ਸੀ। ਸਗੋਂ ਇਹ ਕਹਿੰਦੇ ਸੀ ਕਿ –

ਦੇਹਰਾ ਮਸੀਤ ਸੋਈ ਪੂਜਾ ਓ ਨਮਾਜ਼ ਓਈ।

ਪੂਜਾ ਤੇ ਨਾਮ ਵਿਚ ਕੋਈ ਫਰਕ ਨਹੀਂ, ਬੋਲੀ ਦਾ ਫਰਕ ਹੈ। ਦੇਹੁਰਾ ਜਿਹੜਾ ਹੈ, ਮੰਦਰ ਹੈ ਉਹ ਵੀ ਪੂਜਨੀਕ ਥਾਂ ਹੈ ਤੇ ਜਿਹੜੀ ਮਸਜਿਦ ਹੈ, ਉਹ ਪੂਜਨੀਕ ਥਾਂ ਹੈ ਇਨ੍ਹਾਂ ਦਾ ਸਤਿਕਾਰ ਕਰੋ, ਕਿਉਂਕਿ ਇੱਥੇ ਪ੍ਰਮੇਸ਼ਰ ਦੇ ਪਿਆਰੇ ਇਕੱਠੇ ਹੋ ਕੇ ਵਾਹਿਗੁਰੂ ਨਾਲ ਆਪਣਾ ਧਿਆਨ ਜੋੜਦੇ ਨੇ। ਗੁਰੂ ਦਸ਼ਮੇਸ਼ ਪਿਤਾ ਨੂੰ ਸਮਝਣਾ ਬੜਾ ਔਖਾ ਹੈ ਕਿਉਂਕਿ ਬਹੁ ਚਰਚਿਤ ਚਰਿਤ੍ਰ ਉਨ੍ਹਾਂ ਦਾ ਸੀ। ਬਹੁਤ ਵੱਡੀਆਂ ਬਾਤਾਂ ਨੇ ਗੁਰੂ ਦਸਵੇਂ ਪਾਤਸ਼ਾਹ ਦੀਆਂ। ਜਿੰਨੀਆਂ ਗੱਲਾਂ ਕਰੀ ਜਾਓ, ਓਨੀਆਂ ਹੀ ਹੋਰ ਆਈ ਜਾਂਦੀਆ ਨੇ। ਸੋ ਆਪ ਦੇ ਨਾਲ ਅਕਾਰਨ ਯੁੱਧ ਛਿੜੇ। ਗੁਰੂ ਨੌਵੇਂ ਪਾਤਸ਼ਾਹ ਨੇ ਕੀ ਕਸੂਰ ਕਰਿਆ ਸੀ, ਗੁਰੂ ਪੰਜਵੇਂ ਪਾਤਸ਼ਾਹ ਨੇ ਕੀ ਕਸੂਰ ਕਰਿਆ ਸੀ? ਉਹਦਾ ਕਾਰਨ ਸੀ ਇੱਕ ਜ਼ਬਰਦਸਤ, ਲਿਖਦੇ ਤਾਂ ਹੋਰ ਤਰ੍ਹਾਂ ਨੇ ਲੇਕਿਨ ਅੰਦਰੋਂ ਗੱਲ ਹੋਰ ਸੀ। ਗੁਰੂ ਸਾਹਿਬ ਇਹ ਕਹਿੰਦੇ ਸੀ ਕਿ ਦੇਖੋ ਰਾਜਾ ਰਾਜ ਕਰੇ, ਠੀਕ ਹੈ ਰਾਜ ਕਿਸੇ ਨਾ ਕਿਸੇ ਨੇ ਕਰਨਾ ਹੈ, ਪਰ ਰਾਜੇ ਦਾ ਜਿਹੜਾ ਧਰਮ ਹੁੰਦਾ ਹੈ ਉਹ ਧਰਮ ਹੁੰਦਾ ਹੈ, ਇੱਕ ਅੱਖ ਦੇ ਨਾਲ ਦੇਖਣਾ ਸਭ ਨੂੰ, ਕਿਸੇ ਨੂੰ ਛੋਟਾ ਨਹੀਂ, ਕਿਸੇ ਨੂੰ ਵੱਡਾ ਨਹੀਂ, ਇੱਥੇ ਇਸਲਾਮ ਦਾ ਰਾਜ ਹੋਣ ਕਰਕੇ ਇੱਕ ਗਲਤ ਗੱਲ ਉਨ੍ਹਾਂ ਦੇ ਮਨਾਂ 'ਚ ਪੈ ਗਈ ਸੀ ਕਿ ਇਸਲਾਮ ਨੂੰ ਜਿਹੜਾ ਨਹੀਂ ਮੰਨਦਾ ਉਹ ਕਾਫਰ ਹੈ, ਉਹ ਕੁਫਰ ਕਰਦਾ ਹੈ, ਕਾਫਰ ਨਾਸਤਕ ਨੂੰ ਕਹਿੰਦੇ ਨੇ, ਇੱਥੇ ਤਾਂ ਮੰਨਦੇ ਸੀ ਸਾਰੇ, ਚਾਹੇ ਮੂਰਤੀਆਂ 'ਚ ਮੰਨਦੇ ਸੀ, ਚਾਹੇ ਕਿਸੇ ਹੋਰ ਤਰੀਕੇ ਨਾਲ। ਪ੍ਰਮੇਸ਼ਰ ਨੂੰ ਤਾਂ ਸਾਰੇ ਹੀ ਮੰਨਦੇ ਸੀ, ਉਨ੍ਹਾਂ ਦਾ ਇਸ ਤਰ੍ਹਾਂ ਸੀ ਕਿ ਕਾਫਰ ਨੂੰ ਮੋਮਨ ਬਣਾਓ ਚਾਹੇ ਲਾਲਚ ਦੇ ਕੇ ਬਣਾਓ, ਪੈਸੇ ਦੇ ਕੇ ਬਣਾਓ, ਜੇ ਨਹੀਂ ਬਣਦਾ ਤਾਂ ਮਾਰਿਆ ਵੀ ਜਾ ਸਕਦਾ ਹੈ, ਉਹਦਾ ਦੋਸ਼ ਨਹੀਂ ਹੈ ਕੋਈ। ਆਹ ਜਿਹੜਾ ਮੈਂ ਪਿਛਲਾ ਪਹਿਰਾ ਬੋਲਿਆ ਹੈ ਇਹ ਤਾਂ ਅਪਣਾਅ ਲਿਆ, ਪਰ ਬਾਕੀ ਨਹੀਂ ਅਪਣਾਇਆ। ਨਤੀਜਾ ਇਹ ਹੋਇਆ ਕਿ ਇੱਥੇ ਕਤਲਾਮ ਹੁੰਦੀ ਰਹਿੰਦੀ ਸੀ ਹਰ ਵਕਤ। ਬੰਦੇ ਫੜ ਲੈਣੇ, ਮਾਰ ਦੇਣੇ, ਕੋਈ ਦਾਦ ਫਰਿਆਦ, ਕੋਈ ਕਾਨੂੰਨ ਕੁਛ ਨਹੀਂ ਸੀ। ਰਾਜੇ ਦੀ ਜ਼ੁਬਾਨ ਕਾਨੂੰਨ ਸੀ। ਮਹਾਰਾਜ ਇਹ ਕਹਿੰਦੇ ਸੀ ਕਿ ਜੀਉਣ ਦਾ ਹੱਕ ਹੈ, ਤੂੰ ਰਾਜਾ ਹੈਂ, ਰਾਜ ਕਰ, ਤੇਰੇ ਰਾਜ ਨੂੰ ਨਹੀਂ ਅਸੀਂ ਖੋਂਹਦੇ। ਤੇਰੀ ਫੌਜ ਨਾਲ ਨਹੀਂ ਅਸੀਂ ਲੜਦੇ। ਅਸੀਂ ਕੋਈ ਵੱਖਰੇ ਹੋ ਕੇ ਨਹੀਂ ਬਹਿੰਦੇ ਕਿ ਨਵੀਆਂ ਅਸੀਂ ਫੌਜਾਂ ਰੱਖਦੇ ਹਾਂ। ਤੂੰ ਰਾਜ ਕਰ, ਪਰ ਨਿਆਂ ਦਾ ਰਾਜ ਕਰ।

ਰਾਜੇ ਚੁਲੀ ਨਿਆਵ ਕੀ

ਸਭ ਨੂੰ ਇੱਕੋ ਜਿਹਾ ਅਧਿਕਾਰ ਦੇ। ਪੂਜਾ ਕਰਨ ਵਾਲੇ ਨੂੰ ਪੂਜਾ ਕਰਨ ਦੇ, ਮਸਜਿਦ ਜਾਣ ਵਾਲੇ ਨੂੰ ਮਸਜਿਦ ਜਾਣ ਦੇ। ਜੋ ਆਦਮੀ ਦਾ ਹੱਕ ਹੈ ਉਹ ਕਾਨੂੰਨ ਦੇ ਅੰਦਰ ਰਹਿ ਕੇ ਉਹਨੂੰ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ, ਆਪਣੇ ਜੀਵਨ ਦੇ ਨਿਰਭਾਹ ਵਾਸਤੇ। ਲੇਕਿਨ ਉਹ ਰਾਜੇ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਸੀ। ਉਨ੍ਹਾਂ ਦਾ ਕਾਨੂੰਨ ਕੋਈ ਨਹੀਂ ਸੀ, ਜ਼ੁਬਾਨ ਸੀ ਰਾਜੇ ਦੀ, ਜੋ ਕਹਿ ਦਿੱਤਾ ਉਹ ਹੋ ਗਿਆ। ਉਹਦੇ ਨਾਲ ਇਹ ਹੋ ਗਿਆ ਕਿ ਹਿੰਦੂਆਂ ਨੂੰ ਐਨੀ ਤੰਗੀ ਆ ਗਈ ਕਿ ਨਾ ਇਹ ਪੂਜਾ ਕਰ ਸਕਣ, ਨਾ ਮੰਦਰ ਬਣਾ ਸਕਣ। ਬਹੁਤ ਮੁਸ਼ਕਲਾਂ ਪੇਸ਼ ਆ ਗਈਆਂ, ਇੱਥੇ ਹੀ ਨਹੀਂ ਜਿਹੜੇ ਛੋਟੇ ਹਾਕਮ ਸੀ, ਉਹ

ਬਹੁਤ ਜ਼ਿਆਦਤੀਆਂ ਕਰਨ ਲੱਗ ਗਏ, ਅਰ ਪਾਪ ਕਰਨੇ ਸ਼ੁਰੂ ਕਰ ਦਿੱਤੇ ਉਨ੍ਹਾਂ ਦੀਆਂ ਧੀਆਂ, ਨੂੰਹਾਂ ਚੁੱਕ ਕੇ ਲੈ ਜਾਣੀਆਂ। ਧਰਮ ਤੋਂ ਕੁਧਰਮ ਕਰਦੇ ਸੀ। ਐਸੇ-ਐਸੇ ਅਫਸਰ ਆਏ, ਜਿਨ੍ਹਾਂ ਨੇ ਗਰੀਬ ਜਨਤਾ ਨੂੰ ਇਹ ਕਹਿ ਦਿੱਤਾ ਕਿ ਜੇ ਸਾਨੂੰ ਥੁੱਕਣ ਦੀ ਲੋੜ ਪਵੇ ਤਾਂ ਮੂੰਹ ਅੱਡਣਾ ਹੈ ਤੁਸੀਂ। ਕਿਉਂਕਿ ਸਾਡਾ ਹੱਕ ਹੈ ਰੱਬ ਵਾਲਿਆਂ ਦਾ, ਤੁਹਾਡੇ ਮੂੰਹ 'ਚ ਥੁੱਕ ਦੇਣਾ। ਇੱਕ ਗੱਲ ਨਹੀਂ ਬੇਅੰਤ ਨੇ ਇਹ ਗੱਲਾਂ। ਹਿਸਾਬ ਕਿਤਾਬ ਤੋਂ ਬਾਹਰੀਆਂ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੇ ਵੀ ਇੱਹ ਗੱਲ ਕਹੀ ਕਿ ਇਨਸਾਫ ਹੋਣਾ ਚਾਹੀਦਾ ਹੈ। ਗੁਰੂ ਨੌਵੇਂ ਪਾਤਸ਼ਾਹ ਨੇ ਵੀ ਇਹੀ ਕਿਹਾ ਕਿ ਹਿੰਦੂ ਕਿਉਂ ਨਹੀਂ ਜੰਞੂ ਪਾ ਸਕਦੇ, ਕਿਉਂ ਇਹ ਪੂਜਾ ਨਹੀਂ ਕਰ ਸਕਦੇ, ਇਹ ਤਿਲਕ ਕਿਉਂ ਨਹੀਂ ਲਾ ਸਕਦੇ। ਇਨ੍ਹਾਂ ਦਾ ਧਾਰਮਿਕ ਚਿੰਨ੍ਹ ਹੈ, ਜੇ ਤੁਸੀਂ ਸੁੰਨਤ ਕਰਦੇ ਓਂ ਤਾਂ ਇਹ ਵੀ ਤਿਲਕ ਲਾ ਸਕਦੇ ਨੇ। ਹੱਕ ਹੋਣਾ ਚਾਹੀਦਾ ਹੈ ਆਪਣੇ ਧਰਮ ਦੇ ਮੁਤਾਬਿਕ ਸਭ ਨੂੰ ਪੂਜਾ ਪਾਠ ਕਰਨ ਦਾ। ਏਸ ਗੱਲ ਦੇ ਉਤੇ ਮਹਾਰਾਜ ਜੀ ਨੂੰ ਸ਼ਹੀਦ ਕਰ ਦਿੱਤਾ। ਗੁਰੂ ਦਸ਼ਮੇਸ਼ ਪਿਤਾ ਦੇ ਗਲ ਕੁਦਰਤੀ ਤੌਰ ਤੇ ਝਗੜਾ ਪੈਣਾ ਹੀ ਪੈਣਾ ਸੀ। ਇਹ ਇਸਲਾਮ ਵਾਲਿਆਂ ਨੇ ਨਹੀਂ ਪਾਇਆ, ਨਾ ਪਹਿਲਾਂ ਪਹਾੜੀਆਂ ਨੇ ਪਾਇਆ। ਉਹ ਤਾਂ ਪਹਿਲਾਂ ਦੂਰ ਰਹੇ। ਉਹ ਤਾਂ ਜਦੋਂ ਬੁਲਾਏ ਤਾਂ ਹੀ ਆਏ। ਪਹਿਲਾਂ ਬਿਲਾਸਪੁਰੀਆ ਸਾਰੇ ਇੱਕਠੇ ਹੋ ਕੇ ਲੜਦੇ ਰਹੇ ਮਹਾਰਾਜ ਨਾਲ। ਮਹਾਰਾਜ ਨੇ ਮੀਟਿੰਗ ਕਰਕੇ ਸਮਝਾਏ ਕਿ ਅਸੀਂ ਤਾਂ ਤੁਹਾਡੇ ਹੱਕਾਂ ਵਾਸਤੇ ਲੜ ਰਹੇ ਹਾਂ। ਅਸੀਂ ਰਾਜ ਨਹੀਂ ਲੈਣਾ, ਤੁਹਾਨੂੰ ਕਿਉਂ ਖਤਰਾ ਪੈ ਗਿਆ? ਤੁਹਾਡੀਆਂ ਫੌਜਾਂ ਕਿੰਨੀ ਵਾਰ ਸਾਡੇ ਤੋਂ ਹਾਰੀਆਂ ਨੇ ਅਸੀਂ ਰਾਜ ਲਿਆ? ਅਸੀਂ ਜੇ ਰਾਜ ਲੈਣਾ ਹੁੰਦਾ ਤਾਂ ਹੁਣ ਨੂੰ ਤਾਂ ਅਸੀਂ ਸਾਰਿਆਂ ਦਾ ਰਾਜ ਲੈ ਲੈਂਦੇ। ਇੱਥੇ ਥਾਂ-ਥਾਂ ਦੇ ਉਤੇ ਖਾਲਸਾ ਗੱਜਦਾ ਹੁੰਦਾ। ਉਹ ਨਹੀਂ ਇਹ ਸਮਝੇ, ਉਨ੍ਹਾਂ ਨੇ ਸਗੋਂ ਚਿੱਠੀ ਲਿਖ ਕੇ ਉਨ੍ਹਾਂ ਨੂੰ ਉਕਸਾਇਆ ਤੇ ਬੁਲਾਇਆ। ਸੋ ਇਸ ਤਰ੍ਹਾਂ ਦੇ ਨਾਲ ਬਹੁਤ ਜੰਗ ਯੁੱਧ ਹੁੰਦੇ ਰਹੇ। ਅੱਜ ਬਹੁਤ ਭਿਆਨਕ ਯੁੱਧ ਹੈ ਜਿਹਦੇ ਵਿਚ ਦਿੱਲੀ ਤੋਂ ਬਹੁਤ ਵੱਡੀ ਫੌਜ ਆਈ ਹੋਈ ਹੈ, ਕਿਲ੍ਹਾ ਫਤਹਿ ਨਹੀਂ ਕਰ ਸਕਦੇ। ਬਹੁਤ ਵਾਰੀ ਹੱਲੇ ਕੀਤੇ, ਹਰ ਵਾਰੀ ਮੂੰਹ ਦੀ ਖਾ ਕੇ ਪਿੱਛੇ ਹਟਦੇ ਨੇ। ਚਾਰ ਮਹੀਨੇ ਲੰਘ ਗਏ, ਓਸ ਵੇਲੇ ਰੋਪੜ ਦਾ ਇੱਕ ਵੱਡਾ ਸਿਪਾਸਲਾਰ ਜਰਨੈਲ ਸੀ, ਮੁਗਲ ਖਾਨ ਉਹਦਾ ਨਾਉਂ ਸੀ, ਪਠਾਣ ਜਾਤੀ ਸੀ। ਉਹਨੇ ਸਾਰਿਆਂ ਨੂੰ ਮੀਟਿੰਗ ਕਰਕੇ, ਸੀਨੀਅਰ ਸੀ ਕਹਿਣ ਲੱਗਿਆ ਕਿ ਓ ਐਨੇ ਬੁਝਦਿਲ, ਕਿੰਨੇ ਕੁ ਨੇ ਸਿੱਖ, ਸਾਡੀ ਇਹ ਖਬਰ ਹੈ ਕਿ ਸਿਰਫ ਪੰਜ ਹਜ਼ਾਰ ਨੇ ਅਨੰਦਪੁਰ ਸਾਹਿਬ ਵਿੱਚ ਆਏ ਹੋਏ। ਆਪਾਂ ਲੱਖਾਂ ਦੀ ਤਾਦਾਦ 'ਚ ਬੈਠੇ ਹਾਂ। ਜੇ ਸਾਡੇ 'ਚੋਂ ਮਰ ਵੀ ਜਾਣਗੇ, ਤੀਹ ਚਾਲੀ, ਪੰਜਾਹ ਹਜ਼ਾਰ ਤਾਂ ਕੀ ਹੈ, ਅੱਜ ਜੰਗ ਦਾ ਖਾਤਮਾ ਕਰ ਦੇਈਏ। ਬਾਕੀ ਤਾਂ ਚੁੱਪ ਕਰ ਰਹੇ, ਏਸੇ ਨੇ ਬੀੜਾ ਚੁੱਕ ਲਿਆ ਮੁਗਲ ਖਾਨ ਨੇ, ਬਹੁਤ ਸਖਤ ਹੱਲਾਂ ਹੋਇਆ, ਓਧਰ ਸਿੰਘ ਵੀ ਜਾਨਾਂ ਤੋੜ ਕੇ ਮੁਕਾਬਲਾ ਕਰਦੇ ਰਹੇ। ਓਸ ਵੇਲੇ ਐਹੋ ਜਿਹੇ ਯੁੱਧ ਦੇ ਵਿਚ ਘਟਨਾ ਵਾਪਰਦੀ ਹੈ ਜਿਹਦੇ ਨਾਲ ਪਤਾ ਲਗ ਜਾਂਦਾ ਹੈ ਕਿ ਗੁਰੂ ਸਾਹਿਬ ਦਾ ਆਦਰਸ਼ ਕੀ ਸੀਗਾ। ਕੀ ਉਹ ਬਦਲੇ ਦੀ ਭਾਵਨਾ ਲਈਂ ਬੈਠੇ ਸੀ? ਜਾਂ ਉਨ੍ਹਾਂ ਦਾ ਕਿਤੇ ਹੋਰ ਨਿਸ਼ਾਨਾ ਸੀ। ਉਸ ਵੇਲੇ ਇੱਕ ਗੁਰਸਿੱਖ ਜਿਸਦਾ ਨਾਮ ਘਨਈਆ ਸੀ, ਉਹ ਪਾਣੀ ਪਿਲਾ ਰਿਹਾ ਹੈ। ਇੱਕ ਗੱਲ ਇਹ ਹੈ ਕਿ ਜੰਗ ਮੱਚਿਆ ਹੋਇਆ ਹੈ, ਨਾ ਕੋਈ ਉਹਦੇ ਗੋਲੀ ਮਾਰਦਾ ਹੈ, ਨਾ ਕੋਈ ਉਹਦੇ ਤਲਵਾਰ ਮਾਰਦਾ ਹੈ, ਨਾ ਕੋਈ ਬਰਛਾ ਮਾਰਦਾ ਹੈ, ਜੰਗ 'ਚ ਐਉਂ ਤੁਰਿਆ ਫਿਰਦਾ ਹੈ ਜਿਵੇਂ ਕੋਈ ਜਾਣਦਾ ਹੀ ਨਹੀਂ। ਮਸ਼ਕ ਪਾਈ ਹੋਈ ਹੈ, ਜਿਹੜਾ ਗਿਰ ਜਾਂਦਾ ਹੈ, ਨੱਠ ਕੇ, ਜਾ ਕੇ ਉਹਦੇ ਮੂੰਹ 'ਚ ਪਾਣੀ ਪਾ ਦਿੰਦਾ ਹੈ। ਹੋਸ਼ 'ਚ ਆ ਜਾਂਦਾ ਹੈ, ਮੁੜ ਕੇ ਫੇਰ ਲੜਨ ਲਗ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਸਾਰਾ ਦਿਨ ਪੜ੍ਹਾਈ ਗਿਆ, ਯੁੱਧ ਵੀ ਸਾਰਾ ਦਿਨ ਹੁੰਦਾ ਰਿਹਾ। ਇੱਕ ਗੱਲ ਤੋਂ ਸਿੰਘ ਹੈਰਾਨ ਹੋਣ, ਕਹਿਣ ਘਨਈਆਂ ਪਾਣੀ ਪਿਲਾਉਂਦਾ ਹੈ, ਨਾ ਇਹਦੇ ਕੋਈ ਗੋਲੀ ਲਗਦੀ ਹੈ, ਨਾ ਕੋਈ ਤੀਰ ਲਗਦਾ ਹੈ, ਵਿਚੇ ਤੁਰਿਆ ਫਿਰਦਾ ਹੈ ਕਿ ਉਹ ਮਾਰਦੇ ਨਹੀਂ, ਹੋਵੇ ਨਾ ਤਾਂ ਇਹ ਉਨ੍ਹਾਂ ਦਾ ਜਾਸੂਸ ਨਾ ਹੋਵੇ ਕਿਤੇ? ਗੁਰੂ ਮਹਾਰਾਜ ਦੇ ਕੋਲ ਸ਼ਿਕਾਇਤ ਕਰੀ, ਗੁਰੂ ਜੋ ਹੁੰਦਾ ਹੈ, ਉਹਦੀ ਕ੍ਰਿਆ ਨੂੰ ਕੋਈ ਸਮਝ ਨਹੀਂ ਸਕਦਾ। ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਨਾਲ ਫੁਰਮਾਨ ਕਰਿਆ ਹੈ, ਪੜ੍ਹੋ ਪਿਆਰ ਨਾਲ -

ਧਾਰਨਾ - ਨਿਰਵੈਰ ਨਿਰਾਲਾ ਜੀ,
ਸਤਿਗੁਰ ਪੁਰਖ ਅਗੰਮ ਹੈ।

ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।
ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।
ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।
ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।
ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।
ਭਾਈ ਗੁਰਦਾਸ ਜੀ, ਵਾਰ ੩੪/੧

ਭਾਈ ਗੁਰਦਾਸ ਜੀ ਫੁਰਮਾਨ ਕਰਦੇ ਨੇ ਕਿ ਸਤਿਗੁਰੂ, ਜਿਹਦੀ ਕ੍ਰਿਆ ਨੂੰ ਕੋਈ ਜਾਣ ਨਾ ਸਕੇ, ਉਹਨੂੰ ਅਗੰਮ ਕਹਿੰਦੇ ਨੇ, ਕਿਸੇ ਨਾਲ ਵੀ ਉਹਦਾ ਵੈਰ ਨਹੀਂ ਹੁੰਦਾ ਤੇ ਉਹਦੀ ਸਾਰੀ ਕ੍ਰਿਆ ਨਿਰਾਲੀ ਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਸ਼ਾਮ ਨੂੰ ਪੁੱਛਦੇ ਨੇ ਕਿ ਪਿਆਰਿਓ! ਯੁੱਧ ਦਾ ਹਾਲ ਕਿਵੇਂ ਰਿਹਾ? ਕਹਿੰਦੇ, ਮਹਾਰਾਜ! ਅੱਜ ਤਾਂ ਬਹੁਤ ਸਖਤ ਯੁੱਧ ਹੋਇਆ ਹੈ, ਪਰ ਮਹਾਰਾਜ! ਇੱਕ ਸ਼ਿਕਾਇਤ ਹੈ ਕਿ ਆਪਣੀ ਫੌਜ ਦੇ ਅੰਦਰ ਇੱਕ ਘਨਈਆ ਸਾਧ ਹੈ। ਸਾਧ ਬਿਰਤੀ ਵਾਲੇ ਨੂੰ ਸਾਧ ਕਹਿੰਦੇ ਨੇ। ਮਹਾਰਾਜ ਨੇ ਕਿਹਾ ਕਿ ਘਨਈਆਂ ਤੂੰ ਵੀ ਕ੍ਰਿਪਾਨ ਪਾਇਆ ਕਰ। ਕਹਿੰਦਾ ਸਤਿ ਬਚਨ। ਐਧਰਲੇ ਪਾਸੇ ਤਾਂ ਮਸ਼ਕ ਹੁੰਦੀ ਹੈ ਉਹਦੀ, ਉਹ ਕ੍ਰਿਪਾਨ ਦਾ ਜਿਹੜਾ ਮੁੱਠਾ ਸੀ ਉਹ ਪਿਛਲੇ ਪਾਸੇ ਰੱਖਿਆ ਕਰੇ, ਮੂਹਰਲੇ ਪਾਸੇ ਹੇਠਲਾ ਪਾਸਾ ਰੱਖਿਆ ਕਰੇ। ਬਹੁਤ ਵਾਰੀ ਸਿੰਘਾਂ ਨੇ ਕਿਹਾ ਕਿ ਤੂੰ ਕ੍ਰਿਪਾਨ ਐਉਂ ਪਾਇਆ ਕਰ। ਉਹ ਮਹਾਰਾਜ ਨੂੰ ਕਿਹਾ। ਮਹਾਰਾਜ ਜੀ ਨੇ ਪੁੱਛਿਆ ਕਿ ਘਨਈਆ ਤੂੰ ਉਸ ਤਰ੍ਹਾਂ ਨਹੀਂ ਪਾਉਂਦਾ ਕ੍ਰਿਪਾਨ ਭਾਈ? ਕਹਿੰਦਾ, ਸੱਚੇ ਪਾਤਸ਼ਾਹ! ਜੇ ਕਿਸੇ ਨੇ ਮੈਨੂੰ ਮਾਰਨਾ ਹੋਏਗਾ, ਉਹ ਪਿਛੋਂ ਹੀ ਖਿੱਚ ਲਏਗਾ। ਉਹਦੀ ਬਿਰਤੀ ਐਸੀ ਸੀ, ਉਹਨੂੰ ਫਰਕ ਨਹੀਂ ਸੀ ਜੀਉਣ ਦਾ ਤੇ ਮਰਨ ਦਾ। ਡਿਊਟੀ ਕਰਦਾ ਸੀ ਪਾਣੀ ਪਿਲਾਉਣ ਦੀ।

ਸੋ ਮਹਾਰਾਜ ਜੀ ਕੋਲ ਸ਼ਿਕਾਇਤ ਕੀਤੀ ਕਿ ਘਨਈਆ

ਸਾਧ ਹੈ ਨਾ ਜਿਹੜਾ ਸ਼ੱਕ ਪੈਂਦਾ ਹੈ ਸਾਨੂੰ ਉਸ 'ਤੇ। ਇੱਕ ਤਾਂ ਉਹ ਪਾਣੀ ਪਿਲਾਈ ਜਾਂਦਾ ਹੈ ਜਿਹੜਾ ਮੂਹਰੇ ਆਉਂਦਾ ਹੈ ਉਹਨੂੰ ਪਿਲਾਉਂਦਾ ਹੈ। ਅਸੀਂ ਹਾਕਾਂ ਮਾਰਦੇ ਰਹਿ ਜਾਂਦੇ ਹਾਂ, ਜਿਹੜਾ ਪਾਣੀ ਕਹਿ ਦੇਵੇ ਪਹਿਲਾਂ ਓਧਰ ਨੂੰ ਨੱਠ ਜਾਂਦਾ ਹੈ, ਚਾਹੇ ਉਨ੍ਹਾਂ ਦਾ ਬੰਦਾ ਹੋਵੇ, ਚਾਹੇ ਸਾਡਾ ਹੋਵੇ। ਦੂਸਰਾ ਮਹਾਰਾਜ! ਜੇ ਉਹ ਆਪਣੀ ਖਾਲਸਾ ਫੌਜ ਦਾ ਹੋਵੇ ਤਾਂ ਉਹ ਮਾਰਨ, ਪਰ ਉਹ ਇਹਨੂੰ ਮਾਰਦੇ ਨਹੀਂ। ਜੇ ਕਿਤੇ ਸਾਮ੍ਹਣੇ ਵੀ ਆ ਜਾਵੇ, ਤੀਰ ਚਲਾਉਣ ਲੱਗਿਆ ਅਗਲਾ ਤੀਰ ਰੋਕ ਲੈਂਦਾ ਹੈ ਕਿ ਇਹਦੇ ਨਾ ਕਿਤੇ ਲਗ ਜਾਵੇ। ਉਹ ਤਾਂ ਐਨ ਨਿਧੜਕ ਤੁਰਦਾ ਫਿਰਦਾ ਹੈ, ਨਾ ਕੋਈ ਗੋਲੀ ਲਗਦੀ ਹੈ ਉਹਦੇ, ਨਾ ਕੋਈ ਤੀਰ ਲਗਦਾ ਹੈ, ਕੁਛ ਨਹੀਂ ਹੁੰਦਾ, ਵਿਚ ਘਮਸਾਨ ਦੇ ਜਦੋਂ ਗਿਰਦਾ ਹੈ, ਨੱਠ ਕੇ ਉਹਦੇ ਮੂੰਹ 'ਚ ਪਾਣੀ ਪਾ ਦਿੰਦਾ ਹੈ। ਮਹਾਰਾਜ ਕਹਿੰਦੇ, ਹਾਜ਼ਰ ਕਰੋ। ਕਹਿੰਦੇ, ਘਨਈਆ! ਤੇਰੀ ਸ਼ਿਕਾਇਤ ਹੋ ਰਹੀ ਹੈ, ਤੂੰ ਪਾਣੀ ਪਿਲਾਉਂਦਾ ਹੈਂ ਦੁਸ਼ਮਣਾਂ ਨੂੰ? ਕਹਿੰਦਾ, ਸੱਚੇ ਪਾਤਸ਼ਾਹ! ਮੈਨੂੰ ਤਾਂ ਕੋਈ ਸਮਝ ਨਹੀਂ ਹੈ, ਜਿਹੜੀ ਮੈਨੂੰ ਸਮਝ ਹੈ ਉਹ ਐਨੀ ਹੀ ਹੈ –

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥
ਅੰਗ – ੨੯੦

ਤੂੰਹੀਂ ਦੁਨੀਆਂ ਦਾ ਮਾਲਕ ਹੈਂ, ਤੂੰ ਹੀ ਰਚਨਾ ਰਚੀ ਹੈ। ਤੂੰ ਹੀ ਆਪਣਾ ਇੱਕ ਸਰੂਪ ਲੱਖਾਂ, ਕਰੋੜਾਂ, ਅਰਬਾਂ, ਖਰਬਾਂ 'ਚ ਬਣਾ ਲਿਆ –

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥
ਜਾਪੁ ਸਾਹਿਬ

ਸੱਚੇ ਪਾਤਸ਼ਾਹ! ਤੇਰੀ ਬਾਣੀ ਇਹ ਕਹਿੰਦੀ ਹੈ –

ਪਾਰਬ੍ਰਹਮ ਕੇ ਸਗਲੇ ਠਾਉ ॥
ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥
ਆਪੇ ਕਰਨ ਕਰਾਵਨ ਜੋਗੁ ॥
ਪ੍ਰਭ ਭਾਵੈ ਸੋਈ ਫੁਨਿ ਹੋਗੁ ॥
ਪਸਰਿਓ ਆਪਿ ਹੋਇ ਅਨਤ ਤਰੰਗ ॥
ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥ ਅੰਗ – ੨੭੫

ਤੂੰ ਹੀ ਪਸਰਿਆ ਹੋਇਆ ਹੈ ਸਾਰੇ। ਇੱਕ ਤੋਂ ਤੂੰ ਅਨੇਕ ਹੋਇਆਂ-ਹੋਇਆਂ ਹੈਂ, ਆਪੇ ਹੀ। ਮੈਂ ਕੀ ਜੀਵ ਹਾਂ ਜਿਹੜਾ ਤੇਰੇ ਖੇਲ੍ਹ ਨੂੰ ਜਾਣ ਜਾਵਾਂ। ਤੇਰੀ ਖੇਲ੍ਹ ਨੂੰ ਨਹੀਂ ਕੋਈ ਦੁਨੀਆਂ 'ਚ ਜਾਣ ਸਕਦਾ। ਕਿਉਂਕਿ ਤੁਸੀਂ ਆਪ ਹੀ ਇਸ ਤਰ੍ਹਾਂ ਨਾਲ ਫੁਰਮਾਨ ਕਰਿਆ ਹੈ –

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥
ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥
ਅਕਾਲ ਉਸਤਤਿ

ਪਾਤਸ਼ਾਹ! ਪਾਣੀ ਦੇ ਉਤੋਂ ਉੱਠੀਆਂ ਹੋਈਆਂ ਲਹਿਰਾਂ ਪਾਣੀ ਦਾ ਰੂਪ ਹੁੰਦੀਆਂ ਨੇ। ਸੋ ਤੇਰਾ ਆਪ ਹੀ ਪਸਾਰਾ ਕੀਤਾ ਹੋਇਆ ਹੈ।

ਜੈਸੀ ਮਤਿ ਦੇਇ ਤੈਸਾ ਪਰਗਾਸ ॥
ਪਾਰਬ੍ਰਹਮੁ ਕਰਤਾ ਅਬਿਨਾਸ ॥
ਸਦਾ ਸਦਾ ਸਦਾ ਦਇਆਲ ॥
ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥ ਅੰਗ – ੨੭੫
ਸੋਧਤ ਸੋਧਤ ਸੋਧਤ ਸੀਝਿਆ ॥
ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥
ਜਬ ਦੇਖਉ ਤਬ ਸਭੁ ਕਿਛੁ ਮੂਲੁ ॥
ਨਾਨਕ ਸੋ ਸੂਖਮੁ ਸੋਈ ਅਸਥੂਲੁ ॥ ਅੰਗ – ੨੮੧

ਤੂੰ ਆਪ ਹੀ ਸੂਖਮ ਹੈਂ, ਆਪ ਹੀ ਅਸਥੂਲ ਹੈਂ, ਆਪਣੀ ਖੇਡ ਕਰ ਰਿਹਾ ਹੈਂ ਪਾਤਸ਼ਾਹ! –

ਅਪਨੀ ਮਾਇਆ ਆਪਿ ਪਸਾਰੀ
ਆਪਹਿ ਦੇਖਨਹਾਰਾ ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥
ਅੰਗ – ੫੩੭
ਆਪਿ ਕਥੈ ਆਪਿ ਸੁਨਨੈਹਾਰੁ ॥
ਆਪਹਿ ਏਕੁ ਆਪਿ ਬਿਸਥਾਰੁ ॥
ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥
ਆਪਨੈ ਭਾਣੈ ਲਏ ਸਮਾਏ ॥ ਅੰਗ – ੨੯੨

ਜਿਸ ਦਿਨ ਤੇਰਾ ਜੀਅ ਕਰਿਆ ਸ੍ਰਿਸ਼ਟੀ ਖਤਮ ਕਰ ਦਏਗਾ –

ਤੁਮ ਤੇ ਭਿੰਨ ਨਹੀ ਕਿਛੁ ਹੋਇ ॥
ਆਪਨ ਸੂਤਿ ਸਭੁ ਜਗਤੁ ਪਰੋਇ ॥ ਅੰਗ – ੨੯੨

ਸੋ ਪਾਤਸ਼ਾਹ! ਜਿਹਦੇ ਉਤੇ ਕ੍ਰਿਪਾ ਕਰ ਦਿੰਦਾ ਹੈਂ –

ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥
ਸਚੁ ਨਾਮੁ ਸੋਈ ਜਨੁ ਪਾਏ ॥
ਸੋ ਸਮਦਰਸੀ ਤਤ ਕਾ ਬੇਤਾ ॥ ਅੰਗ – ੨੯੨

ਸੋ ਇਸ ਤਰ੍ਹਾਂ ਪਾਤਸ਼ਾਹ! ਮੈਂ ਤਾਂ ਕਿਸੇ ਨੂੰ ਪਾਣੀ ਨਹੀਂ ਪਿਲਾਉਂਦਾ। ਜਿੱਥੇ ਵੀ ਮੈਂ ਦੇਖਦਾ ਹਾਂ –

ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥ ਅੰਗ – ੨੯੨

ਜਿਧਰ ਨੂੰ ਮੈਂ ਦੇਖਦਾ ਹਾਂ, ਤੇਰਾ ਹੀ ਰੂਪ ਮੈਨੂੰ ਨਜ਼ਰ ਆਉਂਦਾ ਹੈ, ਉਹੀ ਜਿਗਾ ਕਲਗੀ ਲੱਗੀ ਹੋਈ, ਓਹੀ ਤੇਰਾ ਨੂਰਾਨੀ ਚਿਹਰਾ, ਪਾਣੀ ਦੀ ਆਵਾਜ਼ ਆਉਂਦੀ ਹੈ ਪਾਤਸ਼ਾਹ! ਮੈਂ ਤੈਨੂੰ ਕਿਵੇਂ ਛੱਡ ਦੇਵਾਂ ਪਾਣੀ। ਐਧਰ ਵੀ ਤੂੰ ਓਧਰ ਵੀ ਤੂੰ। ਸੋ ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦਾ ਹੈ, ਪੜ੍ਹੋ ਪਿਆਰ ਨਾਲ–

ਧਾਰਨਾ – ਪਾਣੀ ਤੈਨੂੰ ਹੀ ਪਿਲਾਵਾਂ ਸਾਹਿਬ ਮੇਰਿਆ,
ਮੈਂ ਕੀ ਜਾਣਾ ਤੇਰੀ ਸਾਰ ਨੂੰ।

ਪਾਤਸ਼ਾਹ! ਤੇਰੀ ਹੀ ਬਾਣੀ ਇਸ ਤਰ੍ਹਾਂ ਦੇ ਨਾਲ ਸਮਝਾਉਂਦੀ ਹੈ ਕਿ ਤੂੰ ਆਪੇ ਹੀ ਪਸਾਰਾ ਕਰ ਲੈਂਦਾ ਹੈਂ ਆਪਣੀ ਮੌਜ ਦੇ ਵਿਚ, ਜਦੋਂ ਤੇਰਾ ਜੀਅ ਕਰਦਾ ਹੈ ਸੰਕੋਚ ਕਰ ਦਿੰਦਾ ਹੈਂ, ਜਿੰਨੀ ਖੇਲ੍ਹ ਹੋ ਰਹੀ ਹੈ ਸਭ ਤੂੰ ਆਪ ਹੀ ਕਰਾ ਰਿਹਾ ਹੈਂ, ਦੂਜਾ ਇੱਥੇ ਹੈ ਨਹੀਂ ਹੈ –

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ - ੯੬੮

ਸੋ ਸਮਦ੍ਰਿਸ਼ਟੀ ਦੇ ਵਿਚ ਬੋਲ ਰਿਹਾ ਹੈ -

ਸੋ ਸਮਦਰਸੀ ਤਤ ਕਾ ਬੇਤਾ ॥
ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥ ਅੰਗ - ੨੯੨

ਸਾਰੀ ਸ੍ਰਿਸ਼ਟੀ ਨੂੰ ਫਤਹਿ ਕਰਨ ਵਾਲਾ ਉਹ ਵਜੂਦ ਹੁੰਦਾ ਹੈ ਜਿਹਦੇ ਵਿਚ ਇਹ ਗਿਆਨ ਪਰਪੱਕ ਤੌਰ 'ਤੇ ਆ ਜਾਵੇ। ਪਾਤਸ਼ਾਹ! ਤੇਰੇ ਬਿਨਾਂ ਤਾਂ ਮੈਨੂੰ ਹੋਰ ਦੂਜਾ ਕੋਈ ਦਿਸਿਆ ਹੀ ਨਹੀਂ। ਸਗੋਂ ਜਦੋਂ ਤੋਂ ਮੈਂ ਤੇਰੀ ਸ਼ਰਨ ਲਈ ਹੈ, ਮੇਰਾ ਭੇਦ ਮੁੱਕ ਗਿਆ ਸਾਰਾ ਹੀ -

ਧਾਰਨਾ - ਨਾ ਦਿਸੇ ਬੇਗਾਨਾ ਜੀ,
ਨਾ ਕੋਈ ਬੈਰੀ - ਨਾ ਕੋਈ ਬੈਰੀ।

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥
ਅੰਗ - ੧੨੯੯

ਪਾਤਸ਼ਾਹ! ਤੇਰੀ ਬਾਣੀ ਦੇ ਪ੍ਰਕਾਸ਼ ਵਿਚ ਕਿੱਥੇ ਰਹਿ ਗਿਆ ਬੈਰੀ, ਕਿੱਥੇ ਰਹਿ ਗਿਆ ਬੇਗਾਨਾ। ਮੇਰੀ ਤਾਂ ਦ੍ਰਿਸ਼ਟੀ ਦੇ ਵਿਚ ਤੂੰ ਹੀਂ ਨਜ਼ਰ ਆਉਂਦਾ ਹੈਂ। ਜਦੋਂ ਤੋਂ ਸੂਰਮਾ ਗਿਆਨ ਦਾ ਪੈ ਗਿਆ -

ਗਿਆਨ ਅੰਜਨੁ ਗੁਰਿ ਦੀਆ
ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥
ਅੰਗ - ੨੯੩

ਮੈਨੂੰ ਤਾਂ ਤੇਰੇ ਬਿਨਾਂ ਹੋਰ ਕੋਈ ਨਜ਼ਰ ਆਉਂਦਾ ਹੀ ਨਹੀਂ।

ਜਿੱਥੇ ਤਕ ਮੇਰੀ ਨਿਗ੍ਹਾ ਜਾਂਦੀ ਹੈ ਤੇਰਾ ਹੀ ਖੇਲ੍ਹ ਹੋ ਰਿਹਾ ਹੈ। ਤੂੰ ਆਪੇ ਕਰ -

"ਤੈਨੂੰ ਪਿਆ ਪਿਲਾਵਾਂ ਪਾਣੀ, ਸਿਰ ਮੇਰੇ ਦੇ ਸਾਈਂ
"ਤੁਰਕ ਅਤੁਰਕ ਨ ਦਿਸਦਾ ਮੈਨੂ,
ਤੂੰ ਸਾਰੇ ਦਿਸ ਆਈਂ।
"ਪਿਆਰੇ ਦੇ ਇਕ ਪਿਆਰ ਪ੍ਰੋਤਾ,
ਉਸ ਦੀ ਸੇਵ ਕਰਾਵਾਂ,
"ਉਸ ਨੂੰ ਦੇਖਾਂ, ਉਸ ਨੂੰ ਸੇਵਾਂ, ਪਾਣੀ ਉਨੂੰ ਪਿਲਾਵਾਂ।"
ਹੱਸੇ ਤੇ ਗਲ ਲਾਇਆ ਪਯਾਰਾ, ਡੱਬੀ ਹੱਥ ਫੜਾਈ -
"ਪਾਣੀ ਨਾਲ ਮਲ੍ਹਮ ਬੀ ਰੱਖੀਂ, ਲੋੜ ਪਈ ਤੇ ਲਾਈਂ"
(ਕਲਗੀਧਰ ਚਮਤਕਾਰ) ਪੰਨਾ - ੭੪੬

ਹੱਸੇ ਜਦੋਂ ਐਨੇ ਬਚਨ ਸੁਣੇ, ਮਹਾਰਾਜ ਖਿੜ-ਖਿੜਾ ਕੇ ਹੱਸ ਪਏ, ਸਾਰੇ ਹੈਰਾਨ ਹੋ ਗਏ ਕਿ ਮਹਾਰਾਜ ਤਾਂ ਸਜ਼ਾ ਦੇਣਗੇ ਇਹਨੂੰ। ਬੜੀ ਭਾਰੀ ਅਵੱਗਿਆ ਕਰਦਾ ਹੈ, ਮਹਾਰਾਜ ਬਹੁਤ ਹੱਸੇ ਤੇ ਖਿੱਚ ਕੇ ਭਾਈ ਘਨਈਏ ਨੂੰ ਗਲ ਲਾ ਲਿਆ। ਨਾਲ ਹੁਕਮ ਦੇ ਦਿੱਤਾ ਕਿ ਆਹ ਮਲ੍ਹਮ ਤੇ ਪੱਟੀਆਂ ਦਿਓ, ਵੱਡੀ ਡੱਬੀ ਹਾਜ਼ਰ ਹੋ ਗਈ, ਪੱਟੀਆਂ ਆ ਗਈਆਂ। ਮਹਾਰਾਜ ਕਹਿੰਦੇ, ਲੈ ਘਨਈਆ! ਹੁਣ ਤੂੰ ਮੈਨੂੰ ਇਕੱਲਾ ਪਾਣੀ ਨਾ ਪਿਲਾਇਆ ਕਰੀਂ, ਮੇਰੇ ਜ਼ਖਮਾਂ ਦੇ ਉਤੇ ਮਲ੍ਹਮ ਭਰ ਕੇ ਪੱਟੀਆਂ ਵੀ ਲਾਇਆ ਕਰੀਂ। ਪ੍ਰਵਾਨਗੀ ਦੇ ਦਿੱਤੀ ਗੁਰੂ ਨੇ।

ਹੁਣ ਗੁਰਸਿੱਖੀ ਕਿੱਥੇ ਅਕਾਸ਼ਾਂ 'ਚ ਉਡਾਰੀਆਂ ਮਾਰਦੀ ਹੈ ਸਾਧਸੰਗਤ ਜੀ, ਅਸੀਂ ਸਮਝਾ ਨਹੀਂ ਸਕੇ ਦੁਨੀਆਂ ਨੂੰ ਕਿ ਸਿੱਖ ਦਾ ਹਿਰਦਾ ਤਾਂ ਐਨਾ ਵਿਸ਼ਾਲ ਹੈ, ਸਾਰਾ ਸੰਸਾਰ ਉਹਦੇ ਵਿਚ ਸਮਾਅ ਜਾਂਦਾ ਹੈ। ਉਹ ਤਾਂ ਕਿਸੇ ਦਾ ਵੈਰੀ ਹੈ ਹੀ ਨਹੀਂ। ਕਿਸੇ ਦਾ ਮਾੜਾ ਕਰਦਾ ਹੀ ਨਹੀਂ। ਉਹ ਨਿਤਨੇਮ ਕਰਕੇ ਰੋਜ਼ ਕਹਿੰਦਾ ਹੈ -

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਕਾ ਭਲਾ।

ਉਹ ਤਾਂ ਦੁਨੀਆਂ ਦਾ ਭਲਾ ਕਰਦਾ ਹੈ, ਕਿਸਾਨ ਹੋ ਕੇ ਬੇਅੰਤ ਖੇਤੀ ਪੈਦਾ ਕਰਦਾ ਹੈ, ਭੁੱਖਿਆਂ ਦੇ ਢਿੱਡ ਭਰਦਾ ਹੈ। ਹੋਰ ਕਾਰੋਬਾਰੀ ਹੋ ਕੇ ਨੇਕ ਕੰਮ ਕਰਦਾ ਹੈ। ਲੋਕ ਕਹਿੰਦੇ ਨੇ ਕਿ ਸਰਦਾਰ ਆ ਗਿਆ, ਕੋਈ ਦੁੱਖ ਹੈ, ਕੋਈ ਆਪਸ ਵਿਚ ਝਗੜਾ ਹੈ, ਸਰਦਾਰ ਜੀ, ਜ਼ਰਾ ਖੜ੍ਹਿਓ। ਆਹ ਸਾਡੀ ਗੱਲ ਸੁਣ ਕੇ ਜਾਇਓ। ਵਿਸ਼ਵਾਸ਼ ਹੈ ਗੁਰਸਿੱਖ ਦੇ ਉਤੇ, ਸੋ ਐਸਾ ਉੱਚਾ ਆਦਰਸ਼ ਗੁਰੂ ਨੇ ਪੈਦਾ ਕੀਤਾ। ਜਿਹਨੂੰ ਖਾਲਸਾ ਆਦਰਸ਼ ਕਹਿੰਦੇ ਨੇ, ਖਾਲਸਾ ਆਦਰਸ਼ ਇਹੀ ਹੈ ਕਿ ਇੱਕ ਤੋਂ ਬਗੈਰ ਦੂਜਾ ਨਜ਼ਰ ਨਾ ਆਵੇ। ਸੋ ਐਸੇ ਵਾਕਿਆਤ ਯੁੱਧ ਵਿਚ ਹੁੰਦੇ ਵੀ ਰਹੇ। ਅੱਜ ਮਾਤਾ ਜੀਤੋ ਜੀ, ਗੁਰੂ ਦਸ਼ਮੇਸ਼ ਪਿਤਾ ਦੇ ਚਰਨਾਂ 'ਚ ਜਲਦੀ ਆ ਕੇ ਨਮਸ਼ਕਾਰ ਕਰਨ ਲੱਗ ਗਏ। ਮਹਾਰਾਜ ਜੀ ਨੇ ਕਿਹਾ ਕਿ ਕੀ ਗੱਲ ਅੱਜ ਤੁਸੀਂ ਜਲਦੀ ਆ ਗਏ? ਕਹਿੰਦੇ ਪਾਤਸ਼ਾਹ! ਜਦੋਂ ਮੈਂ ਭਜਨ ਕਰਨ ਲਈ ਸੁਰਤ ਚਾੜ੍ਹੀ ਤ੍ਰਿਕੁਟੀ ਤੋਂ ਲੰਘੀ, ਸਹੰਸਰਾਰ ਦਲ 'ਚੋਂ ਲੰਘ ਕੇ ਦਸਵੇਂ ਦੁਆਰ 'ਚ ਗਈ, ਪਾਤਸ਼ਾਹ! ਉਥੇ ਤਾਂ ਮੈਂ ਹੋਰ ਹੀ ਕੁਛ ਦੇਖਿਆ, ਮੈਂ ਤਾਂ ਕੰਬ ਗਈ ਦੇਖ ਕੇ, ਕਹਿੰਦੇ ਕੀ? ਕਹਿੰਦੇ ਤੁਹਾਡੀ ਖੇਲ੍ਹ ਦੇਖੀ ਮੈਂ। ਐਡੀ ਬਿਖੜੀ ਖੇਲ੍ਹ ਤੁਸੀਂ ਖੇਲ੍ਹਣੀ ਚਾਹੁੰਦੇ ਓਂ? ਸਾਹਿਬਜ਼ਾਦੇ ਕਿਤੇ, ਮਾਤਾ ਕਿਤੇ, ਤੁਸੀਂ ਕਿਤੇ, ਅਨੰਦਪੁਰ ਉਜੜਿਆ ਹੋਇਆ, ਵੱਡੇ ਸਾਹਿਬਜ਼ਾਦੇ ਯੁੱਧ ਦੇ ਵਿੱਚ ਸ਼ਹੀਦੀਆਂ ਪਾ ਰਹੇ ਨੇ। ਛੋਟਿਆਂ ਨੂੰ ਨੀਹਾਂ 'ਚ ਚੁਣਿਆ ਜਾ ਰਿਹਾ ਹੈ। ਮਹਾਰਾਜ ਜੀ ਨੇ ਬੜੇ ਧਿਆਨ ਨਾਲ ਉਨ੍ਹਾਂ ਵਲ ਦੇਖਿਆ, ਚੁੱਪ ਕਰ ਗਏ।

ਕਹਿੰਦੇ, ਮਹਾਰਾਜ! ਇਹ ਕੀ ਹੋਇਆ?

ਕਹਿੰਦੇ, ਤੁਸੀਂ ਭਜਨ ਦੇ ਬਲ ਨਾਲ ਜਿਹੜਾ ਕੁਛ ਹੋਣ ਵਾਲਾ ਹੈ ਉਹ ਦੇਖ ਲਿਆ।

ਮਹਾਰਾਜ! ਭਾਣਾ ਇਵੇਂ ਵਰਤੇਗਾ?

ਕਹਿੰਦੇ, ਹਾਂ।

ਬੱਚਿਆਂ ਨੂੰ ਤਾਂ ਬਚਾ ਲਓ?

ਕਿਤੇ ਭੇਜ ਦਿਓ, ਨਾਹਨ ਵਾਲਿਆਂ ਵਲ ਭੇਜ ਦਿਓ, ਹੋਰ ਦੂਰ-ਦਰਾਜ਼ ਸਿੱਖੀ ਹੈ ਉਥੇ ਭੇਜ ਦਿਓ, ਆਸਾਮ ਵਲ ਭੇਜ ਦਿਓ, ਰਾਜਾ ਰਤਨਰਾਇ ਵਲ ਭੇਜ ਦਿਓ, ਹੋਰ ਕਿਤੇ ਭੇਜ ਦਿਓ, ਕਹਿੰਦੇ ਇਨ੍ਹਾਂ ਦੇ ਜ਼ਿੰਮੇ ਜੋ ਡਿਊਟੀ ਲੱਗੀ ਹੈ, ਇਨ੍ਹਾਂ ਨੇ ਓਹੀ ਨਿਭਾਉਣੀ

ਹੈ।

ਫੇਰ ਮਹਾਰਾਜ! ਮੈਂ ਤਾਂ ਦੇਖ ਨਹੀਂ ਸਕਦੀ? ਮੇਰੇ ਤੋਂ ਕਿਵੇਂ ਦੇਖਿਆ ਜਾਵੇਗਾ ਸਾਰਾ ਹਾਲ?

ਕਹਿੰਦੇ, ਦੇਖੋ, ਤੁਸੀਂ ਹੋਂ ਯੋਗੀ, ਮਾਤਾ ਜੀ ਯੋਗੀ ਨੇ, ਪਿਤਾ ਜੀ ਯੋਗੀ ਸੀ। ਯੋਗੀਆਂ ਨੂੰ ਮਰਨ ਦਾ ਤੇ ਜੰਮਣ ਦਾ ਫਰਕ ਨਹੀਂ ਹੋਇਆ ਕਰਦਾ। ਜਦੋਂ ਜੀਅ ਕਰਦਾ ਹੈ ਸਰੀਰ ਛੱਡ ਕੇ ਮੌਜਾਂ ਲੈ ਸਕਦੇ ਨੇ, ਸਰੀਰ 'ਚ ਆਉਣਾ ਹੋਵੇ ਆ ਜਾਣ, ਨਹੀਂ ਆਉਣਾ ਨਾ ਵਾਪਸ ਆਉਣ। ਸਹੰਸਰਾਰ ਦਲ ਕਮਲ ਤੱਕ ਤੁਹਾਡੀ ਪਹੁੰਚ, ਉਸ ਤੋਂ ਉਪਰ ਦਸਵੇਂ ਦੁਆਰ ਤਕ ਹੋ ਗਈ ਹੈ। ਉਸ ਤੋਂ ਵੀ ਉਤੇ ਤੁਸੀਂ ਸੁੰਨ ਮੰਡਲ ਤੇ ਸਚਖੰਡ ਤੱਕ ਪ੍ਰਵੇਸ਼ ਰਖਦੇ ਓਂ। ਤੁਹਾਨੂੰ ਕੋਈ ਦੋਸ਼ ਨਹੀਂ ਹੈ, ਤੁਸੀਂ ਨਹੀਂ ਕੋਈ ਖੇਲ੍ਹ ਦੇਖਣੀ ਤਾਂ ਤੁਸੀਂ ਸਰੀਰ ਦੇ ਵਿਚੋਂ ਚਲੇ ਜਾਵੋ। ਮਾਤਾ ਜੀ ਚਲੇ ਜਾਂਦੇ ਨੇ, ਜਾ ਕੇ ਮਾਤਾ ਗੁਜਰੀ ਜੀ ਨੂੰ ਨਮਸ਼ਕਾਰ ਕਰੀ, ਇੱਕ ਥਾਂ ਬੈਠ ਗਏ, ਮਾਤਾ ਗੁਜਰੀ ਜੀ ਨੇ ਦੇਖਿਆ ਕਿ ਅੱਜ ਇਹ ਸਮਾਧੀ ਲਾ ਕੇ ਕਿਉਂ ਬੈਠ ਗਏ। ਥੋੜ੍ਹੀ ਦੇਰ ਤੋਂ ਬਾਅਦ ਜੋ ਦਾਸੀ ਸੀ ਜਾ ਕੇ ਕਹਿਣ ਲੱਗੀ, ਮਾਤਾ ਜੀਤੋ ਜੀ ਤਾਂ ਸਰੀਰ ਛੱਡ ਗਏ। ਉਸੇ ਵੇਲੇ ਗੁਰੂ ਦਸਵੇਂ ਪਾਤਸ਼ਾਹ ਨੂੰ ਖਬਰ ਦਿੱਤੀ ਗਈ। ਮਹਾਰਾਜ ਕਹਿੰਦੇ ਹਾਂ, ਇਨ੍ਹਾਂ ਨੇ ਦੇਖਣਾ ਪਸੰਦ ਨਹੀਂ ਕਰਿਆ। ਨਾਟਕ ਬੜਾ ਬਿਖੜਾ ਆ ਰਿਹਾ ਅੱਗੇ ਵਾਸਤੇ। ਸਿੱਖ ਵੀ ਡੋਲ੍ਹ ਜਾਣਗੇ। ਬੜਾ ਭਾਰਾ ਟੈਸਟ ਹੈ ਜਿਹੜਾ ਦੁਨੀਆਂ 'ਤੇ ਅੱਜ ਤੱਕ ਨਹੀਂ ਕਿਸੇ ਨੇ ਦਿੱਤਾ। ਉਹ ਟੈਸਟ ਉਹ ਪਰਚਾ ਸਾਡੇ ਉਤੇ ਪਿਆ ਹੋਇਆ ਹੈ, ਅਸੀਂ ਉਸ ਇਮਤਿਹਾਨ 'ਚੋਂ ਪਾਸ ਹੋਣਾ ਹੈ। ਸੋ ਉਸ ਵੇਲੇ ਯੁੱਧ ਜਾਰੀ ਨੇ, ਛੇ ਮਹੀਨੇ ਲੰਘ ਗਏ, ਰਾਸ਼ਨ ਰਿਹਾ ਨਾ, ਮਹਾਰਾਜ ਇੱਕ ਦਿਨ ਬਾਹਰ ਆਏ, ਦੇਖ ਕੇ ਪੁੱਛਿਆ ਕਿ ਆਹ ਦਰਖਤਾਂ ਦੇ ਪੱਤੇ ਕਿਉਂ ਨਹੀਂ ਹਨ? ਛਿੱਲਾਂ ਕਿੱਥੇ ਚਲੀਆਂ ਗਈਆਂ। ਕਹਿੰਦੇ, ਸੱਚੇ ਪਾਤਸ਼ਾਹ! ਤੇਰੇ ਪਿਆਰਿਆਂ ਨੇ ਪੱਤੇ ਉਬਾਲ-ਉਬਾਲ ਕੇ ਖਾ ਲਏ, ਕਿਉਂਕਿ ਰਾਸ਼ਨ ਨਹੀਂ ਮਿਲਦਾ। ਰਾਸ਼ਨ ਕਿੰਨਾ ਮਿਲਦਾ ਸੀ, ਇੱਕ ਮੁੱਠੀ ਤੀਸਰੇ ਦਿਨ ਜਾਂ ਤੀਸਰੇ ਦਿਨ ਮਿਲਦੀ ਸੀ ਛੋਲਿਆਂ ਦੀ, ਸਾਹਿਬਜ਼ਾਦਿਆਂ ਨੂੰ ਛੋਟੀ ਮੁੱਠੀ ਦਿੰਦੇ ਸੀਗੇ, ਮਹਾਰਾਜ ਵੀ ਇੱਕ ਦਿਨ ਛੱਡ ਕੇ ਲੈਂਦੇ ਹੁੰਦੇ ਸੀ। ਕਹਿੰਦੇ, ਪਾਤਸ਼ਾਹ! ਉਨ੍ਹਾਂ ਨੇ ਸਰੀਰ ਨੂੰ ਨਰੋਆ ਰੱਖਣ ਵਾਸਤੇ ਇਹ ਪੱਤੇ ਖਾ ਲਏ ਤੇ ਛਿੱਲ ਪੀਹ-ਪੀਹ ਕੇ ਖਾ ਗਏ। ਮਹਾਰਾਜ ਕਹਿੰਦੇ, ਖਾਲਸੇ ਨੇ ਬਹੁਤ ਵੱਡਾ ਤਪ ਕਰਿਆ ਹੈ। ਜੇ ਨਿਭ ਗਿਆ ਇਹਦਾ ਫਲ ਇੱਥੇ ਹੀ ਪਾਉਣਗੇ, ਏਸ ਸੰਸਾਰ ਦੇ ਅੰਦਰ। ਅਖੀਰ ਉਹ ਸਮਾਂ ਆ ਗਿਆ ਜਦੋਂ ਛਲ ਕਪਟ ਸ਼ੁਰੂ ਹੋ ਗਏ, ਧੋਖੇ ਨਾਲ ਚਿੱਠੀ ਲਿਖੀ ਕਿ ਮਹਾਰਾਜ ਕਿਲ੍ਹਾ ਛੱਡ ਜਾਓ, ਅਸੀਂ ਕੀ ਲੈਣਾ ਹੈ ਇੱਕ ਫਕੀਰ ਨਾਲ ਮੱਥਾ ਲਾ ਕੇ, ਹੁਣ ਤਾਂ ਸਵਾਲ ਬਣ ਗਿਆ, ਛੇ ਮਹੀਨੇ ਦੇ ਅਸੀਂ ਬੈਠੇ ਹਾਂ, ਬਾਦਸ਼ਾਹ ਵਲੋਂ ਬਾਰ-ਬਾਰ ਤਾਕੀਦ ਆਉਂਦੀ ਹੈ ਤੇ ਕਿਲ੍ਹਾ ਛੱਡ ਦਿਓ, ਸਾਡਾ ਵੀ ਮੂੰਹ ਮੱਥਾ ਬਚ ਜਾਏਗਾ ਤੇ ਤੁਹਾਨੂੰ ਫਰਕ ਕੋਈ ਨਹੀਂ, ਤੁਸੀਂ ਮਾਲਵੇ ਵਲ ਚਲੇ ਜਾਓ। ਬੇਅੰਤ ਸਿੱਖੀ ਹੈ ਉਥੇ। ਉਥੇ ਪ੍ਰਚਾਰ ਕਰ ਲਿਓ। ਚਾਹੇ ਫੇਰ ਆ ਹੀ ਜਾਣਾ ਥੋੜ੍ਹੇ ਦਿਨਾਂ 'ਚ, ਇੱਕ ਵਾਰੀ ਛੱਡ ਦਿਓ, ਉਹ ਜਿਸ ਵਕਤ ਗੱਲ ਹੋਈ, ਉਸ ਵੇਲੇ ਵਿਚਾਰਾਂ ਹੋਣੀਆਂ ਸ਼ੁਰੂ ਹੋ ਗਈਆਂ ਕਿ ਕਿਲ੍ਹਾ ਛੱਡ ਦੇਣਾ ਚਾਹੀਦਾ ਹੈ। ਅਖੀਰ ਇਕੱਠ ਹੋ ਗਿਆ, ਸਾਰੇ ਇਕੱਠੇ ਹੋ ਕੇ ਆਏ। ਬਹੁਤ ਐਸੇ chance ਸੰਤਾਂ ਦੇ ਜੀਵਨ 'ਚ ਆਉਂਦੇ ਨੇ, ਗੁਰੂਆਂ ਦੇ ਵੀ, ਵੱਡੇ-ਵੱਡੇ ਲੀਡਰਾਂ ਦੇ, ਜਦੋਂ ਸਾਰੇ ਇੱਕ ਰਾਏ ਹੋ ਕੇ ਆਪਣੀ ਰਾਏ ਦੇਣ ਆਉਂਦੇ ਨੇ।

ਮਹਾਰਾਜ ਕਹਿੰਦੇ, ਕਿਵੇਂ ਆਏ?

ਕਹਿੰਦੇ ਮਹਾਰਾਜ! ਦੇਖੋ, ਚਿੱਠੀ ਆ ਗਈ ਹੈ, ਬੜਾ ਸੁਨਹਿਰੀ ਮੌਕਾ ਹੈ, ਦਿੱਕਤਾਂ 'ਚੋਂ ਬਚ ਜਾਣ ਦਾ, ਸੰਕਟਾਂ 'ਚੋਂ ਲੰਘ ਜਾਣ ਦਾ, ਰਾਸ਼ਨ ਹੈ ਨਹੀਂ, ਭੁੱਖ ਨਾਲ ਇਨ੍ਹਾਂ ਸਾਰਿਆਂ ਨੇ ਚੜ੍ਹਾਈ ਕਰ ਜਾਣੀ ਹੈ। ਦੇਖੋ, ਵੱਡੇ-ਵੱਡੇ ਜਿਹੜੇ ਸਾਡੇ ਕੋਲ ਹਾਥੀ ਵਗੈਰਾ ਸੀ, ਸਭ ਮਰ ਚੁੱਕੇ ਨੇ, ਕੋਈ ਚੀਜ਼ ਨਹੀਂ ਖਾਣ ਨੂੰ, ਕੋਠੇ ਬਿਲਕੁਲ ਖਾਲੀ ਹੋ ਗਏ ਨੇ, ਜਿਹੜਾ ਥੋੜ੍ਹਾ ਜਿਹਾ ਰਾਸ਼ਨ ਹੈ ਦੋ ਚਾਰ ਦਿਨ 'ਚ ਉਹ ਵੀ ਖਤਮ ਹੋ ਜਾਏਗਾ। ਫੇਰ ਤਾਂ ਇੱਕ ਦਾਣਾ ਵੀ ਨਹੀਂ ਮਿਲਣਾ, ਬਾਹਰੋਂ ਆ ਨਹੀਂ ਰਿਹਾ। ਚੰਗਾ ਇਹ ਹੈ ਕਿ ਇਨ੍ਹਾਂ ਦੀ ਗੱਲ ਮੰਨ ਲਈਏ।

ਮਹਾਰਾਜ ਕਹਿੰਦੇ, ਸਾਰਾ ਹੀ ਧੋਖਾ ਹੈ। ਮਾਤਾ ਜੀ ਆ ਗਏ। ਉਨ੍ਹਾਂ ਨੇ ਵੀ ਕਿਹਾ ਕਿ ਮਾਤਾ ਜੀ! ਧੋਖਾ ਹੈ। ਤੁਹਾਨੂੰ ਦਿਖਾ ਦਿੰਦੇ ਹਾਂ। ਰਾਤ ਨੂੰ ਗੱਡਿਆਂ ਦੇ ਅੰਦਰ ਜਿੰਨਾਂ ਕੂੜ-ਕਬਾੜ ਸੀ ਭਰ ਕੇ ਉਤੇ ਮਖਮਲੀ ਵੱਡੇ-ਵੱਡੇ ਦੁਸ਼ਾਲੇ ਦੇ ਦਿੱਤੇ, ਮਿਸਾਲਾਂ ਜਲਾ ਦਿੱਤੀਆਂ, ਬਲਦਾਂ ਦੇ ਸਿੰਗ ਰੇਸ਼ਮੀ ਕੱਪੜਿਆਂ ਨਾਲ ਬੰਨ੍ਹ ਦਿੱਤੇ, ਗੱਡਿਆਂ 'ਤੇ ਤੋਰ ਦਿੱਤੇ, ਘੁੰਗਰੂ ਖੜਕਦੇ ਜਾਂਦੇ ਨੇ, ਟੱਲ੍ਹ ਖੜਕਦੇ ਜਾਂਦੇ ਨੇ, ਪਤਾ ਲਗ ਗਿਆ ਕਿ ਗੁਰੂ ਕਾ ਮਾਲ ਜਾ ਰਿਹਾ ਹੈ, ਨੱਠ ਕੇ ਪੈ ਗਏ ਉਸ 'ਤੇ। ਜਦੋਂ ਬੋਰੀਆਂ ਖੋਲ੍ਹੀਆਂ, ਹੋਰ ਖੋਲ੍ਹਿਆ ਸਮਾਨ, ਕੀ ਨਿਕਲਦਾ ਹੈ ਟੁੱਟੇ ਹੋਏ ਛਿੱਤਰ, ਹੋਰ ਪੁਰਾਣੀਆਂ ਚੀਜ਼ਾਂ। ਬੜੇ ਸ਼ਰਮਿੰਦੇ ਹੋਏ ਤੇ ਅਫਸਰਾਂ ਨੇ ਦੂਜੇ ਦਿਨ ਹੀ ਮਹਾਰਾਜ ਕੋਲ ਸੁਨੇਹਾ ਭੇਜ ਦਿੱਤਾ ਕਿ ਆਹ ਸਿਪਾਹੀਆਂ ਨੇ ਜਿਹੜੀ ਗਲਤੀ ਕਰੀ ਹੈ ਅਸੀਂ ਉਨ੍ਹਾਂ ਨੂੰ ਦੰਡ ਦੇ ਦਿੱਤਾ। ਅਸੀਂ ਬੜੀ ਈਮਾਨਦਾਰੀ ਨਾਲ ਕਹਿੰਦੇ ਹਾਂ। ਉਸ ਤੋਂ ਥੋੜ੍ਹੇ ਦਿਨਾਂ ਬਾਅਦ ਫੇਰ ਇਕੱਠ ਹੋਇਆ, ਇਹ ਗੱਲ ਚਲਦੀ ਰਹੀ। ਬਹੁਤ ਸਾਰਿਆਂ ਨੇ ਇਹ ਗੱਲ ਕਹੀ ਕਿ ਮਹਾਰਾਜ! ਦੇਖੋ, ਅਸੀਂ ਵੀ ਮਨੁੱਖ ਹਾਂ, ਸਾਨੂੰ ਵੀ ਅਕਲ ਹੈ। ਮਹਾਰਾਜ ਕਹਿੰਦੇ, ਤੁਸੀਂ ਸਿੱਖ ਓਂ ਕਿ ਗੁਰੂ ਓਂ? ਕਹਿੰਦੇ, ਮਹਾਰਾਜ! ਹਾਂ ਤਾਂ ਸਿੱਖ, ਪਰ ਸਾਨੂੰ ਇਹ ਤਾਂ ਪਤਾ ਹੈ ਨਾ ਕਿ ਬਿਪਤਾ 'ਚੋਂ ਕਿਵੇਂ ਬਚ ਜਾਈਦਾ ਹੈ। ਕਿਲ੍ਹਾ ਛੱਡ ਦਿਓ। ਮਹਾਰਾਜ ਕਹਿੰਦੇ, ਜੇ ਕਿਲ੍ਹਾ ਛੱਡਣਾ ਹੈ, ਭਾਈ ਲਿਖ ਕੇ ਦੇ ਦਿਓ ਕਿ ਨਾ ਤੂੰ ਸਾਡਾ ਗੁਰੂ ਤੇ ਨਾ ਅਸੀਂ ਤੇਰੇ ਸਿੱਖ। ਦਸਤਖਤ ਹੋਣੇ ਸ਼ੁਰੂ ਹੋ ਗਏ। ਬਹੁਤ ਸਾਰੇ ਨਿਕਲ ਗਏ, ਉਸ ਤੋਂ ਬਾਅਦ ਜਿਹੜੇ ਅੰਦਰ ਰਹਿ ਗਏ, ਉਹ ਦ੍ਰਿੜ੍ਹ ਨਿਸ਼ਚੇ ਨਾਲ ਨੇ ਲੇਕਿਨ ਸੋਚਦੇ ਨੇ ਕਿ ਕੋਈ ਤਰੀਕਾ ਐਸਾ ਹੋਵੇ, ਜਿਹਦੇ ਨਾਲ ਬਚਾਓ ਹੋ ਜਾਵੇ। ਅਖੀਰ ਦਿੱਲੀ ਤੋਂ ਚਿੱਠੀ ਆਈ, ਮੋਹਰ ਲੱਗੀ ਹੋਈ ਬਾਦਸ਼ਾਹ ਦੀ, ਕੁਰਾਨ ਸ਼ਰੀਫ ਰੱਖਿਆ ਹੋਇਆ, ਗਊ ਆਟੇ ਦੀ ਬਣਾ ਕੇ ਰੱਖੀ ਹੋਈ, ਪੋਥੀਆਂ ਰੱਖੀਆਂ ਹੋਈਆਂ, ਤਿਲਕ ਰੱਖਿਆ ਹੋਇਆ, ਜੰਞੂ ਨਾਲ ਰੱਖ ਕੇ ਭੇਜਿਆ। ਪਹਾੜੀ ਰਾਜਿਆਂ ਨੇ ਸਹੁੰ ਖਾਧੀ, ਮੁਗਲ ਫੌਜਾਂ ਨੇ ਸਹੁੰ ਖਾਧੀ ਕਿ ਅਸੀਂ ਅੱਲਾ ਤਾਲਾਹ ਨੂੰ ਜਾਮਨ ਦੇ ਕੇ ਇਹ ਬਾਤ ਆਪ ਨੂੰ ਪ੍ਰਗਟ ਕਰਦੇ ਹਾਂ ਕਿ ਕਿਲ੍ਹਾ ਛੱਡ ਜਾਓ, ਲੜਾਈ ਝਗੜਾ

ਸਾਡਾ ਤੁਹਾਡੇ ਨਾਲ ਕੋਈ ਨਹੀਂ, ਸਾਡਾ ਕਾਹਦਾ ਝਗੜਾ ਤੁਹਾਡੇ ਨਾਲ, ਤੁਸੀਂ ਕੋਈ ਦੇਸ਼ ਮੱਲੀਂ ਬੈਠੇ ਓਂ? ਕਿਲ੍ਹੇ ਦਾ ਰੌਲਾ ਹੈ।

ਉਸ ਵੇਲੇ ਸਿੰਘਾਂ ਦਾ ਇਕੱਠ ਹੋਇਆ, ਮਹਾਰਾਜ ਜੀ ਨੂੰ ਸਾਰੇ ਕਹਿਣ ਲੱਗੇ। ਮਹਾਰਾਜ ਕਹਿੰਦੇ, ਦੇਖੋ ਪਹਿਲਾਂ ਵੀ ਧੋਖਾ ਸੀ, ਹੁਣ ਵੀ ਧੋਖਾ ਹੈ। ਰਾਜੇ ਦਾ ਕਦੇ ਇਤਬਾਰ ਨਹੀਂ ਕਰੀਦਾ। ਰਾਜੇ ਦੀ ਜ਼ੁਬਾਨ ਨਹੀਂ ਹੋਇਆ ਕਰਦੀ, ਬੰਦੇ ਦੀ ਹੋਇਆ ਕਰਦੀ। ਰਾਜਾ ਹਿਤ ਦਾ ਹੁੰਦਾ ਹੈ, ਹਿਤ ਪੁੱਗ ਗਿਆ ਤਾਂ ਜ਼ੁਬਾਨ; ਜੇ ਹਿਤ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਉਥੇ ਹੀ ਜ਼ੁਬਾਨ ਤੋੜ ਦਏਗਾ। ਲਿਖੇ ਹੋਏ ਅਹਿਦਨਾਮੇ ਟੁੱਟ ਜਾਂਦੇ ਨੇ। ਬੜਾ ਸਮਝਾਇਆ ਮਹਾਰਾਜ ਨੇ। ਕੋਈ ਨਾ ਸਮਝਿਆ। ਜਿਹੜੇ ਸਿੱਖ ਸਿਦਕ ਵਾਲੇ ਉਹ ਚੁੱਪ ਕਰੇ ਬੈਠੇ ਨੇ। ਜਿਸ ਵਕਤ ਪੁੱਛਿਆ ਮਹਾਰਾਜ ਜੀ ਨੇ, ਬਹੁਤ ਸਾਰਿਆਂ ਨੇ ਤਾਂ ਕਿਹਾ ਕਿ ਮਹਾਰਾਜ! ਕਿਲ੍ਹਾ ਛੱਡ ਦੇਣਾ ਚਾਹੀਦਾ ਹੈ। ਜਿਹੜੇ ਸਿਦਕੀ ਸੀ ਉਹ ਕਹਿਣ ਲੱਗੇ ਕਿ ਪਾਤਸ਼ਾਹ! ਅਸੀਂ ਤਾਂ ਤੇਰੇ ਉਤੇ ਵਿਕ ਗਏ ਹਾਂ ਸਾਡਾ ਤਾਂ ਆਪਣਾ ਬਿਕਾਇਆ ਰਿਹਾ ਕੋਈ ਨਹੀਂ। ਇਹ ਜਿਹੜੇ ਸੀਸ ਨੇ ਜਿੱਥੇ ਤੇਰਾ ਜੀਅ ਕਰਦਾ ਹੈ ਲਾ ਦੇ, ਚਾਹੇ ਇਨ੍ਹਾਂ ਨੂੰ ਰੱਖ ਲਿਆ।

ਅਖੀਰ ਐਸਾ ਇਤਿਹਾਸ ਵਿਚ ਆਉਂਦਾ ਹੈ ਕਿ ਮਾਤਾ ਜੀ ਨੂੰ ਕਿਹਾ ਕਿ ਸਾਹਿਬਜ਼ਾਦੇ ਛੋਟੇ ਲੈ ਕੇ ਤੁਰ ਪਵੋ। ਆਪੇ ਹੀ ਆਉਣਗੇ ਪਿੱਛੇ। ਮਹਾਰਾਜ ਨੇ ਕਿਹਾ, ਗੁਰਸਿੱਖੋ! ਸੱਤ ਦਿਨ ਹੋਰ ਠਹਿਰੋ। ਕਹਿਣ ਲੱਗੇ, ਸੱਚੇ ਪਾਤਸ਼ਾਹ! ਅੱਗੇ ਛੇ ਮਹੀਨੇ 'ਚ ਕੁਛ ਨਹੀਂ ਬਣਿਆ, ਹੁਣ ਸੱਤਾਂ ਦਿਨਾਂ 'ਚ ਕੀ ਬਣ ਜਾਣਾ ਹੈ। ਫੌਜ ਤਾਂ ਉਵੇਂ ਜਿਵੇਂ ਬੈਠੀ ਹੈ ਆਲੇ-ਦੁਆਲੇ, ਇੱਥੇ ਖਾਣ ਪੀਣ ਨੂੰ ਕੁਛ ਹੈ ਨਹੀਂ। ਐਨੀਆਂ ਦਿੱਕਤਾਂ ਪੈ ਗਈਆਂ, ਐਡਾ ਸਖਤ ਇਮਤਿਹਾਨ ਹੋ ਗਿਆ, ਉਹਦੇ 'ਚੋਂ ਪਾਸ ਹੋਣਾ ਹੀ ਔਖਾ ਹੋ ਗਿਆ, ਭਾਈ ਦਇਆ ਸਿੰਘ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਦੱਸੋ? ਕਹਿੰਦੇ ਕਿ ਸੱਚੇ ਪਾਤਸ਼ਾਹ! ਅਸੀਂ ਤਾਂ ਹਾਂ ਹੀ ਨਹੀਂ, ਤੁਹਾਡੀ ਜਿਵੇਂ ਰਜ਼ਾ ਹੈ ਅਸੀਂ ਉਸ ਤਰ੍ਹਾਂ ਹੀ ਚੱਲਾਂਗੇ। ਲੇਕਿਨ ਕੁਛ ਐਸੇ ਨਿਕਲੇ ਜਿਨ੍ਹਾਂ ਨੇ ਸਮਾਨ ਲੱਦਣਾ ਸ਼ੁਰੂ ਕਰ ਦਿੱਤਾ। ਮਾਤਾ ਜੀ ਜਦੋਂ ਸਾਹਿਬਜ਼ਾਦਿਆਂ ਨੂੰ ਲੈ ਕੇ ਜਦੋਂ ਤੁਰਨ ਲੱਗੇ, ਮਹਾਰਾਜ! ਕਹਿੰਦੇ, ਮਾਤਾ ਜੀ! ਜਾਂਦੇ ਤਾਂ ਤੁਸੀਂ ਹੋਂ, ਪਰ ਅੱਗੇ ਸੰਕਟ ਬਹੁਤ ਪਏ ਨੇ। ਇਹ ਤੁਹਾਨੂੰ ਫੇਰ ਸਾਡੀ ਗੱਲ ਚੇਤੇ ਆਏਗੀ। ਚੰਗਾ ਜੇ ਤੁਹਾਡੀ ਰਜ਼ਾ ਇਸ ਤਰ੍ਹਾਂ ਹੀ ਹੈ ਤਾਂ ਸਾਨੂੰ ਵੀ ਕੋਈ ਇਤਰਾਜ਼ ਨਹੀਂ। ਦੂਸਰੀ ਬਾਤ ਇਹ ਹੈ ਕਿ ਇਸ ਵੇਲੇ ਇਨ੍ਹਾਂ ਨੇ ਕੁਰਾਨ ਸ਼ਰੀਫ ਰੱਖ ਕੇ ਭੇਜਿਆ ਹੈ, ਸਾਨੂੰ ਪਤਾ ਹੈ ਕਿ ਇਹ ਧੋਖਾ ਦੇ ਰਹੇ ਨੇ, ਨਾਸਤਕ ਲੋਕ ਨੇ। ਲੇਕਿਨ ਸਾਡੇ ਮੂਹਰੇ ਇਕ ਬੜੀ ਭਾਰੀ ਸਮੱਸਿਆ ਆ ਗਈ ਹੈ, ਉਹ ਇਹ ਹੈ ਕਿ ਧਰਮ ਗ੍ਰੰਥ ਦਾ ਅਸੀਂ ਆਦਰ ਕਰਨਾ ਹੈ, ਦੁਨੀਆਂ ਦੇ ਜਿੰਨੇ ਧਰਮ ਗ੍ਰੰਥ ਨੇ ਉਨ੍ਹਾਂ ਸਾਰਿਆਂ ਦਾ ਆਦਰ ਕਰਨਾ ਹੈ, ਚਲੋ ਅਸੀਂ ਇਸ ਆਦਰ ਦੇ ਨਮਿੱਤ ਕਿਲ੍ਹਾ ਛੱਡ ਦਿੰਦੇ ਹਾਂ। ਕਿਲ੍ਹਾ ਛੱਡਣ ਲਈ ਘੰਟੇ, ਦੋ ਘੰਟਿਆਂ ਬਾਅਦ ਵਾਰੀ-ਵਾਰੀ ਤੁਰ ਪਏ। ਸਵਾ ਪਹਿਰ ਜਦੋਂ ਰਾਤ ਲੰਘ ਗਈ ਤਾਂ ਉਸ ਵੇਲੇ ਗੁਰੂ ਮਹਾਰਾਜ ਜੀ ਪੰਜ ਸੌ ਸਿੰਘ ਨਾਲ ਹੈ ਤੇ ਚੱਲ ਪੈਂਦੇ, ਹਨ੍ਹੇਰ ਗੁਬਾਰ ਹੋਈ-ਹੋਈ ਹੈ, ਹੱਥ ਮਾਰਿਆਂ ਕੁਛ ਲੱਭਦਾ ਨਹੀਂ। ਜਿਸ ਵਕਤ ਰੌਲਾ-ਗੌਲਾ ਸੁੰਨ ਹੋ ਗਿਆ, ਉਸ ਵੇਲੇ ਫੌਜਾਂ ਇੱਕ ਦਮ ਅਨੰਦਪੁਰ ਸਾਹਿਬ ਟੁੱਟ ਕੇ ਪੈ ਗਈਆਂ, ਲੁੱਟਣ ਵਾਸਤੇ। ਉਥੇ ਮਹਾਰਾਜ ਨੇ ਛੱਡਿਆ ਹੀ ਕੁਛ ਨਹੀਂ ਸੀ। ਉਸ ਤੋਂ ਬਾਅਦ ਉਹ ਕਹਿਣ ਲੱਗੇ ਜਿਹੜੇ ਜਰਨੈਲ ਸੀ ਕਿ ਦੇਖੋ, ਇਸ ਤੋਂ ਵੱਧ ਮੌਕਾ ਕਦੇ ਨਹੀਂ ਮਿਲਣਾ, ਓਧਰ ਸਰਸਾ ਦਰਿਆ ਹੈ, ਏਧਰ ਆਪਾਂ ਹਾਂ, ਵਿਚਾਲੇ ਘੇਰ ਕੇ ਗੁਰੂ ਗੋਬਿੰਦ ਸਿੰਘ ਨੂੰ ਸ਼ਹੀਦ ਕਰ ਦਿਓ। ਬੜਾ ਭਾਰਾ ਇਨਾਮ ਪਾਵਾਂਗੇ। ਨਾ ਕਸਮ ਦੀ ਲਿਹਾਜ਼ ਨਾ ਕੋਈ ਬਚਨ ਦੀ ਲਿਹਾਜ਼।

ਉਸ ਵੇਲੇ ਹੱਲਾ ਹੋ ਜਾਂਦਾ ਹੈ। ਸਾਹਿਬ ਅਜੀਤ ਸਿੰਘ ਜੀ ਪੰਜ ਸੌ ਸਿੰਘ ਲੈ ਕੇ ਰੋਕਦੇ ਨੇ। ਬੜਾ ਭਾਰੀ ਘਮਸਾਨ ਦਾ ਯੁੱਧ ਹੁੰਦਾ ਹੈ। ਗੁਰੂ ਮਹਾਰਾਜ ਨੇ ਭਾਈ ਆਲਮ ਸਿੰਘ ਨੂੰ ਕਿਹਾ, ਦੂਜਿਆਂ ਨੂੰ ਕਿਹਾ ਕਿ ਸਾਹਿਬ ਅਜੀਤ ਸਿੰਘ ਨੂੰ ਲਿਆਓ ਸਾਡੇ ਕੋਲ। ਉਸ ਥਾਂ ਬਹੁਤ ਡੱਟ ਕੇ ਮੁਕਾਬਲਾ ਹੋਇਆ ਜੀਵਨ ਸਿੰਘ ਵੀ ਉਸ ਥਾਂ ਦੇ ਉਤੇ ਸ਼ਹੀਦ ਹੋ ਗਿਆ। ਸਰਸੇ ਨੂੰ ਲੰਘਣ ਵੇਲੇ ਸਾਰਾ ਹੀ ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਮਾਤਾਵਾਂ ਇੱਕ ਪਾਸੇ ਹੋ ਗਈਆਂ, ਮਾਤਾ ਗੁਜਰੀ ਜੀ ਦੋਵੇਂ ਸਾਹਿਬਜ਼ਾਦਿਆਂ ਨੂੰ ਲੈ ਕੇ ਇੱਕ ਪਾਸੇ ਹੋ ਗਏ। ਗੁਰੂ ਮਹਾਰਾਜ ਜੀ ਸਰਸੇ ਤੋਂ ਪਾਰ ਲੰਘੇ। ਉਸ ਤੋਂ ਬਾਅਦ ਜਦੋਂ ਇਕੱਠ ਹੋਇਆ, ਥੋੜ੍ਹੇ ਸਿੰਘ ਹੋਰ ਰਲੇ, ਉਹ ਕਹਿੰਦੇ ਸੱਚੇ ਪਾਤਸ਼ਾਹ! ਸਰਸੇ ਨੇ ਤਾਂ ਸਭ ਕੁਛ ਰੋੜ੍ਹ ਦਿੱਤਾ। ਬਹੁਤ ਸਿੰਘ ਲੰਘੇ ਕਿਉਂਕਿ ਜ਼ੋਰ ਪੈ ਰਿਹਾ ਸੀ ਪਿੱਛੋਂ, ਉਸ ਵੇਲੇ ਮਹਾਰਾਜ ਜੀ ਨੂੰ ਕਹਿਣ ਲੱਗੇ ਕਿ ਫੌਜ ਪਾਰ ਹੋਣ ਦੀਆਂ ਤਿਆਰੀਆਂ ਕਰ ਰਹੀ ਹੈ, ਸਰਸਾ ਥੋੜ੍ਹਾ ਉਤਰ ਰਿਹਾ ਹੈ, ਆਪ ਬੰਦੋਬਸਤ ਕਰੋ। ਮਹਾਰਾਜ ਜੀ ਰੋਪੜ ਦੇ ਵਿੱਚ ਆ ਕੇ ਨਿਹੰਗ ਖਾਂਨ ਨੂੰ, ਬਚਿੱਤਰ ਸਿੰਘ ਉਨ੍ਹਾਂ ਕੋਲ ਸੰਭਾਲਦੇ ਨੇ, ਕਿਉਂਕਿ ਬਹੁਤੇ ਜ਼ਖਮੀ ਸੀ। ਉਸ ਤੋਂ ਬਾਅਦ ਆਪ ਚਮਕੌਰ ਸਾਹਿਬ ਚਲੇ ਜਾਂਦੇ ਨੇ। ਇਨ੍ਹਾਂ ਦਿਨਾਂ ਦੇ ਅੰਦਰ ਬਹੁਤ ਭਿਆਨਕ ਯੁੱਧ ਹੋ ਰਿਹਾ। ਇਹ ਸਿੱਖ ਇਤਿਹਾਸ ਦਾ ਕਰਬਲਾ ਦਾ ਦਿਨ ਹੈ, ਇਹ ਜਿਹੜੇ ਹੈਗੇ। ਇਹਦੇ ਉਤੇ ਸਿੱਖੀ ਪਰਖੀ ਗਈ ਪੂਰੀ ਤਰ੍ਹਾਂ ਨਾਲ। ਕਿਉਂਕਿ ਬਚਨਾਂ ਨੂੰ ਕਰ ਲੈਣਾ, ਇਹ ਹੋਰ ਗੱਲ ਹੈ, ਰੱਬ ਨੂੰ ਮਿਲ ਜਾਣਾ ਹੋਰ ਗੱਲ ਹੈ, ਪਰ ਰੱਬ ਨੂੰ ਮਿਲ ਕੇ ਰੱਬ ਵਰਗਾ ਜੀਵਨ ਗੁਜ਼ਾਰ ਦੇਣਾ, ਉਹ ਔਖਾ ਹੈ –

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

ਅੰਗ – ੬੮

ਸੋ ਇਸ ਤਰ੍ਹਾਂ ਦੇ ਨਾਲ ਭਿਆਨਕ ਯੁੱਧ ਹੁੰਦਾ ਹੈ, ਚਮਕੌਰ ਸਾਹਿਬ ਦੇ ਅੰਦਰ, ਬਹੁਤ ਭਿਆਨਕ, ਚਾਲੀ ਸਿੰਘ ਨੇ ਤੇ ਬਾਹਰਲੇ ਪਾਸੇ ਫੌਜ ਤਾਜ਼ਾ ਦਮ ਵੀ ਆ ਗਈ, ਉਸ ਵੇਲੇ ਬਹੁਤ ਵਧ-ਵਧ ਕੇ, ਅੱਗੇ ਹੋ-ਹੋ ਕੇ ਲੜਦੇ ਨੇ, ਪਹਿਲਾਂ ਸਾਰਿਆਂ ਤੋਂ ਦੋ ਸਿੰਘ ਗੇਟ ਵਾਲੇ ਜ਼ਖਮੀ ਹੋ ਗਏ ਸੀ। ਫੇਰ ਇੱਕ ਸਿੰਘ ਬਾਹਰ ਨਿਕਲ ਗਿਆ, ਫੇਰ ਪੰਜ-ਪੰਜ ਨਿਕਲਦੇ ਰਹੇ, ਸ਼ਾਮ ਤੱਕ ਯੁੱਧ ਹੁੰਦਾ ਰਿਹਾ। ਜਿਸ ਵਕਤ ਸ਼ਾਮ ਪੈ ਗਈ, ਉਸ ਵੇਲੇ ਪੰਜ ਸਿੰਘ ਬਚੇ ਕਿਲ੍ਹੇ ਦੇ ਅੰਦਰ, ਕਈ ਅੱਠ ਕਹਿੰਦੇ ਨੇ; ਉਸ ਵੇਲੇ ਪੰਜਾਂ ਨੇ ਇਕੱਠੇ ਹੋਏ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਕੱਲ੍ਹ ਨੂੰ ਜੰਗ ਕਰਾਂਗੇ। ਤੁਸੀਂ ਨਾ ਕਰਿਓ, ਅਸੀਂ ਇਕੱਲੇ ਬਾਹਰ ਨਿਕਲਾਂਗੇ, ਤੁਸੀਂ ਸਾਡਾ ਯੁੱਧ ਦੇਖਿਓ ਤੁਸੀਂ ਅੱਖਾਂ ਨਾਲ ਕਿ ਅਸੀਂ ਕਿਵੇਂ

ਕਰਨਾ ਹੈ। ਉਹ ਕਹਿੰਦੇ, ਸੱਚੇ ਪਾਤਸ਼ਾਹ! ਸਾਡੇ ਵਰਗੇ ਲੱਖਾਂ ਮਾਰੇ ਜਾਣ, ਕੋਈ ਫਰਕ ਨਹੀਂ ਪੈਂਦਾ। ਜੇ ਗੁਰੂ ਦਸ਼ਮੇਸ਼ ਪਿਤਾ ਸ਼ਹੀਦ ਹੋ ਗਏ, ਫੇਰ ਸਿੱਖ ਕਿੱਥੋਂ ਬਣਨਗੇ। ਖਾਲਸਾ ਕਿੱਥੋਂ ਹੋਏਗਾ। ਇਹ ਤਾਂ ਇੱਥੇ ਹੀ ਸਾਰਾ ਖਤਮ ਹੋ ਗਿਆ। ਪੰਜਾਂ ਨੇ ਉਸ ਵੇਲੇ ਹੁਕਮ ਦਿੱਤਾ ਮਹਾਰਾਜ ਨੂੰ ਕਿ ਅਸੀਂ ਪੰਜ ਸਿੰਘ; ਤੁਸੀਂ ਬਚਨ ਕੀਤਾ ਹੈ ਕਿ ਜਿੱਥੇ ਪੰਜ ਸਿੰਘ ਹੋਣਗੇ, ਉਥੇ ਮੈਂ ਵਰਤਾਂਗਾ। ਸੋ ਸੱਚੇ ਪਾਤਸ਼ਾਹ! ਤੁਸੀਂ ਹੁਣ ਚਾਹੇ ਸ਼ਕਤੀ ਵਰਤੋ, ਚਾਹੇ ਇਨਸਾਨੀ ਤਾਕਤ ਵਰਤੋ, ਪਰ ਕਿਲ੍ਹੇ 'ਚੋਂ ਨਿਕਲ ਕੇ ਜਾ ਕੇ ਦੁਬਾਰਾ ਪੰਥ ਦੀ ਸਾਜਨਾ ਕਰੋ, ਅਸੀਂ ਇੱਥੇ ਯੁੱਧ ਕਰਾਂਗੇ ਆਖਰੀ ਦਮ ਤੱਕ। ਸੋ ਉਸ ਵੇਲੇ ਮਹਾਰਾਜ ਜੀ ਨੇ ਕਿ ਠੀਕ ਹੈ ਕਿ ਮੈਂ ਖਾਲਸੇ ਨੂੰ ਕੁਛ ਦੇਣਾ ਚਾਹੁੰਦਾ ਹਾਂ, ਉਨ੍ਹਾਂ ਪ੍ਰਕਰਮਾ ਕਰਕੇ, ਐਸਾ ਲਿਖਿਆ ਹੈ ਕਿ ਸੰਤ ਸਿੰਘ ਨੂੰ ਕਲਗੀ ਦਿੱਤੀ, ਨਾਲ ਸਮਝਾ ਦਿੱਤਾ ਕਿ ਤੇਰੀ ਸ਼ਕਲ ਮੇਰੇ ਨਾਲ ਰਲਦੀ ਹੈ, ਬੜਾ ਸਮਾਂ ਮਿਲ ਜਾਏਗਾ ਇਹ ਨਿਰਣਾ ਹੋਣ ਵਾਸਤੇ ਕਿ ਮੈਂ ਸ਼ਹੀਦ ਹੋਇਆ ਹਾਂ ਕਿ ਮੈਂ ਜੀਉਂਦਾ ਚਲਿਆ ਗਿਆ। ਨਾਲ ਮਹਾਰਾਜ ਜੀ ਨੇ ਕਿਹਾ ਕਿ ਦੇਖੋ, ਅਸੀਂ ਚੋਰਾਂ ਵਾਂਗਣ ਨਹੀਂ ਜਾਣਾ, ਕਲੰਕ ਲਗ ਜਾਏਗਾ, ਅਸੀਂ ਸੂਰਮਿਆਂ ਵਾਂਗਣ ਨਿਕਲਣਾ ਹੈ। ਜਦੋਂ ਮਹਾਰਾਜ ਜੀ ਆਏ ਤਾੜੀ ਸਾਹਿਬ, ਉਥੇ ਆ ਕੇ ਤਿੰਨ ਵਾਰੀ ਉੱਚੀ ਆਵਾਜ਼ ਵਿਚ ਕਿਹਾ ਕਿ ਹਿੰਦੂਆਂ ਦਾ ਪੀਰ ਜਾ ਰਿਹਾ ਹੈ, 'ਹਿੰਦ ਪੀਰ ਮੇ ਰਵੀ', ਤਿੰਨ ਵਾਰੀ ਐਨੇ ਉੱਚੇ ਬੋਲੇ ਕਿ ਮਿਸਾਲਾਂ ਵਾਲੇ ਨੱਠ ਕੇ ਆਏ, ਮਹਾਰਾਜ ਜੀ ਨੇ ਬਾਣ ਮਾਰੇ ਤੇ ਉਸ ਤੋਂ ਬਾਅਦ ਘਮਸਾਨ ਦਾ ਯੁੱਧ ਆਪਸ ਵਿਚ ਹੁੰਦਾ ਰਿਹਾ, ਤਾਰੇ ਦੀ ਸੇਧ ਮਹਾਰਾਜ ਜੀ ਨੇ ਦੱਸੀ ਹੋਈ ਸੀ ਭਾਈ ਦਇਆ ਸਿੰਘ, ਭਾਈ ਮਾਨ ਸਿੰਘ, ਭਾਈ ਧਰਮ ਸਿੰਘ ਨੂੰ ਓਸ ਸੇਧ 'ਤੇ ਮਹਾਰਾਜ ਕਹਿੰਦੇ ਤੁਸੀਂ ਤੁਰ ਆਇਓ, ਐਧਰ ਹੋ ਜਾਓ, ਓਧਰ ਹੋ ਜਾਓ, ਮਹਾਰਾਜ ਕਹਿੰਦੇ, ਤੁਸੀਂ ਸੇਧ ਨਾ ਛੱਡਿਓ। ਆਪਾਂ ਮਿਲ ਜਾਵਾਂਗੇ ਸਵੇਰੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਇਸ ਭਿਆਨਕ ਯੁੱਧ 'ਚੋਂ ਨਿਕਲਣ ਤੋਂ ਬਾਅਦ ਮਾਛੀਵਾੜੇ ਜਾਂਦੇ ਨੇ ਗੁਲਾਬੇ ਦੇ, ਉਸ ਤੋਂ ਬਾਅਦ ਗਨੀ ਖਾਂ, ਨਬੀ ਖਾਂ ਲੈ ਜਾਂਦੇ ਨੇ, ਉੱਚ ਦਾ ਪੀਰ ਬਣਾ ਕੇ, ਮਹਾਰਾਜ ਜੀ ਮਾਲਵੇ ਵਲ ਨੂੰ ਜਾਂਦੇ, ਅੱਜ ਰਾਏਕੋਟ, ਰਾਏ ਕੱਲੇ ਦੇ ਪਾਸ ਜੋ ਮੁਸਲਮਾਨ ਹਾਕਮ ਹੈ, ਉਥੇ ਆਪ ਗਏ। ਜਦੋਂ ਉਹਨੂੰ ਪਤਾ ਲੱਗਿਆ ਤਾਂ ਬਹੁਤ ਸ਼ਰਧਾ 'ਤੇ ਪਿਆਰ ਨਾਲ ਗੁਰੂ ਮਹਾਰਾਜ ਜੀ ਨੂੰ ਲੈਣ ਵਾਸਤੇ ਆਉਂਦਾ ਹੈ। ਟਿਕਾਣਾ ਕਰਾਇਆ ਤਾਂ ਉਸ ਤੋਂ ਬਾਅਦ ਮਹਾਰਾਜ ਜੀ ਨੇ ਕਿਹਾ ਕਿ ਰਾਏ ਕੱਲਾ! ਕੋਈ ਸਹੀ ਬੰਦਾ ਦੇ ਜਿਹੜਾ ਸਹੀ ਖਬਰ ਸਰਹੰਦ ਜਾ ਕੇ ਲੈ ਆਵੇ। ਉਹਨੇ ਕਿਹਾ ਕਿ ਮਹਾਰਾਜ! ਬਹੁਤ ਪਿਆਰ ਕਰਨ ਵਾਲਾ ਤੇ ਵਿਸ਼ਵਾਸ਼ ਪਾਤਰ ਇੱਕ ਮਾਹੀ ਹੈ ਇੱਥੇ, ਬੜਾ ਸਿਆਣਾ ਹੈ ਉਹ। ਉਸ ਨੂੰ ਅਸੀਂ ਭੇਜਦੇ ਹਾਂ। ਮਹਾਰਾਜ ਕਹਿੰਦੇ, ਦੇਖ ਬਈ ਮਾਹੀ! ਅੱਜ ਹੀ ਅੱਜ ਖਬਰ ਲਿਆਈਂ। ਕਹਿੰਦਾ, ਸੱਚੇ ਪਾਤਸ਼ਾਹ! ਇਥੋਂ ਪੰਜਾਹ ਕੋਹ ਹੈ ਸਰਹੰਦ। ਪੰਜਾਹ ਕੋਹ ਦਾ ਮਤਲਬ ਹੋ ਗਿਆ ਸੌ-ਸਵਾ ਸੌ ਕਿਲੋਮੀਟਰ। ਸੱਚੇ ਪਾਤਸ਼ਾਹ! ਜੇ ਤੁਹਾਡੀ ਸ਼ਕਤੀ ਹੋਵੇ ਤਾਂ ਮੈਂ ਉਥੋਂ ਆ ਸਕਦਾ ਹਾਂ, ਮੇਰੇ 'ਚ ਨਹੀਂ ਐਨੀ ਤਾਕਤ, ਮੈਂ ਤਾਂ ਜੇ ਇੱਕ ਦਿਨ ਵਿੱਚ ਪਹੁੰਚ ਵੀ ਜਾਵਾਂ ਤਾਂ ਵੀ ਵੱਡੀ ਬਾਤ ਹੈ। ਮਹਾਰਾਜ ਕਹਿੰਦਾ, ਕੋਈ ਨਾ ਤੂੰ ਹੁਣੇ ਪਹੁੰਚ ਜਾਏਂਗਾ। ਖਬਰ ਲਈਂ, ਖਬਰ ਲੈ ਕੇ ਆ ਜਾਈਂ। ਸਾਰੇ ਹੈਰਾਨ ਨੇ ਕਿ ਅੱਜ ਕਿਵੇਂ ਆ ਜਾਏਗਾ। ਉਥੇ ਹੀ ਬੈਠੇ ਨੇ ਮਹਾਰਾਜ। ਬੋਹੜ ਦਾ ਦਰਖਤ ਹੈ, ਰਾਏ ਕੱਲੇ ਨੂੰ ਕਹਿਣ ਲੱਗੇ, ਕੋਈ ਬੰਦਾ ਉਪਰ ਦਰਖਤ 'ਤੇ ਚਾੜ੍ਹ ਦੇਖ ਤਾਂ ਆਉਂਦਾ ਹੈ ਉਹ। ਕਹਿੰਦੇ, ਸੱਚੇ ਪਾਤਸ਼ਾਹ! ਅਜੇ ਤਾਂ ਪਹੁੰਚਿਆ ਵੀ ਨਹੀਂ ਹੋਣਾ, ਕਿਉਂਕਿ ਜਾਣਦੇ ਨਹੀਂ ਸੀ ਲੀਲਾ ਨੂੰ। ਫੇਰ ਮਹਾਰਾਜ ਨੇ ਦੂਸਰੀ ਵਾਰੀ ਫੇਰ ਕਿਹਾ, ਤੀਸਰੀ ਦਫਾ ਜਦ ਕਿਹਾ ਤਾਂ ਇੱਕ ਬੰਦਾ ਚੜ੍ਹ ਗਿਆ, ਦੇਖਦਾ ਹੈ ਤਾਂ ਬਹੁਤ ਕਾਹਲੀ ਨਾਲ ਕੋਈ ਆ ਰਿਹਾ ਹੈ। ਹੇਠਾਂ ਉਤਰ ਆਇਆ ਕਹਿਣ ਲੱਗਿਆ ਕਿ ਮਹਾਰਾਜ! ਹੋਵੇ ਨਾ ਤਾਂ ਉਹ ਮਾਹੀ ਹੀ ਲਗਦਾ ਹੈ ਮੈਨੂੰ ਤਾਂ। ਬਹੁਤ ਕਾਹਲੀ-ਕਾਹਲੀ ਆ ਰਿਹਾ ਹੈ। ਸਾਰੇ ਹੈਰਾਨ ਹੋ ਗਏ। ਮਹਾਰਾਜ ਪਲੰਘ 'ਤੇ ਬੈਠੇ ਨੇ, ਉਹ ਜਿਸ ਵਕਤ ਆਇਆ ਤਾਂ ਉੱਚੀ-ਉੱਚੀ ਆ ਕੇ ਰੋਂਦਾ ਹੈ ਮਹਾਰਾਜ ਕੋਲ ਆ ਕੇ, ਬੋਲਦਾ ਨਹੀਂ। ਮਹਾਰਾਜ ਕਹਿੰਦੇ, ਕੀ ਗੱਲ ਪ੍ਰੇਮੀਆਂ! ਹੋਇਆ ਕੀ? ਤੂੰ ਦੱਸ ਸਾਰੀ ਗੱਲ? ਕਹਿੰਦਾ, ਮਹਾਰਾਜ! ਕੀ ਦੱਸਾਂ? ਜੋ ਕੁਛ ਹੋਇਆ ਮੇਰੀ ਜ਼ੁਬਾਨ ਨਹੀਂ ਦੱਸ ਸਕਦੀ। ਮੈਂ ਕਹਿ ਨਹੀਂ ਸਕਦਾ। ਮਹਾਰਾਜ ਕਹਿੰਦੇ, ਦੇਖ ਅਸੀਂ ਤੈਨੂੰ ਪੁੱਛਣ ਲਈ ਭੇਜਿਆ ਹੈ ਤੇ ਹੁਣ ਤੂੰ ਹਾਲ ਦੱਸ ਸਾਰੇ ਬੈਠੇ ਨੇ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਉਹ ਜੋ ਤੁਹਾਡਾ ਰਸੋਈਆ ਸੀ ਗੰਗੂ ਨਾਮ ਦਾ, ਬੇਈਮਾਨ, ਨਮਕ ਹਰਾਮ ਉਸ ਨੇ ਜਾ ਕੇ ਪੈਸੇ 'ਤੇ ਅੱਖ ਰੱਖ ਕੇ ਹਾਕਮ ਨੂੰ ਖਬਰ ਦਿੱਤੀ, ਉਹ ਹਾਕਮ ਮੁਰਿੰਡੇ ਵਾਲਾ ਸਰਹੰਦ ਲੈ ਗਿਆ ਤੇ ਸਾਹਿਬਜ਼ਾਇਆਂ ਤੇ ਮਾਤਾ ਜੀ ਨੂੰ ਬੁਰਜ ਦੇ ਵਿਚ ਕੈਦ ਕਰ ਦਿੱਤਾ। ਉਸ ਤੋਂ ਬਾਅਦ ਜਦੋਂ ਦੂਸਰੇ ਦਿਨ ਕਚਹਿਰੀ ਲੱਗੀ, ਤਾਂ ਉਸ ਵੇਲੇ ਨੇ ਮੁਰਿੰਡੇ ਵਾਲੇ ਨੇ ਕਿਹਾ ਕਿ ਮੈਂ ਗੁਰੂ ਸਾਹਿਬ ਦੇ ਬੱਚਿਆਂ ਨੂੰ ਤੇ ਮਾਤਾ ਨੂੰ ਲੈ ਆਇਆ ਹਾਂ। ਨਵਾਬ ਨੇ ਕਿਹਾ ਕਿ ਬੱਚਿਆਂ ਨੂੰ ਅਸੀਂ ਦੇਖਣਾ ਚਾਹੁੰਦੇ ਹਾਂ। ਕਚਹਿਰੀ ਵਿਚ ਪੇਸ਼ ਕਰੋ। ਮਾਤਾ ਜੀ ਕੋਲ ਗਏ, ਮਾਤਾ ਜੀ ਨੇ ਦਿਲਾਸਾ ਦਿੱਤਾ ਬੱਚਿਆਂ ਨੂੰ। ਹੌਂਸਲਾ ਦਿੱਤਾ ਕਿ ਦੇਖਿਓ ਹੌਂਸਲਾ ਨਹੀਂ ਹਾਰਨਾਂ, ਕਿਉਂਕਿ ਉਮਰ ਛੋਟੀ ਹੈ ਪੰਜ ਸਾਲ, ਸੱਤ ਸਾਲ ਦੀ; ਝੁਕਣਾ ਨਹੀਂ, ਡਰਨਾ ਨਹੀਂ, ਤੁਸੀਂ ਆਪਣੇ ਆਦਰਸ਼ ਦੇ ਉਤੇ ਕਾਇਮ ਰਹਿਣਾ ਹੈ। ਮੌਤ ਕੋਈ ਚੀਜ਼ ਦੁਨੀਆਂ 'ਚ ਨਹੀਂ ਹੋਇਆ ਕਰਦੀ। ਮੌਤ ਸਿਰਫ ਉਨ੍ਹਾਂ ਵਾਸਤੇ ਹੁੰਦੀ ਹੈ ਜਿਹੜੇ ਪਾਪ ਕਰਦੇ ਨੇ। ਗੁਰਮੁਖਾਂ ਵਾਸਤੇ ਕੋਈ ਮੌਤ ਨਹੀਂ ਹੋਇਆ ਕਰਦੀ। ਹੌਂਸਲਾ ਦੇ ਕੇ ਭੇਜਿਆ, ਜਿਸ ਵਕਤ ਸਾਹਿਬਜ਼ਾਦੇ ਆਉਂਦੇ ਨੇ, ਉਹ ਖਿੜਕੀ ਖੁੱਲ੍ਹੀ ਸੀ, ਖਿੜਕੀ ਦੇ ਵਿਚੋਂ ਹੇਠਾਂ ਸਿਰ ਕੱਢ ਕੇ ਪਹਿਲਾਂ ਫੇਰ ਲੰਘਣਾ ਪੈਂਦਾ ਸੀ, ਦੋਵੇਂ ਭਰਾ ਰੁਕ ਗਏ, ਕਹਿੰਦੇ ਦੇਖੋ, ਅੰਦਰ ਬੈਠੇ ਨੇ, ਵੱਡੇ ਕਹਿਣ ਲੱਗੇ ਜ਼ੋਰਾਵਰ ਸਿੰਘ, ਆਪਣਾ ਸੀਸ ਝੁਕ ਜਾਏਗਾ, ਆਪਾਂ ਸੀਸ ਨਹੀਂ ਇਨ੍ਹਾਂ ਨੂੰ ਝੁਕਾਉਣਾ, ਕਿਉਂਕਿ ਇਨ੍ਹਾਂ ਵਿਚ ਧਰਮੀ ਬੰਦਾ ਇੱਕ ਵੀ ਨਹੀਂ ਹੈ, ਪਾਪ ਕਰਨ ਵਾਲੇ ਨੇ। ਸਾਡਾ ਜੋ ਪਵਿੱਤਰ ਸੀਸ ਹੈ, ਜਿਸ ਦੇ ਅੰਦਰ ਅੰਮ੍ਰਿਤ ਦੇ ਛਿੱਟੇ ਪਏ ਨੇ, ਚੂਲ੍ਹੀਆਂ ਪਈਆਂ ਨੇ, ਇਹ ਪਾਪੀਆਂ ਦੇ ਅੱਗੇ ਨਿਵਣ ਵਾਲਾ ਨਹੀਂ ਹੈ। ਧਰਮੀਆਂ ਦੇ ਧਰਮਾਂ ਦੀ ਅਸੀਂ ਧੂੜ ਹਾਂ, ਉਨ੍ਹਾਂ ਦੇ ਚਰਨ ਧੂੜ ਲੋਚਦੇ ਹਾਂ, ਉਨ੍ਹਾਂ ਦੇ ਚਰਨਾਂ ਵਾਸਤੇ ਕਹਿੰਦੇ ਹਾਂ ਕਿ ਮੇਰੇ ਮੱਥੇ ਦੇ ਉਤੇ ਸੰਤਾਂ ਦਾ ਚਰਨ ਪਵੇ। ਲੇਕਿਨ ਇਨ੍ਹਾਂ ਪਾਪੀਆਂ ਦੇ ਅੱਗੇ ਨਿਵੀਏ? ਪਹਿਲਾਂ

'ਚਲਦਾ.............।'

ਸੁਰਤਿ ਸਬਦਿ ਮਾਰਗ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂਹਾਨੀ ਮਿਸ਼ਨ

(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ -੨੮)

ਮਹਾਰਾਜ ਜੀ ਕਹਿੰਦੇ, ਪਹਿਲਾਂ ਆਵਾਜ਼ਾਂ ਆਉਣ ਲਗ ਗਈਆਂ। ਇਕ ਆਵਾਜ਼ ਆਈ ਕਿ ਮੈਂ ਸਾਰੀ ਧਰਤੀ (Earth Planet) ਤੇ ਜੋ ਕੁਛ ਹੋ ਰਿਹਾ ਹੈ - ਸਭ ਦਿਖਾ ਦੇਵਾਂਗੀ, ਮੈਨੂੰ ਤੁਸੀਂ ਅੰਗੀਕਾਰ ਕਰ ਲਓ, ਮੇਰਾ ਨਾਉਂ 'ਦੂਰਦਰਸ਼ਕ ਸਿੱਧੀ' ਹੈ। ਦੂਸਰੀ ਆਈ ਕਿ ਮੈਂ ਸਾਰਿਆਂ ਦੀ ਗੁਪਤ ਬਾਤ ਦੱਸ ਦੇਵਾਂਗੀ, ਦਿਲਾਂ ਵਿਚ ਕੀ ਸੋਚਦੇ ਨੇ, ਕੀਹਨੇ ਗੁਪਤ ਕਿਹੜਾ ਕੰਮ ਕਰਿਐ ਤੇ ਮੇਰਾ ਨਾਉਂ 'ਅੰਤਰਜਾਮਤਾ ਸਿੱਧੀ' ਹੈ - ਮੈਨੂੰ ਅੰਗੀਕਾਰ ਕਰ ਲਓ। ਫੇਰ ਕਹਿੰਦੇ ਆਵਾਜ਼ ਆਈ ਕਿ ਵੱਡੇ ਤੋਂ ਵੱਡੇ ਰਾਜੇ ਪੁਰਸ਼, ਵੱਡੇ ਤੋਂ ਵੱਡੇ ਜਿਹੜੇ ਨੇ, ਉਹ ਤੁਹਾਡੇ ਚਰਨਾਂ ਵਿਚ ਹਾਜ਼ਰ ਕਰੂੰ - ਮੇਰਾ ਨਾਉਂ 'ਪ੍ਰੇਰਨਾ ਸ਼ਕਤੀ' ਹੈ। ਕਹਿੰਦੇ, ਇਸੇ ਤਰ੍ਹਾਂ ਇਕ ਆਈ ਕਿ ਮੈਂ ਤੈਨੂੰ ਇਕ ਛਿਨ ਦੇ ਵਿਚ ਸੂਰਜ ਮੰਡਲ ਤੋਂ ਵੀ ਉਪਰ ਸਾਰੇ ਮੰਡਲ ਦਿਖਾ ਦੇਵਾਂਗੀ, ਜਿੰਨਾਂ ਕੁਛ ਹੈ, ਗੁਪਤ ਵਰਤ ਰਿਹਾ ਹੈ - ਮੈਨੂੰ ਅੰਗੀਕਾਰ ਕਰੋ। ਇਕ ਹੋਰ ਆਈ ਕਿ ਸਰੀਰ ਜਿੰਨਾ ਭਾਰਾ ਜੀਅ ਕਰੇ, ਬੰਦਾ ਕਰ ਲਵੇ, ਜਿੰਨਾ ਸੂਖਸ਼ਮ ਚਾਹੇ, ਓਨਾਂ ਕਰ ਲਵੇ। ਮਹਾਰਾਜ ਜੀ ਕਹਿੰਦੇ, ਸਾਨੂੰ ਐਨਾ ਵੈਰਾਗ ਸੀ, ਅਸੀਂ ਅੱਖ ਭਰ ਕੇ ਵੀ ਨਹੀਂ ਦੇਖਿਆ। ਕਹਿੰਦੇ, ਇਸ ਤੋਂ ਬਾਅਦ ਅੰਦਰਲੇ ਨੈਣਾਂ ਦੇ ਸਾਮ੍ਹਣੇ ਆਉਣੀਆਂ ਸ਼ੁਰੂ ਹੋ ਗਈਆਂ - ਸ਼ਕਲਾਂ ਬਣਾ ਕੇ। ਬਹੁਤ ਸੁੰਦਰ ਸ਼ਕਲਾਂ ਨੇ ਇਸਤ੍ਰੀ ਰੂਪ ਵਿਚ - ਸਿੱਧੀਆਂ ਦੀਆਂ। ਕਹਿੰਦੇ, ਓਥੇ ਮੋਹਿਆ ਜਾਂਦਾ ਹੈ - ਬੰਦਾ। ਸਾਨੂੰ, ਕਿਉਂਕਿ ਵੈਰਾਗ ਬੜਾ ਜ਼ਬਰਦਸਤ ਸੀ, ਅਸੀਂ ਅੱਖ ਭਰ ਕੇ ਭੀ ਨਹੀਂ ਉਧਰ ਦੇਖਿਆ। ਸੋ ਇਹ ਰਿਧੀਆਂ ਸਿਧੀਆਂ ਦਾ ਮੰਡਲ ਮਹਾਤਮਾ ਦੀ ਸੰਗਤ ਤੋਂ ਬਗੈਰ ਪਾਰ ਨਹੀਂ ਹੋਇਆ ਕਰਦਾ; ਉਥੇ ਤਿਲ੍ਹਕ ਜਾਂਦਾ ਹੈ ਬੰਦਾ। ਇਸ ਤੋਂ ਬਾਅਦ ਤ੍ਰਿਕੁਟੀ ਆ ਜਾਂਦੀ ਹੈ। ਤ੍ਰਿਕੁਟੀ ਦੇ ਵਿਚ ਤਿੰਨ ਚੀਜ਼ਾਂ ਹੁੰਦੀਆਂ ਨੇ - ਧਿਆਤਾ, ਧਿਆਨ, ਧੇਯ। ਇਹ ਜਦ ਇਕ ਰੂਪ ਹੋ ਜਾਂਦੇ ਨੇ ਫੇਰ ਤ੍ਰਿਕੁਟੀ ਪਾਰ ਕਰ ਜਾਂਦਾ ਹੈ। ਮਹਾਰਾਜ ਫੁਰਮਾਨ ਕਰਦੇ ਦਸਦੇ ਨੇ ਕਿ ਇਸ ਤਰ੍ਹਾਂ ਕਰਨ ਦੇ ਨਾਲ -

ਖੁਲੈ ਰਾਹਿ ਤ੍ਰਿਕੁਟੀ ਇਸ ਢਾਰਾ॥
ਠਹਿਰਹਿਂ ਪ੍ਰਾਣ ਜਿ ਦਸਵੇਂ ਦੁਾਰਾ॥

ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਫੇਰ ਦਸਵੇਂ ਦੁਆਰ 'ਚ ਪ੍ਰਾਣ ਠਹਿਰ ਜਾਇਆ ਕਰਦੇ ਨੇ। ਲੇਕਿਨ ਅੱਜ ਦੇ ਮਹਾਤਮਾ ਪ੍ਰਾਣਾਂ ਦੀ ਬਾਤ ਨਹੀਂ ਕਰਦੇ। ਅੱਜ ਦੇ ਸੰਤ ਸੁਰਤਿ ਦੀ ਬਾਤ ਕਰਦੇ ਨੇ ਕਿਉਂਕਿ -

ਸੁਰਤਿ ਸਬਦਿ ਭਵ ਸਾਗਰੁ ਤਰੀਐ...........॥

ਅੰਗ - ੯੩੮

ਸੁਰਤਿ ਨੂੰ ਸ਼ਬਦ ਦੇ ਨਾਲ ਲਾਉਣਾ ਹੈ, ਪ੍ਰਾਣਾਂ ਨੂੰ ਨਹੀਂ। ਪ੍ਰਾਣਾਂ ਦਾ ਤਾਂ ਅਸੀਂ ਥੋੜ੍ਹੀ ਦੇਰ ਆਸਰਾ ਲੈ ਕੇ ਅੰਦਰ ਚੜ੍ਹਨਾ ਹੈ। ਸੋ ਉਥੇ ਫਿਰ -

ਤਬੈ ਅਨਾਹਦ ਕੀ ਧੁਨ ਖੁਲ ਹੈ॥

ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਉਥੇ ਅਨਹਦ ਦੀ ਧੁਨੀ ਖੁਲ੍ਹਦੀ ਹੈ -

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥

ਅੰਗ - ੯੫੪

ਉਥੇ ਗੁਰੂ ਦਾ ਸ਼ਬਦ ਸੁਣਦਾ ਹੈ -

ਧਾਰਨਾ - ਵਾਹਿਗੁਰੂ ਵਾਹਿਗੁਰੂ ਸੁਣਦਾ ਹੈ,
ਘਟ ਵਿਚ ਤੇਰੇ, ਘਟ ਵਿਚ ਤੇਰੇ।
ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥

ਅੰਗ - ੯੫੪

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥

ਅੰਗ - ੯੪੭

ਸੋ ਏਥੇ ਸ਼ਬਦ ਸੁਣਦਾ ਹੈ, ਹਰ ਵਕਤ ਨਾਮ ਦੀ ਧੁਨ ਸੁਣਦੀ ਹੈ ਤੇ ਇਹਨੂੰ 'ਮਾਨਸਿਕ ਨਾਮ' ਕਹਿੰਦੇ ਨੇ - ਮਾਨਸਿਕ ਜਪਿਆ ਹੋਇਆ। ਸੋ ਇਹਦਾ ਫਲ ਵਧਦਾ ਹੀ ਤੁਰਿਆ ਜਾਂਦਾ ਹੈ, ਹਜ਼ਾਰ ਹਜ਼ਾਰ ਦੀ ਗਿਣਤੀ ਨਾਲ ਵਧਦਾ ਹੈ। ਪਹਿਲਾਂ ਰਸਨਾ ਦਾ ਨਾਮ ਹੈ, ਫੇਰ ਕੰਠ ਦਾ ਨਾਮ ਹੈ, ਹਿਰਦੇ ਦਾ ਨਾਮ ਹੈ, ਫੇਰ ਨਾਭੀ ਦਾ ਨਾਮ ਹੈ। ਸੋ ਹਿਰਦੇ ਵਿਚ ਜਦ ਜਾਂਦਾ ਹੈ, ਇਹ ਮਾਨਸਿਕ ਨਾਮ ਬਣ ਜਾਇਆ ਕਰਦਾ ਹੈ ਤੇ ਅੰਦਰ ਧੁਨ ਸੁਣਨੀ ਸ਼ੁਰੂ ਹੋ ਜਾਇਆ ਕਰਦੀ ਹੈ। ਜਦੋਂ ਧੁਨ ਸੁਣਦੀ ਹੈ ਫੇਰ ਧਿਆਨ ਦੀ ਵਾਰੀ ਆ ਜਾਇਆ ਕਰਦੀ ਹੈ।

ਚਾਰ ਕਿਸਮ ਦਾ ਧਿਆਨ ਹੁੰਦਾ ਹੈ। ਉਹਦੇ ਬਾਰੇ ਇਕ ਵਾਰੀ ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਗੁਰਸਿਖ ਆਏ। ਉਨ੍ਹਾਂ ਨੇ ਬੇਨਤੀ ਕਰੀ ਕਿ ਸੱਚੇ ਪਾਤਸ਼ਾਹ! ਕਿਉਂਕਿ ਅਸੀਂ ਇਹ ਯੋਗ ਦੇ ਅੰਗ ਵਿਚ ਸ੍ਰਵਣ ਕਰਦੇ ਹਾਂ ਕਿ ਧਿਆਨ ਜ਼ਰੂਰੀ ਚੀਜ਼ ਹੋਇਆ ਕਰਦੀ ਹੈ ਤੇ ਆਪ ਕ੍ਰਿਪਾ ਕਰਕੇ ਇਹ ਦੱਸੋ ਕਿ ਧਿਆਨ ਕਿਸ ਦਾ ਧਰਨਾ ਚਾਹੀਦਾ ਹੈ। ਸੋ ਮਹਾਰਾਜ ਕਹਿਣ ਲੱਗੇ, ''ਤੁਸੀਂ ਕਿਸ ਦਾ ਧਿਆਨ ਧਰਦੇ ਹੋ? ਕਹਿਣ ਲੱਗੇ, ''ਮਹਾਰਾਜ! ਸਾਨੂੰ ਪਤਾ ਨਹੀਂ - ਕੋਈ ਚਤਰਮੁਖੀ ਭਗਵਾਨ ਦਾ

ਧਿਆਨ ਧਰਦਾ ਹੈ, ਕੋਈ ਕਿਸੇ ਦਾ ਧਰਦਾ ਹੈ, ਕੋਈ ਕਿਸੇ ਦਾ ਧਰਦਾ ਹੈ।" ਮਹਾਰਾਜ ਕਹਿੰਦੇ, ਦੇਖੋ, ਗੁਰੂ ਤੇ ਪ੍ਰਮੇਸ਼ਰ ਇਕੋ ਹੋਇਆ ਕਰਦੇ ਨੇ ਤੇ ਗੁਰੂ ਦਾ ਜਿਹੜਾ ਧਿਆਨ ਹੈ, ਉਹ ਸਾਰਿਆਂ ਨਾਲੋਂ ਸ੍ਰੇਸ਼ਠ ਹੋਇਆ ਕਰਦਾ ਹੈ -

ਧਾਰਨਾ - ਧਰੀਏ ਮਨ ਵਿਚ ਧਿਆਨ,
ਗੁਰਾਂ ਦੀ ਮੂਰਤ ਦਾ - ੨

ਗੁਰ ਕੀ ਮੂਰਤਿ ਮਨ ਮਹਿ ਧਿਆਨੁ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥ ਅੰਗ - ੮੬੪

ਸੋ ਗੁਰੂ ਜੋ ਹੁੰਦਾ ਹੈ, ਉਹਦੇ ਉਤੇ ਇਹ ਨਿਹਚਾ ਰੱਖਣਾ ਕਿ ਇਹ ਵਾਹਿਗੁਰੂ ਆਪ ਹੀ ਹੈ। ਜਿੰਨਾਂ ਚਿਰ ਅਸੀਂ ਇਹ ਨਿਹਚਾ ਨਹੀਂ ਕਰਦੇ, ਓਨੇ ਚਿਰ ਤੱਕ ਸਾਨੂੰ ਗੁਰੂ ਤੋਂ ਕੋਈ ਲਾਭ ਨਹੀਂ ਹੋਇਆ ਕਰਦਾ। ਜਿਨ੍ਹਾਂ ਨੇ ਇਹ ਨਿਹਚਾ ਰੱਖਿਆ ਕਿ ਗੁਰੂ ਤੇ ਗੋਬਿੰਦ ਦੋਵੇਂ ਇਕੋ ਨੇ, ਉਹ ਪਹੁੰਚੇ ਨੇ। ਜਿਨ੍ਹਾਂ ਦੇ ਮਨ ਵਿਚ ਘਟ ਨਿਹਚਾ ਹੈ, ਉਹ ਰਹਿ ਗਏ।

ਇਕ ਵਾਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਸੰਗਤ ਵਿਚ ਬੈਠੇ ਨੇ ਤੇ ਆਪ ਨੇ ਭਾਈ ਬਾਲਾ ਜੀ ਤੋਂ ਪੁੱਛਿਆ, ਕਹਿੰਦੇ, "ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਨਾਲ ਨੌ ਖੰਡਾਂ, ਸੱਤਾਂ ਦੀਪਾਂ - ਜਿਥੇ ਜਿਥੇ ਵੀ ਉਨ੍ਹਾਂ ਨੇ ਕੌਤਕ ਕਰੇ - ਸਾਰੇ ਦੇਖੇ। ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ?" ਕਹਿਣ ਲੱਗਿਆ, "ਮਹਾਰਾਜ! ਗੁਰੂ ਨਾਨਕ ਪਾਤਸ਼ਾਹ ਪੂਰਨ ਬ੍ਰਹਮ-ਗਿਆਨੀ ਸੀ।" ਕਹਿਣ ਲੱਗੇ, "ਅੱਛਾ ਬਾਬਾ ਜੀ, ਤੁਸੀਂ ਬ੍ਰਹਮਗਿਆਨੀ ਹੋਏ।" ਸਾਰਿਆਂ ਨੂੰ ਪੁਛਿਆ। ਚਾਰ ਕਿਸਮ ਦਾ ਨਿਹਚਾ ਹੋਇਆ ਕਰਦਾ ਹੈ - ਗੁਰੂ ਤੇ। ਪਹਿਲਾਂ ਤਾਂ ਇਹ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਬਹੁਤ ਅੱਛਾ ਸੰਤ ਹੈ; ਦੂਸਰਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਸਾਰਿਆਂ ਸੰਤਾਂ ਤੋਂ ਵੱਡਾ ਸੰਤ ਹੈ; ਤੀਸਰਾ ਹੋਇਆ ਕਰਦਾ ਹੈ, ਮੇਰਾ ਗੁਰੂ ਵਾਹਿਗੁਰੂ ਵਰਗਾ ਹੀ ਹੈ। ਚੌਥਾ ਨਿਹਚਾ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਤਾਂ ਆਪ ਹੀ ਪ੍ਰਮੇਸ਼ਰ ਹੈ।

ਫੇਰ ਸਾਰਿਆਂ ਨੇ ਪੁੱਛਿਆ, "ਪਾਤਸ਼ਾਹ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ?" ਉਸ ਵੇਲੇ ਮਹਾਰਾਜ ਦੇ ਨੇਤਰ ਬੰਦ ਹੋ ਗਏ, ਭਾਵ ਵਿਚ ਆ ਗਏ, ਕੋਏ ਕੋਲੋਂ ਦੋਹਾਂ ਨੇਤਰਾਂ 'ਚੋਂ ਇਕ ਇਕ ਹੰਝੂ ਹੇਠਾਂ ਨੂੰ ਗਿਰਿਆ; ਥੋੜ੍ਹੀ ਦੇਰ ਤੋਂ ਬਾਅਦ ਆਪ ਬੋਲੇ, ਕਹਿੰਦੇ, "ਪ੍ਰੇਮੀਓ! ਕਰੋੜਾਂ ਬ੍ਰਹਿਮੰਡਾਂ ਦੇ ਮਾਲਕ, ਆਪ ਹੀ ਪ੍ਰਮੇਸ਼ਰ, ਗੁਰੂ ਨਾਨਕ ਦਾ ਸਰੂਪ ਧਾਰ ਕੇ ਸੰਸਾਰ ਦਾ ਉਧਾਰ ਕਰਨ ਵਾਸਤੇ ਆਏ ਸੀ - ਗੁਰ-ਪ੍ਰਮੇਸ਼ਰ ਸਰੂਪ ਹੋ ਕੇ, ਤੇ ਅਸੀਂ ਉਨ੍ਹਾਂ ਨੂੰ 'ਪਾਰਬ੍ਰਹਮ ਪ੍ਰਮੇਸ਼ਰ' ਸਮਝਦੇ ਸੀ।" ਸੋ ਕਹਿਣ ਲੱਗੇ, "ਪਾਤਸ਼ਾਹ! ਤਾਂ ਹੀ ਤੁਸੀਂ ਪਾਰਬ੍ਰਹਮ ਪ੍ਰਮੇਸ਼ਰ ਦੇ ਦਰਜ਼ੇ ਨੂੰ ਪ੍ਰਾਪਤ ਹੋ ਗਏ।" ਸੋ ਜਿਹੋ ਜਿਹਾ ਨਿਹਚਾ ਹੋਵੇ, ਵੈਸਾ ਹੀ ਹੁੰਦਾ ਹੈ।

ਸੋ ਇਹ ਧਿਆਨ ਹੈ, ਇਹ ਤ੍ਰਿਕੁਟੀ ਵਿਚ ਧਰਿਆ ਜਾਂਦਾ ਹੈ। ਜਦੋਂ ਤ੍ਰਿਕੁਟੀ ਖੁਲ੍ਹਦੀ ਹੈ - 'ਖੁਲੇ ਰਾਹਿ ਤ੍ਰਿਕੁਟੀ ਇਸ ਢਾਰਾ। ਠਹਿਰਹਿਂ ਪ੍ਰਾਣ ਜਿ ਦਸਵੇਂ ਦੂਾਰਾ॥ ਤਬੈ ਅਨਾਹਦ ਕੀ ਧੁਨ ਖੁਲ ਹੈ॥ ਦਰਸਨ ਪਰਮ ਜੋਤ ਕੋ ਮਿਲ ਹੈ॥' ਉਥੇ ਜੋਤੀ ਦਾ ਪ੍ਰਕਾਸ਼ ਹੁੰਦਾ ਹੈ -

ਝਿਲਮਿਲ ਕਾਰ ਮਹਾਨ ਪ੍ਰਕਾਸਾ॥
ਜਹਿਂ ਪਿਖ ਹ੍ਵੈ ਵਿਸ਼ੇਸ਼ ਸੁਖ ਰਾਸਾ॥
ਜਿਉਂ ਜਿਉਂ ਧਰਹੀ ਧਯਾਨ ਕੋ
ਤਿਉਂ ਤਿਉਂ ਧੁਨ ਵਧ ਜਾਇ॥
ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਜਿਉਂ-ਜਿਉਂ ਧਿਆਨ ਧਰਦਾ ਜਾਂਦਾ ਹੈ, ਜਿਉਂ-ਜਿਉਂ ਧਿਆਨ ਵਧਦਾ ਜਾਂਦਾ ਹੈ, ਤਿਉਂ-ਤਿਉਂ ਨਾਮ ਦਾ ਧਨ ਵਧਦਾ ਜਾਂਦਾ ਹੈ। ਤਿਉਂ-ਤਿਉਂ ਨਾਮ ਦਾ ਧਨ ਵਧਦਾ ਜਾਂਦਾ ਹੈ।

ਸੋ ਇਸ ਤੋਂ ਬਾਅਦ ਪੰਜਵਾਂ ਜੋ ਅੰਗ ਹੈ, ਉਹ ਹੈ 'ਪ੍ਰਤਿਹਾਰ'। ਪ੍ਰਤਿਹਾਰ ਹੁੰਦਾ ਹੈ - ਬਾਰ-ਬਾਰ ਮਨ ਨੂੰ ਰੋਕਣਾ; ਮਨ ਦੌੜਦਾ ਹੇ - ਫੇਰ ਰੋਕਣਾ। ਸੋ -

ਪੰਚਮ ਅੰਗ ਸੁ ਜੋਗ ਕੋ ਪ੍ਰਤਯਾਹਾਰਹਿ ਪਾਇ॥
ਅੰਗ ਇਸੀ ਕੇ ਜੁਗਲ ਵਿਚਾਰੋ॥
ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਇਹਦੇ ਦੋ ਵਿਚਾਰ ਨੇ -

ਪ੍ਰਥਮਹੁ ਗਿਆਨ ਰਿਖੀਕੁ ਸੁਧਾਰੋ॥
ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਇਹ ਗਿਆਨ ਇੰਦ੍ਰੀਆਂ ਨੇ - ਅੱਖਾਂ, ਨੱਕ, ਕੰਨ। ਇਨ੍ਹਾਂ ਦਾ ਸੁਧਾਰ ਕਰਨਾ - ਬਾਹਰ ਮੁਖ ਤੋਂ ਅੰਤਰਮੁਖ ਲਿਆਉ ਇਨ੍ਹਾਂ ਨੂੰ -

ਵਾਹਿਰ ਮੁਖ ਤੇ ਅੰਤਰ ਲਿਆਵਨ॥
ਨਿਜਾ ਨੰਦ ਮਹੁ ਕਰਹਿ ਟਿਕਾਵਨ॥
ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਨਿਜ-ਅਨੰਦ, ਭਜਨ ਦਾ ਜਿਹੜਾ ਅਨੰਦ ਹੈ, ਬਾਹਰੋਂ ਮਨ ਨੂੰ ਘੇਰ ਕੇ ਇਹਦੇ ਵਿਚ ਟਿਕਾਉ -

ਦੁਤੀਓ ਅੰਗ ਸੁਨਹੁ ਚਿਤ ਲਾਇ॥
ਅਸਨ ਸੁ ਰਜ ਤਮ ਜੁਗਲ ਤਜਾਇ॥
ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਨਾਲੇ ਤਾਂ ਰਜੋ ਗੁਣ ਨੂੰ ਛੱਡ ਦਿਉ, ਨਾਲੇ ਤਮੋ ਗੁਣ ਨੂੰ ਛੱਡ ਦਿਉ -

ਸਤੋ ਗੁਣੀ ਲਹਿ ਅਲਪ ਅਹਾਰੰ॥
ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਥੋੜ੍ਹਾ ਆਹਾਰ ਕਰਕੇ ਸਤੋ-ਗੁਣੀ ਰਹਿਣਾ -

ਪ੍ਰਤਿਆਹਾਰ ਸੁ ਨੀਕ ਬਿਚਾਰੰ॥
ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਇਹਦੇ ਨਾਲ ਪ੍ਰਤਿਹਾਰ ਦਾ ਜਿਹੜਾ ਅੰਗ ਹੈ, ਪੂਰਾ ਹੋ ਜਾਂਦਾ ਹੈ। ਵਾਰ-ਵਾਰ ਮਨ ਨੂੰ ਬਾਣੀ ਦੇ ਆਸਰੇ ਰੋਕ ਰੋਕ ਕੇ

ਅੰਦਰ ਲਿਆਉਣਾ।

ਇਸ ਤੋਂ ਬਾਅਦ ਅਗਲਾ ਛੇਵਾਂ ਅੰਗ ਹੁੰਦਾ ਹੈ - ਧਾਰਨਾ। ਧਾਰਨਾ ਹੁੰਦਾ ਹੈ ਕਿ ਸੰਕਲਪ ਉਠੇ ਤਾਂ ਰੋਕ ਦੇਣਾ। ਫੇਰ ਸੰਕਲਪ ਉਠੇ, ਫੇਰ ਰੋਕ ਦੇਣਾ, ਮਨ ਨਾਲ ਝਗੜੀ ਜਾਣਾ -

ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ
ਮਨ ਹੀ ਮੰਝਿ ਸਮਾਇ॥ ਅੰਗ - ੮੭

ਇਹਦੀ ਖਬਰਦਾਰੀ ਰੱਖਣੀ ਕਿ ਸੰਕਲਪ ਉਠਣ ਨਹੀਂ ਦੇਣਾ -

ਤਿਹ ਤੇ ਪੁਨ ਪੁਨ ਕਰੈ ਹਟਾਵਨ॥
ਜੋਰੈ ਧਿਆਨ ਬਿਖੈ ਮਨ ਪਾਵਨ॥
ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਫਿਰ ਕਹਿੰਦੇ, ਧਿਆਨ ਵਿਚ ਮਨ ਲਾਵੇ।

ਸਪਤਮ ਅੰਗ ਜੋਗ ਕਾ ਧਯਾਨ॥
ਦ੍ਵੈ ਪ੍ਰਕਾਰ ਕਾ ਲਖਹੁ ਸੁਜਾਨ॥
ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਦੋ ਪ੍ਰਕਾਰ ਦਾ ਧਿਆਨ ਹੁੰਦਾ ਹੈ -

ਗੁਰ ਮੂਰਤ ਕਾ ਧਰੈ ਜੁ ਧਯਾਨਾ॥
ਸੋ ਬਾਹਿਰ ਮੁਖ ਧਿਆਨ ਬਖਾਨਾ॥
ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਲੇਕਿਨ ਮਹਾਂਪੁਰਸ਼ ਤਿੰਨ ਕਿਸਮ ਦਾ ਦਸਦੇ ਨੇ - ਪਹਿਲਾਂ ਧਿਆਨ ਹੋਇਆ ਕਰਦਾ ਹੈ ਜਿਸਨੂੰ 'ਪ੍ਰਤੀਕ ਧਿਆਨ' ਕਹਿੰਦੇ ਨੇ। ਪ੍ਰਤੀਕ ਧਿਆਨ ਹੁੰਦਾ ਹੈ ਕਿ ਕਿਸੇ ਪਵਿੱਤਰ ਹਸਤੀ ਤੇ ਭਾਵਨਾ ਕਰ ਲੈਣੀ ਕਿ ਇਹ ਪ੍ਰਮੇਸ਼ਰ ਹੈ ਤੇ ਉਹਦਾ ਧਿਆਨ ਧਰਨਾ। ਜਦੋਂ ਅਜਾਮਲ ਨੂੰ ਉਪਦੇਸ਼ ਦਿਤਾ ਮਹਾਤਮਾ ਨੇ ਤਾਂ ਇਹ ਕਿਹਾ ਕਿ ਅਜਾਮਲ! ਤੂੰ ਆਪਣੇ ਪੁੱਤਰ ਤੇ ਨਾਰਾਇਣ ਭਾਵਨਾ ਰੱਖੀਂ, ਅਸੀਂ ਨਾਉਂ ਵੀ ਨਾਰਾਇਣ ਰੱਖ ਦਿੰਦੇ ਹਾਂ। ਭਾਵਨਾ ਬਣਦੀ ਨਹੀਂ ਸੀ, ਪੁੱਤਰ ਸਮਝਦਾ ਸੀ। ਜ਼ੋਰ ਲਾਉਂਦਾ ਸੀ ਕਿ ਮੇਰੀ ਭਾਵਨਾ ਬਣ ਜਾਵੇ। ਭਾਵਨਾ ਬਣਨੀ ਖੇਲ੍ਹ ਨਹੀਂ ਹੋਇਆ ਕਰਦੀ, ਬਹੁਤ ਔਖੀ ਹੈ ਭਾਵਨਾ ਬਣਨੀ। ਲੇਕਿਨ ਜਦੋਂ ਅੰਤ ਸਮਾਂ ਆ ਗਿਆ -

ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ॥
ਭਾਈ ਗੁਰਦਾਸ ਜੀ - ਵਾਰ ੧੦/੨੦

ਅਜਾਮਲਿ ਪ੍ਰੀਤਿ ਪੁਤ੍ਰ ਪ੍ਰਤਿ
ਕੀਨੀ ਕਰਿ ਨਾਰਾਇਣ ਬੋਲਾਰੇ॥ ਅੰਗ - ੯੮੧

ਨਾਰਾਇਣ ਨੂੰ ਹਾਕ ਮਾਰੀ ਤੇ ਭਾਵਨਾ ਕਿਉਂਕਿ ਨਾਰਾਇਣ ਵਿਚ ਹੋਈ ਹੋਈ ਸੀ ਤੇ ਨਾਰਾਇਣ ਕਹਿ ਕੇ ਹਾਕ ਮਾਰ ਦਿਤੀ-

ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ
ਜਮਕੰਕਰ ਮਾਰਿ ਬਿਦਾਰੇ॥ ਅੰਗ - ੯੮੧

ਇਹਨੂੰ 'ਪਰਤੀਕ ਧਿਆਨ' ਕਹਿੰਦੇ ਨੇ ਕਿ ਮਹਾਂਪੁਰਸ਼, ਗੁਰੂ ਤੇ ਇਹ ਭਾਵਨਾ ਕਰਨੀ ਕਿ ਇਹ ਪ੍ਰਮੇਸ਼ਰ ਨੇ। ਦੂਸਰਾ ਹੋਇਆ ਕਰਦਾ ਹੈ - 'ਸੰਪਤ ਧਿਆਨ।' ਇਹ ਹੋਇਆ ਕਰਦਾ ਹੈ ਕਿ ਗੁਰੂ ਨੂੰ ਪ੍ਰਮੇਸ਼ਰ ਦਾ ਸਰੂਪ ਸਮਝਣਾ ਕਿ ਇਹ ਤਾਂ ਆਪ ਹੀ ਪ੍ਰਮੇਸ਼ਰ ਹੈ। ਬਾਣੀ ਵੀ ਐਸਾ ਫੁਰਮਾਨ ਕਰਦੀ ਹੈ -

ਧਾਰਨਾ - ਗੁਰ ਗੋਬਿੰਦ, ਗੋਬਿੰਦ ਗੁਰੂ ਹੈ,
ਨਾਨਕ ਭੇਦ ਨ ਭਾਈ - ੨

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ
ਇਕ ਵਸਤੁ ਅਨੂਪ ਦਿਖਾਈ ॥
ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ
ਨਾਨਕ ਭੇਦੁ ਨ ਭਾਈ ॥ ਅੰਗ - ੪੪੨

ਸੋ ਗੁਰੂ ਤੇ ਗੋਬਿੰਦ ਨੂੰ ਇਕੋ ਕਰਕੇ ਜਾਣਨਾ, ਇਹ ਸੰਪਤ ਧਿਆਨ ਹੋਇਆ ਕਰਦਾ ਹੈ। ਤੀਸਰਾ ਹੋਇਆ ਕਰਦਾ ਹੈ - 'ਅਹੰਗ੍ਰਹ ਧਿਆਨ।' ਅਹੰਗ੍ਰਹ ਧਿਆਨ ਦੇ ਅੰਦਰ ਧਿਆਨ ਦਾ ਫਰਕ ਹੈ। ਪਹਿਲਾਂ ਸਾਕਾਰ ਦਾ ਧਿਆਨ ਹੁੰਦਾ ਹੈ। ਕਈ ਪ੍ਰੇਮੀ ਏਥੇ ਤਰਕ ਕਰਦੇ ਨੇ ਕਿ ਸਾਕਾਰ ਦਾ ਧਿਆਨ ਤਾਂ ਬੁੱਤ-ਪ੍ਰਸਤੀ ਹੋ ਗਈ। ਬੁੱਤ ਤਾਂ ਅਸੀਂ ਪੂਜਦੇ ਹਾਂ - ਸਾਡਾ ਸਰੀਰ ਵੀ ਬੁੱਤ ਹੈ, ਕੋਠੀਆਂ ਵੀ ਬੁੱਤ ਨੇ, ਪੈਸੇ ਟਕੇ ਵੀ ਬੁੱਤ ਨੇ, ਪੁੱਤਰ ਵੀ ਬੁੱਤ ਨੇ, ਇਸਤ੍ਰੀ ਵੀ ਬੁੱਤ ਹੈ। ਸਾਰਿਆਂ 'ਚੋਂ ਸ੍ਰੇਸ਼ਠ ਜੇ ਕੋਈ ਬੁੱਤ ਹੈ, ਉਹ ਗੁਰੂ ਦਾ ਵਜੂਦ ਹੈ ਤੇ ਗੁਰੂ ਜੀ ਜਦ ਅਸੀਂ ਧਿਆਨ ਵਿਚ ਲਿਆਉਂਦੇ ਹਾਂ ਤਾਂ ਪਰਮ ਪਵਿੱਤਰ ਵਜੂਦ ਸਾਡੇ ਅੰਦਰ ਆ ਕੇ ਨਿਵਾਸ ਕਰ ਲੈਂਦਾ ਹੈ। ਸੋ ਇਹ ਪਹਿਲਾ ਧਿਆਨ ਹੋਇਆ ਕਰਦਾ ਹੈ -

ਗੁਰ ਮੂਰਤ ਕਾ ਧਰੈ ਜੁ ਧਯਾਨਾ॥
ਸੋ ਬਾਹਿਰ ਮੁਖ ਧਿਆਨ ਬਖਾਨਾ॥
ਪੰਨਾ - ੧੧੦ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਇਹ ਬਾਹਰਮੁਖ ਧਿਆਨ ਹੁੰਦਾ ਹੈ। ਇਸ ਤੋਂ ਬਾਅਦ ਅੰਤਰਮੁਖ ਹੁੰਦਾ ਹੈ -

ਗੁਰਮੂਰਤਿ ਗੁਰ ਸਬਦੁ ਹੈ
ਸਾਧ ਸੰਗਤਿ ਵਿਚਿ ਪਰਗਟੀ ਆਇਆ॥
ਭਾਈ ਗੁਰਦਾਸ ਜੀ - ਵਾਰ ੨੪/੨੫

ਗੁਰੂ ਦੇ ਸ਼ਬਦ ਦੀ ਧੁਨ ਦਾ ਧਿਆਨ ਧਰਨਾ -

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ॥ ਪੰਨਾ ੮੭੯

ਸੋ ਫੇਰ ਜਦ ਸ਼ਬਦ ਦਾ ਧਿਆਨ ਧਰਦੇ ਹਾਂ, ਇਹ 'ਅਹੰਗ੍ਰਹ ਧਿਆਨ' ਹੋਇਆ ਕਰਦਾ ਹੈ, ਇਹਦੇ ਪਿਛਲੇ ਪਾਸੇ ਵਾਹਿਗੁਰੂ ਦੀ ਪੂਰੀ ਸ਼ਕਤੀ ਹੁੰਦੀ ਹੈ। ਜਦ ਅਸੀਂ 'ਵਾਹਿਗੁਰੂ' ਕਹਿੰਦੇ ਹਾਂ, ਅੱਖਰਾਂ ਦੇ ਪਿੱਛੇ ਦੇਖੋ ਕੌਣ ਹੈ ਜਿਹਨੂੰ ਅਸੀਂ ਕਹਿ ਰਹੇ ਹਾਂ। ਜਦ ਉਹ ਸਾਡੇ ਨਿਹਚੇ ਦੇ ਅੰਦਰ ਆ ਜਾਵੇ, ਫੇਰ ਕੀ ਹੁੰਦਾ ਹੈ - ਉਹ ਧਿਆਨ 'ਅਹੰਗ੍ਰਹਿ ਧਿਆਨ' ਹੁੰਦਾ ਹੇ; ਤਿੰਨ ਫੁੱਲ ਉਹਦੀ ਭੇਟਾ ਕਰਨੇ ਪੈਂਦੇ ਨੇ - ਪਹਿਲਾਂ ਫੁੱਲ ਹੁੰਦਾ ਹੈ 'ਬੋਧ ਗਿਆਨ; ਦੂਸਰਾ ਹੋਇਆ ਕਰਦਾ ਹੈ 'ਸਮ' ਕਿ ਸਾਰਿਆਂ ਵਿਚ ਉਹ ਵਰਤਦਾ ਹੈ; ਤੀਸਰਾ ਹੋਇਆ ਕਰਦਾ ਹੈ 'ਸਮ ਨਾਮ',

ਕਿ ਸਾਰੇ ਹੀ ਉਹ ਪਰੀਪੂਰਨ ਹੈ, ਦੂਸਰਾ ਹੋਰ ਕੋਈ ਨਹੀਂ ਹੈ। ਸ਼ਰਧਾ ਦੇ ਨਾਲ, ਪਿਆਰ ਦੇ ਨਾਲ ਉਹਦੀ ਪੂਜਾ ਕਰਨੀ। ਸੋ ਤਿੰਨ ਫੁੱਲਾਂ ਦੇ ਨਾਲ ਪੂਜਾ ਹੋਇਆ ਕਰਦੀ ਹੈ - ਨਿਰਗੁਣ ਦੀ। ਨਿਰਗੁਣ ਦਾ ਧਿਆਨ ਨਹੀਂ ਹੋਇਆ ਕਰਦਾ, ਨਿਰਗੁਣ ਦਾ ਗਿਆਨ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਦ ਅਸੀਂ ਸ਼ਬਦ ਦਾ ਧਿਆਨ ਧਰਦੇ ਹਾਂ, ਸ਼ਬਦ ਸਾਡੇ ਅੰਦਰ ਰਮ ਜਾਂਦਾ ਹੈ -

ਗੁਰ ਕੇ ਚਰਨ ਰਿਦੈ ਲੈ ਧਾਰਉ॥
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥
ਮਤ ਕੋ ਭਰਮਿ ਭੁਲੈ ਸੰਸਾਰਿ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ॥ ਅੰਗ - ੮੬੪

ਸੋ ਗੁਰੂ ਦਾ ਧਿਆਨ ਧਰਦੇ ਧਰਦੇ ਅਵਸਥਾ ਕੀ ਆਏਗੀ - ਧਿਆਤਾ, ਧਿਆਨ, ਧੇਅ - ਤਿੰਨਾਂ ਦੀ ਤ੍ਰਿਕੁਟੀ ਖਤਮ ਹੋ ਜਾਏਗੀ, ਗਾਇਬ ਹੋ ਜਾਏਗੀ। ਇਸ ਤੋਂ ਬਾਅਦ ਬਿਬੇਕ ਮੰਡਲ ਵਿਚ ਬਿਰਤੀ ਆਪਣੇ ਆਪ ਦਾਖਲ ਹੋ ਜਾਏਗੀ। ਸੋ ਇਹ ਗਿਆਨ ਦਾ ਮੰਡਲ ਖੁੱਲ੍ਹ ਜਾਇਆ ਕਰਦਾ ਹੈ - ਦਸਵੇਂ ਦੁਆਰ ਦਾ ਮੰਡਲ। ਸੋ ਉਥੇ ਸ਼ਬਦ ਦਾ ਧਿਆਨ ਹੁੰਦਾ ਹੈ, ਧੁਨ ਵਜਦੀ ਹੈ - ਹਰੇਕ ਦੇ ਅੰਦਰ -

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥
ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - ੨੯੩

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯

ਜਦੋਂ ਇਹ ਅਵਸਥਾ ਹੋ ਜਾਇਆ ਕਰਦੀ ਹੈ, ਫਿਰ ਸਮਾਧੀ ਲੱਗ ਜਾਇਆ ਕਰਦੀ ਹੈ।

ਜਬੈ ਅਨਾਹਦ ਧੁਨ ਖੁਲ ਜਾਵੈ॥
ਕਿਧੋ ਜੋਤ ਕੋ ਧਿਆਨ ਲਗਾਵੈ॥
ਪੰਨਾ - ੧੧੧ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਕਿੰਨੇ ਕਿਸਮ ਦੀਆਂ ਜੋਤੀਆਂ ਨੇ - ਬੇਅੰਤ ਕਿਸਮ ਦੀਆਂ ਜੋਤੀਆਂ ਮਹਾਰਾਜ ਦਸਦੇ ਨੇ -

ਇਹੁ ਅੰਤ੍ਰਕ ਮਨ ਮਹੁ ਪਹਿਚਾਨਹੁ॥
ਅਸਟਮ ਅੰਗ ਸਮਾਧ ਬਖਾਨਹੁ॥
ਪੰਨਾ - ੧੧੧ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਸੱਤਵਾਂ ਧਿਆਨ ਆ ਗਿਆ, ਅੱਠਵਾਂ ਫੇਰ ਸਮਾਧੀ ਲਗ ਗਈ।

ਜਬ ਮਨ ਠਹਿਰਹਿ ਹੋਇ ਅਡੋਲਾ॥
ਤਿਹ ਕੋ ਨਾਮ ਸਮਾਧ ਅਮੋਲਾ॥
ਸੋ ਸਮਾਧਿ ਹੈ ਉਭੈ ਪ੍ਰਕਾਰੀ॥
ਨਿਰਵਿਕਲਪ ਸਾਕਲਪ ਉਚਾਰੀ॥
ਪੰਨਾ - ੧੧੧ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਦੋ ਕਿਸਮ ਦੀ ਸਮਾਧ ਹੁੰਦੀ ਹੈ - ਇਕ ਦਾ ਨਾਉਂ 'ਨਿਰਵਿਕਲਪ' ਹੈ, ਇਕ ਦਾ ਨਾਉਂ 'ਸਾਵਿਕਲਪ' ਹੈ। ਸਾਵਿਕਲਪ ਦੇ ਵਿਚ ਆਪਣਾ ਗਿਆਨ ਰਹਿੰਦਾ ਹੈ। ਨਿਰਵਿਕਲਪ ਸਮਾਧ ਦੇ ਅੰਦਰ ਤ੍ਰਿਕੁਟੀ - 'ਗਿਆਤਾ, ਗਿਆਨ, ਗੇਅ' ਵੀ ਟੁੱਟ ਕੇ ਨਿਰਵਿਕਲਪ ਸਮਾਧ ਹੋ ਕੇ ਇਸ ਤੋਂ ਉਪਰ ਲੰਘ ਜਾਂਦਾ ਹੈ, ਉਹਨੂੰ 'ਸਹਿਜ ਸਮਾਧ' ਕਹਿੰਦੇ ਨੇ-

ਸੋ ਸਾ ਵਿਕਲਪ ਕਹਿਤ ਹੈਂ ਜੋਗੀ ਪੁਰਖ ਸੁਜਾਨ॥
ਆਪ ਭਿੰਨ ਨਹਿ ਭਿੰਨ ਧਿਆਨਾ॥
ਯੇਹ ਸਭ ਬ੍ਰਹਮ ਰੂਪ ਕਰ ਜਾਨਾ॥
ਪੰਨਾ - ੧੧੧ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਨਾ ਆਪ ਰਿਹਾ, ਨਾ ਧਿਆਨ ਰਿਹਾ - ਰੱਬ ਦਾ ਹੀ ਰੂਪ ਬਣ ਗਿਆ। ਓਥੇ ਹੁਣ ਸੁਣਦਾ ਕੀ ਹੈ? ਜਿੰਨਾ ਸੁਣਦਾ ਹੈ, ਸਾਰ ਹੀ ਨਾਮ ਸੁਣਦਾ ਹੈ, ਜਿੰਨਾ ਦੇਖਦਾ ਹੈ, ਸਾਰਾ ਹੀ ਗਿਆਨ। ਬ੍ਰਹਮ ਦ੍ਰਿਸ਼ਟੀ ਹੋ ਜਾਇਆ ਕਰਦੀ ਹੈ। ਇਸ ਤਰ੍ਹਾਂ ਫੁਰਮਾਨ ਹੈ -

ਧਾਰਨਾ - ਨਾਮ ਹਰੀ ਦਾ ਜਪਦੇ,
ਸਾਰੇ ਵਣਾਂ ਦੇ ਪੰਖੇਰੂ - ੨

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ
ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ ਅੰਗ - ੧੨੬੫

ਐਨਾ ਧਿਆਨ ਪੱਕ ਜਾਂਦਾ ਹੈ ਕਿ ਨਾਮ ਦੀ ਧੁਨ ਹੀ ਸੁਣਾਈ ਦਿੰਦੀ ਹੈ। ਸੋ ਇਹ ਨਿਰਵਿਕਲਪ ਸਮਾਧ ਜਦ ਲੱਗ ਜਾਂਦੀ ਹੈ, ਆਪਣਾ ਆਪ ਲੀਨ ਹੋ ਜਾਂਦਾ ਹੈ - ਵਾਹਿਗੁਰੂ ਦੇ ਅੰਦਰ।

ਸੋ ਮਹਾਰਾਜ ਕਹਿਣ ਲੱਗੇ, "ਰਾਜਨ! ਰਾਜਾ ਸ਼ਿਵਨਾਭ! ਇਹ ਅੱਠ ਅੰਗ ਤੈਨੂੰ ਯੋਗ ਦੇ ਦੱਸੇ ਨੇ; ਇਹਨੂੰ ਕਸ਼ਟ ਯੋਗ ਕਹਿੰਦੇ ਨੇ। ਇਹ ਜੇ ਕੋਈ ਕਰਦਾ ਹੈ, ਇਹਦੇ ਅੰਦਰ ਨਤੀਜੇ ਆਉਂਦੇ ਨੇ, ਅੰਦਰਲੀਆਂ ਖੇਲ੍ਹਾਂ ਆਉਂਦੀਆਂ ਨੇ, ਰੋਸ਼ਨੀ ਆਉਂਦੀ ਹੈ, ਅਨਹਦ ਸ਼ਬਦ ਆਉਂਦਾ ਹੈ। ਦੂਸਰਾ ਜੋ ਹੈ, ਉਹ ਇਹਤੋਂ ਬਹੁਤ ਸੁਖਾਲਾ ਹੈ। ਉਹਨੂੰ ਗ੍ਰਿਹਸਤੀ ਵੀ ਕਰ ਸਕਦੇ ਨੇ, ਕਾਰੋਬਾਰੀ ਬੰਦੇ ਵੀ ਕਰ ਸਕਦੇ ਨੇ, ਬਿਜਨਸਮੈਨ, ਨੌਕਰੀ-ਚਾਕਰੀ ਵਾਲੇ - ਸਭ ਕਰ ਸਕਦੇ ਨੇ। ਉਹਦਾ ਨਾਉਂ 'ਭਗਤਿ ਯੋਗ' ਹੈ।" "ਮਹਾਰਾਜ! ਉਹ ਭਗਤਿ ਯੋਗ ਵੀ ਦੱਸੋ।" ਸੋ ਮਹਾਰਾਜ ਨੇ ਫੇਰ ਭਗਤਿ ਯੋਗ ਤੇ ਚਾਨਣਾ ਪਾਇਆ।

ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਏਥੇ ਹੀ ਸਮਾਂ ਸਮਾਪਤ ਹੈ, ਅਗਲੀ ਵਾਰੀ ਇਸਤੇ ਵਿਚਾਰ ਹੋਏਗੀ। ਇਹ ਕਸ਼ਟ ਯੋਗ ਦੀ ਬਾਤ ਕਰੀ ਹੈ, ਬੇਨਤੀ ਕਰੀ ਹੈ ਤੇ ਭਗਤਿ ਯੋਗ ਦੀ ਜੇ ਮਹਾਰਾਜ ਨੇ ਕਰਾਈ, ਫੇਰ ਅਗਲੇ ਪ੍ਰੋਗਰਾਮ ਵਿਚ ਕਰਾਂਗੇ। ਸੋ ਹੁਣ ਸਾਰੇ ਪ੍ਰੇਮੀ 'ਗੁਰ ਸਤੋਤਰ' ਵਿਚ ਬੋਲੋ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

****

ਅਰਦਾਸ ਸ਼ਕਤੀ

ਭਾਈ ਸਾਹਿਬ ਰਘਬੀਰ ਸਿੰਘ 'ਬੀਰ'

ਅਰਦਾਸ ਦਾ ਖਤਰਾ

ਅਰਦਾਸ ਕਈ ਵਾਰੀ ਬਜਾਇ ਫਾਇਦੇ ਦੇ ਨੁਕਸਾਨ ਪਹੁੰਚਾਂਦੀ ਹੈ। ਵਾਹਿਗੁਰੂ ਜੀ ਜਿਥੇ ਮਿਹਰਵਾਨ ਤੇ ਬਖਸ਼ਣਹਾਰ ਹਨ ਉਥੇ ਪੂਰੇ ਨਿਆਂਕਾਰੀ ਜਾਂ ਮੁਨਸਿਫ ਵੀ ਹਨ। ਵਾਹਿਗੁਰੂ ਜੀ ਦਾ ਮਿਹਰਵਾਨ ਤੇ ਬਖਸ਼ਣਹਾਰ ਹੋਣਾ ਅਤੇ ਨਾਲ ਹੀ ਮੁਨਸਿਫ ਹੋਣਾ ਸਾਡੀ ਆਤਮਕ ਤਰੱਕੀ ਵਾਸਤੇ ਬੜਾ ਜ਼ਰੂਰੀ ਹੈ। ਜੇਕਰ ਉਹ ਮਿਹਰਵਾਨ ਹੀ ਹੁੰਦੇ ਅਤੇ ਨਿਆਂਕਾਰੀ ਨਾ ਹੁੰਦੇ, ਜਾਂ ਨਿਰੇ ਨਿਆਂਕਾਰੀ ਨਾ ਹੁੰਦੇ ਜਾਂ ਨਿਰੇ ਨਿਆਂਕਾਰੀ ਹੀ ਹੁੰਦੇ ਅਤੇ ਮਿਹਰਵਾਨ ਨਾ ਹੁੰਦੇ ਤਾਂ ਜੀਵ ਲਈ ਮਾਇਆ ਦੇ ਜਾਲ ਵਿਚੋਂ ਨਿਕਲ ਕੇ ਵਾਹਿਗੁਰੂ ਜੀ ਤਕ ਪਹੁੰਚਣਾ ਅਸੰਭਵ ਸੀ।

ਜੋ ਗੁਰਸਿਖ ਵਾਹਿਗੁਰੂ ਜੀ ਦੇ ਉਪਰ ਲਿਖੇ ਸੁਭਾਵ ਤੋਂ ਵਾਕਿਫ ਨਹੀਂ, ਉਹ ਬਹੁਤ ਵਾਰੀ ਗਲਤ ਅਰਦਾਸਾਂ ਕਰ ਕੇ ਆਪਣੇ ਆਪ ਨੂੰ ਨੁਕਸਾਨ ਪਹੁੰਚਾਂਦਾ ਹੈ। ਜਦ ਗੁਰਸਿਖ ਇਹ ਅਰਦਾਸ ਕਰਦਾ ਹੈ ਕਿ ਸੱਚੇ ਪਾਤਸ਼ਾਹ ਮੈਂ ਬੜਾ ਭੁੱਲਣਹਾਰ ਤੇ ਪਾਪੀ ਹਾਂ, ਮੇਰੇ ਸਭ ਪਿਛਲੇ ਔਗੁਣ ਬਖਸ਼ ਦੇਵੇ ਅਤੇ ਅਰਦਾਸ ਕਰਨ ਮਗਰੋਂ ਇਹ ਸਮਝਦਾ ਹੈ ਕਿ ਮੇਰੇ ਕੇਵਲ ਅਰਦਾਸ ਕਰਨ ਨਾਲ ਹੀ ਪਿਛਲੇ ਔਗੁਣ ਬਖਸ਼ੇ ਗਏ ਹਨ, ਉਹ ਵਾਹਿਗੁਰੂ ਜੀ ਦੇ ਸੁਭਾਵ ਦੇ ਨਿਆਂਕਾਰੀ ਪੱਖ ਤੋਂ ਅਣਜਾਣ ਹੈ। ਕੇਵਲ ਅਰਦਾਸ ਕਰਨ ਨਾਲ ਵਾਹਿਗੁਰੂ ਹੀ ਜੀਵ ਦੇ ਪਿਛਲੇ ਕੀਤੇ ਪਾਪ ਨਹੀਂ ਬਖਸ਼ਦੇ ਕਿਉਂਕਿ ਜੇ ਉਹ ਐਸਾ ਕਰਨ ਤਾਂ ਉਹ ਨਿਆਂਕਾਰੀ ਨਹੀਂ।

ਆਪਣੇ ਔਗੁਣਾਂ ਤੇ ਕੇਵਲ ਪਸ਼ਚਾਤਾਪ ਕਰਨਾ ਹੀ ਔਗੁਣ ਬਖਸ਼ਾਣ ਲਈ ਕਾਫੀ ਨਹੀਂ। ਗੁਰਸਿੱਖ ਨੂੰ ਆਪਣੇ ਪਸ਼ਚਾਤਾਪ ਦਾ ਕੋਈ ਪੱਕਾ ਤੇ ਅਮਲੀ ਸਬੂਤ ਦੇਣਾ ਚਾਹੀਦਾ ਹੈ। ਜਿਸ ਤੋਂ ਸਾਬਤ ਹੋਵੇ ਕਿ ਉਸ ਦਾ ਪਸ਼ਚਾਤਾਪ ਸੱਚਾ ਅਤੇ ਦਿਲੀ ਹੈ।

ਪਸ਼ਚਾਤਾਪ ਦਾ ਸਬੂਤ 'ਸੁਧਾਰ' ਹੈ। ਜਿਸ ਔਗੁਣ ਦੀ ਬਖਸ਼ਿਸ਼ ਚਾਹੁੰਦੇ ਹਾਂ ਉਸ ਔਗੁਣ ਨੂੰ ਮੁੜ ਕੇ ਨਾ ਕਰਨ ਦਾ ਦਿਲ ਵਿਚ ਦ੍ਰਿੜ੍ਹ ਫੈਸਲਾ ਹੋਣਾ ਚਾਹੀਦਾ ਹੈ। ਉਪਰੰਤ ਜਦ ਅਸੀਂ ਉਸ ਔਗੁਣ ਨੂੰ ਨਾ ਦੋਹਰਾਵੀਏ, ਮੁੜ ਕੇ ਮਾੜਾ ਕਰਮ ਨਾ ਕਰੀਏ ਤਾਂ ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਆਪਣੇ ਪਸ਼ਚਾਤਾਪ ਦਾ ਅਮਲੀ ਸਬੂਤ ਪੇਸ਼ ਕਰਦੇ ਹਾਂ। ਜਿਸ ਅਰਦਾਸ ਦੇ ਨਾਲ ਗੁਰਸਿਖ ਦਾ ਅਮਲੀ ਸਬੂਤ ਸ਼ਾਮਲ ਹੈ ਉਸ ਨੂੰ ਵਾਹਿਗੁਰੂ ਜੀ ਬਖਸ਼ਦੇ ਹਨ ਕਿਉਂਕਿ ਐਸੀ ਬਖਸ਼ਿਸ਼ ਦੀ ਸਿਫਾਰਸ਼ ਵਾਹਿਗੁਰੂ ਜੀ ਦਾ ਇਨਸਾਫ ਖੁਦ ਕਰਦਾ ਹੈ।

ਯਾਦ ਰਹੇ ਕਿ ਇਨਸਾਫ ਦਾ ਮਨਸ਼ਾ ਸਜ਼ਾ ਦੇਣਾ ਨਹੀਂ ਸਗੋਂ ਸੁਧਾਰ ਕਰਨਾ ਹੈ। ਇਨਸਾਫ ਸਜ਼ਾ ਕੇਵਲ ਇਸ ਲਈ ਦਿੰਦਾ ਹੈ ਕਿ ਦੋਸ਼ੀ ਦਾ ਸੁਧਾਰ ਹੋਵੇ ਪਰ ਜਦ ਦੋਸ਼ੀ ਸਚਾ ਪਸ਼ਚਾਤਾਪ ਕਰੇ ਅਤੇ ਉਸ ਪਸ਼ਚਾਤਾਪ ਦਾ ਸਬੂਤ ਸੁਧਾਰ ਦੀ ਸ਼ਕਲ ਵਿਚ ਪੇਸ਼ ਕੇਰ ਤਾਂ ਇਨਸਾਫ ਦਾ ਅਸਲ ਮਨੋਰਥ ਪੂਰਾ ਹੋ ਜਾਂਦਾ ਹੈ ਅਤੇ ਉਹ ਬਖਸ਼ਿਸ਼ ਲਈ ਸਿਫਾਰਿਸ਼ ਕਰਦਾ ਹੈ।

ਦੁਨਿਆਵੀ ਅਦਾਲਤਾਂ ਵਿਚ ਵੀ ਮੈਜਿਸਟਰੇਟ ਨੂੰ ਜਦ ਯਕੀਨ ਹੋ ਜਾਵੇ ਕਿ ਦੋਸ਼ੀ ਆਪਣੇ ਜ਼ੁਰਮ ਉਤੇ ਸੱਚੇ ਦਿਲੋਂ ਪਸ਼ੇਮਾਨ ਹੈ ਤੇ ਮੁੜ ਕੇ ਜ਼ੁਰਮ ਨਹੀਂ ਕਰੇਗਾ ਤਾਂ ਉਹ ਘੱਟ ਤੋਂ ਘੱਟ ਸਜ਼ਾ ਦਿੰਦਾ ਹੈ। ਉਹ ਘੱਟ ਤੋਂ ਘੱਟ ਸਜ਼ਾ ਵੀ ਇਸ ਵਾਸਤੇ ਦਿਤੀ ਜਾਂਦੀ ਹੈ ਕਿ ਦੁਨਿਆਵੀ ਮੈਜਿਸਟਰੇਟਾਂ ਨੂੰ ਦੋਸ਼ੀ ਦੇ ਦਿਲ ਦੀ ਚੰਗੀ ਤਰ੍ਹਾਂ ਪਤਾ ਨਹੀਂ ਹੁੰਦਾ ਪਰ ਵਾਹਿਗੁਰੂ ਜੀ ਜੋ ਕਿ ਅੰਤਰਜਾਮੀ ਹਨ ਅਤੇ ਦੋਸ਼ੀ ਦੇ ਦਿਲ ਦਾ ਪੂਰਾ ਹਾਲ ਜਾਣਦੇ ਹਨ, ਜਦ ਉਨ੍ਹਾਂ ਨੂੰ ਯਕੀਨ ਹੋ ਜਾਵੇ ਕਿ ਦੋਸ਼ੀ ਦਾ ਪਸ਼ਚਾਤਾਪ ਸੱਚਾ ਹੈ ਅਤੇ ਉਹ ਮੁੜ ਕੇ ਪਾਪ ਨਹੀਂ ਕਰੇਗਾ ਤਾਂ ਉਹ ਦੋਸ਼ੀ ਨੂੰ ਫੌਰਨ ਬਖਸ਼ ਦਿੰਦੇ ਹਨ।

ਇਸ ਲਈ ਬਖਸ਼ਿਸ਼ ਵਾਸਤੇ ਸੁਧਾਰ ਦੀ ਸ਼ਰਤ ਲਾਜ਼ਮੀ ਹੈ। ਜਿਥੇ ਸੁਧਾਰ ਆ ਗਿਆ ਬਖਸ਼ਿਸ਼ ਜ਼ਰੂਰ ਆਉਂਦੀ ਹੈ ਅਤੇ ਜਿਥੇ ਸੁਧਾਰ ਨਹੀਂ ਆਇਆ ਉਥੇ ਜ਼ਬਾਨੀ ਅਰਦਾਸਾਂ ਕਰਨੀਆਂ ਅਤੇ ਕੜਾਹ ਪ੍ਰਸ਼ਾਦ ਭੇਟ ਕਰਨੇ, ਤੀਰਥਾਂ ਤੇ ਜਾ ਕੇ ਆਪਣੀਆਂ ਭੁੱਲਾਂ ਦੀ ਬਖਸ਼ਿਸ਼ ਚਾਹੁੰਣੀ ਇਸ ਲਈ ਬੇਅਰਥ ਕੰਮ ਹਨ ਕਿਉਂਕਿ ਇਨ੍ਹਾਂ ਅਰਦਾਸਾਂ ਦੀ ਸਚਾਈ ਦਾ ਗੁਰਸਿਖ ਕੋਈ ਅਮਲੀ ਸਬੂਤ ਨਹੀਂ ਪੇਸ਼ ਕਰਦਾ।

ਜਿਸ ਕੌਮ ਵਿਚ, ਜਿਸ ਦੇਸ਼ ਵਿਚ, ਜਿਸ ਧਰਮ ਵਿਚ ਕੇਵਲ ਜ਼ਬਾਨੀ ਅਰਦਾਸਾਂ ਕਰਕੇ ਆਪਣੇ ਪਿਛਲੇ ਮਾੜੇ ਕਰਮਾਂ ਦੀ ਬਖਸਿਸ਼ ਪ੍ਰਾਪਤ ਕਰਨ ਦਾ ਰਿਵਾਜ ਹੈ ਉਥੇ ਬਖਸ਼ਿਸ਼ ਕਦੇ ਪੈਰ ਹੀ ਨਹੀਂ ਪਾਂਦੀ। ਐਸੇ ਧਰਮ ਜਾਂ ਦੇਸ਼ ਕਦੀ ਸੁਧਾਰ ਦੀ ਅਗਲੀ ਟੀਸੀ ਤੇ ਨਹੀਂ ਚੜ੍ਹਦੇ। ਐਸੀਆਂ ਅਰਦਾਸਾਂ ਸਗੋਂ ਪਾਖੰਡ ਪੈਦਾ ਕਰਦੀਆਂ ਹਨ। ਐਸੀਆਂ ਅਰਦਾਸਾਂ ਕੇਵਲ ਅਰਦਾਸ ਕਰਨ ਵਾਲਿਆਂ ਨੂੰ ਨਿਡਰ ਹੋ ਕੇ ਪਾਪ ਕਰਨ ਲਈ ਪ੍ਰੇਰਦੀਆਂ ਹਨ। ਐਸੀਆਂ ਅਰਦਾਸਾਂ ਹੋਰ ਵਧੇਰੇ ਤੇ ਖੁਲ੍ਹਮ-ਖੁਲ੍ਹਾ ਪਾਪ ਕਰਨ ਦਾ ਲਾਇਸੈਂਸ ਬਣ ਜਾਂਦੀਆਂ ਹਨ। ਐਸੀਆਂ ਅਰਦਾਸਾਂ ਸਾਡੀਆਂ ਖਤਰਨਾਕ ਦੁਸ਼ਮਣ ਹਨ।

ਪਾਪ ਕਰਨ ਵਾਲੇ ਨੂੰ, ਮਾੜੇ ਕਰਮ ਕਰਨ ਵਾਲੇ ਨੂੰ ਜਦ ਇਹ ਨਿਸ਼ਚਾ ਹੋ ਜਾਵੇ ਕਿ ਉਸ ਦੇ ਮਾੜੇ ਕਰਮ ਜਾਂ ਅਪਰਾਧ ਕੇਵਲ ਕੜਾਹ ਪ੍ਰਸ਼ਾਦ ਕਰਵਾ ਕੇ ਗ੍ਰੰਥੀ ਜੀ ਪਾਸੋਂ ਆਪਣੇ ਹੱਕ ਵਿਚ ਅਰਦਾਸ ਕਰਵਾਣ ਨਾਲ ਹੀ ਬਖਸ਼ੇ ਜਾਂਦੇ ਹਨ ਤਾਂ ਫਿਰ ਉਸਦੀਆਂ ਮੰਦ-ਵਾਸ਼ਨਾਵਾਂ ਅਰਦਾਸ ਦੇ ਸਸਤੇ ਤੇ ਆਸਾਨ ਤਰੀਕੇ ਦੀ ਆੜ ਲੈ ਕੇ ਅੱਗੇ ਨੂੰ ਵਧੇਰੇ ਖੁਲ੍ਹਮ-ਖੁਲ੍ਹਾ ਪਾਪ ਇਸ ਆਸ ਉਤੇ ਕਰਦੀਆਂ ਹਨ ਕਿ ਜਿਵੇਂ ਪਿਛਲੇ ਪਾਪ ਅਰਦਾਸ ਕਰਵਾ ਕੇ ਬਖਸ਼ਾ ਲਏ ਸੀ, ਉਸੇ ਤਰ੍ਹਾਂ ਅਗਲੇ ਪਾਪ ਵੀ ਮੁੜ ਅਰਦਾਸ ਕਰਵਾ ਕੇ ਬਖਸ਼ਵਾਏ ਜਾਣਗੇ। ਗੁਰਮਤਿ ਵਿਚ ਸੁਧਾਰ ਭਰੀ ਬਖਸਿਸ਼ ਨੂੰ ਹੀ ਜਹੜਾ ਹੈ, ਐਸੀ ਬਖਸਿਸ਼ ਲਈ ਥਾਂ ਨਹੀਂ ਜਿਸ ਦਾ ਨਿਸ਼ਾਨਾ ਸੁਧਾਰ ਨਾ ਹੋਵੇ। ਇਸੇ ਲਈ ਗੁਰਸਿੱਖਾਂ ਦਾ ਰੋਜ਼ਾਨਾ ਅਰਦਾਸ ਇਸ ਪ੍ਰਕਾਰ ਹੁੰਦੀ ਹੈ -

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ
ਆਗੈ ਮਾਰਗਿ ਪਾਵੈ।

ਸਤਿਗੁਰੁ ਸਿਖ ਕੈ ਬੰਧਨ ਕਾਟੈ।
ਗੁਰ ਕਾ ਸਿਖੁ ਬਿਕਾਰ ਤੇ ਹਾਟੈ।

ਕਈ ਗੁਰਸਿੱਖ ਆਖਦੇ ਸੁਣੇ ਗਏ ਹਨ ਕਿ ਅਸੀਂ ਤਾਂ ਆਪਣੇ ਆਪ ਕੁਝ ਨਹੀਂ ਕਰ ਸਕਦੇ, ਅਸੀਂ ਆਪਣੇ ਪੁਰਸ਼ਾਰਥ ਨਾਲ ਆਪਣੇ ਅਉਗਣਾਂ ਨੂੰ ਜਿੱਤ ਨਹੀਂ ਸਕਦੇ, ਵਾਹਿਗੁਰੂ ਜੀ ਦੀ ਮਿਹਰ ਹੋਵੇ ਤਾਂ ਹੀ ਅਉਗਣ ਤਿਆਗੇ ਜਾ ਸਕਦੇ ਹਨ। ਐਸੇ ਮਿੱਤਰ ਅਉਗਣਾਂ ਦੇ ਕਰਨ ਵੇਲੇ ਤਾਂ ਅਉਗਣ ਕਰਦੇ ਹਨ ਅਤੇ ਗੁਰਦਵਾਰੇ ਦੇ ਵੇਲੇ ਗੁਰਦਵਾਰੇ ਵਿਚ ਜਾ ਕੇ ਅਉਗਣ ਬਖਸ਼ਾਣ ਦੀ ਅਰਦਾਸ ਕਰਦੇ ਹਨ। ਹਰ ਰੋਜ਼ ਐਸਾ ਕਰਨ ਨਾਲ ਉਨ੍ਹਾਂ ਦੇ ਦਿਲਾਂ ਵਿਚ ਆਪਣੇ ਅਉਗਣਾਂ ਲਈ ਕੋਈ ਨਫਰਤ ਨਹੀਂ ਰਹਿੰਦੀ, ਆਪਣੀਆਂ ਕਮਜ਼ੋਰੀਆਂ ਨਾਲ ਯੁੱਧ ਕਰਕੇ ਉਨ੍ਹਾਂ ਤੇ ਜਿੱਤ ਪ੍ਰਾਪਤ ਕਰਨ ਦੀ ਹਿੰਮਤ ਨਹੀਂ ਰਹਿੰਦੀ।

ਜਿਹੜੇ ਮਿੱਤਰ ਇਹ ਆਖਦੇ ਹਨ ਕਿ ਆਦਮੀ ਤਾਂ ਗੁਨਾਹਾਂ ਦਾ ਭਰਿਆ ਹੋਇਆ ਹੈ, ਇਹ ਆਪਣੀ ਹਿੰਮਤ ਤੇ ਮਿਹਨਤ ਨਾਲ ਕੁਝ ਕਰ ਹੀ ਨਹੀਂ ਸਕਦਾ ਅਤੇ ਗੁਰਬਾਣੀ ਵਿਚੋਂ ਐਸੇ ਗੁਰਵਾਕਾਂ ਦਾ ਪ੍ਰਮਾਣ ਦਿੰਦੇ ਹਨ -

ਹਾ ਹਾ ਪ੍ਰਭ ਰਾਖਿ ਲੇਹੁ ॥
ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ
ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ ਅੰਗ - ੬੭੫

ਮਾਟੀ ਕਾ ਕਿਆ ਧੋਪੈ ਸੁਆਮੀ
ਮਾਣਸ ਕੀ ਗਤਿ ਏਹੀ ॥ ਅੰਗ - ੮੮੨

ਉਹ ਮਿਤਰ ਇਹ ਭੁੱਲ ਜਾਂਦੇ ਹਨ ਕਿ ਜਿਨ੍ਹਾਂ ਨੇ ਇਹ ਮਹਾਂਵਾਕ ਉਚਾਰਨ ਕੀਤੇ ਹਨ ਉਨ੍ਹਾਂ ਦਾ ਆਪਣਾ ਜੀਵਨ ਘਾਲਾਂ, ਮਿਹਨਤਾਂ, ਕੋਸ਼ਿਸ਼ਾਂ ਅਤੇ ਉਤਸ਼ਾਹਾਂ ਦਾ ਭਰਿਆ ਹੋਇਆ ਸੀ। ਉਨ੍ਹਾਂ ਦੇ ਨੇੜੇ ਬਦੀ ਦਾ ਖਿਆਲ ਤਕ ਨਹੀਂ ਸੀ ਫਟਕਦਾ ਅਤੇ ਉਹ ਸਦਾ ਸੰਜਮੀ ਤੇ ਉਦਮੀ ਜੀਵਨ ਬਤੀਤ ਕਰਦੇ ਸੀ।

ਐਸੇ ਗੁਰਵਾਕ ਗੁਰਸਿੱਖਾਂ ਨੂੰ ਬਦੀ ਨਾਲ ਸਮਝੌਤਾ ਕਰਨ ਲਈ ਨਹੀਂ ਉਚਾਰੇ ਗਏ, ਸਗੋਂ ਹਿੰਮਤੀ, ਉਦਮੀ ਅਤੇ ਉਤਸ਼ਾਹੀ ਗੁਰਸਿੱਖਾਂ ਦੇ ਮਨ ਤੋਂ ਹੰਕਾਰ ਦੀ ਮੈਲ ਧੋਣ ਵਾਸਤੇ ਕਹੇ ਗਏ ਹਨ। ਗੁਰਸਿੱਖ ਗੁਰਉਪਦੇਸ਼ ਦੇ ਆਸਰੇ ਉਦਮ ਅਤੇ ਉਤਸ਼ਾਹ ਦਾ ਜੀਵਨ ਬਤੀਤ ਕਰਦਾ ਹਾਂ ਅਤੇ ਮਨ ਦੀਆਂ ਨੀਵੀਆਂ ਮਲੀਨ ਖਾਹਿਸ਼ਾਂ ਨਾਲ ਜੂਝਦਾ ਹੈ ਅਤੇ ਅਖੀਰ ਗੁਰੂ ਆਸਰੇ ਮਨ ਤੇ ਫਤਹਿ ਹਾਸਲ ਕਰਦਾ ਹੈ। ਇਹ ਸਭ ਕੁਝ ਕਰਦਾ ਹੋਇਆ ਉਹ ਆਪਣੇ ਆਪ ਨੂੰ ਅਕਰਤਾ ਮੰਨਦਾ ਹੈ ਅਤੇ ਸਭ ਹਿੰਮਤ, ਬਦੀ ਨਾਲ ਜੂਝਣ ਦੀ ਤਾਕਤ ਨੂੰ ਵਾਹਿਗੁਰੂ ਜੀ ਦੀ ਦਾਤ ਮੰਨਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਮਨ ਦੀਆਂ ਕਮਜ਼ੋਰੀਆਂ ਨੂੰ ਗੁਰਬਾਣੀ ਦੀ ਸੂਝ ਅਤੇ ਨਾਮ ਦੇ ਆਸਰੇ, ਹਿੰਮਤ, ਉਤਮ ਤੇ ਦ੍ਰਿੜ੍ਹਤਾ ਨਾਲ ਜਿੱਤਣ ਦੀ ਸਿਫਾਰਿਸ਼ ਹੈ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥
ਅੰਗ - ੫੨੨

ਜਿਹੜੇ ਮਿੱਤਰ ਮਨ ਪਿਛੇ ਲਗ ਕੇ ਮਾੜੇ ਕਰਮ ਵੀ ਜਾਰੀ ਰਖਦੇ ਹਨ ਅਤੇ ਤੀਰਥਾਂ ਤੇ ਨਹਾ ਕੇ ਜਾਂ ਮੰਦਰਾਂ, ਗੁਰਦਵਾਰਿਆਂ ਵਿਚ ਆਪਣੇ ਹੱਕ ਵਿਚ ਅਰਦਾਸਾਂ ਕਰਵਾ ਕੇ ਸਮਝਦੇ ਹਨ ਕਿ ਪਾਪ ਬਖਸ਼ੇ ਗਏ, ਉਨ੍ਹਾਂ ਨੂੰ ਖਾਸ ਸੰਬੋਧਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਖਦੇ ਹਨ -

ਪਾਪ ਕਰਹਿ ਪੰਚਾਂ ਕੇ ਬਸਿ ਰੇ ॥
ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥
ਜਮ ਪੁਰਿ ਬਾਂਧਿ ਖਰੇ ਕਾਲੰਕ ॥ ਅੰਗ - ੧੯੮

ਭਾਵ - ਜਿਹੜੇ ਪੰਜਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਵਸ ਆ ਕੇ ਪਾਪ ਕਰਦੇ ਹਨ ਅਤੇ ਤੀਰਥਾਂ ਤੇ ਇਸ਼ਨਾਨ ਕਰਕੇ ਸਮਝਦੇ ਹਨ ਕਿ ਸਭ ਪਾਪ ਬਖਸ਼ੇ ਗਏ। ਉਪਰੰਤ ਨਿਡਰ ਹੋ ਕੇ ਫੇਰ ਪਾਪ ਕਰਦੇ ਹਨ, ਉਹ ਜਮਾਂ ਦੀ ਪੁਰੀ ਵਿਚ ਮੂੰਹ ਕਾਲੇ ਕਰਕੇ ਅਤੇ ਬੰਨ੍ਹ ਕੇ ਭੇਜੇ ਜਾਣਗੇ।

ਕਈ ਵਾਰ ਐਸਾ ਹੁੰਦਾ ਹੈ ਕਿ ਗੁਰਸਿਖ ਆਪਣੀਆਂ ਕਮਜ਼ੋਰੀਆਂ ਨੂੰ ਨਫਰਤ ਕਰਦਾ ਹੋਇਆ ਅਤੇ ਇਨ੍ਹਾਂ ਤੋਂ ਛੁਟਕਾਰਾ ਪਾਣ ਦੇ ਦਿਲੀ ਤੇ ਸੱਚੇ ਸਾਧਨ ਵਰਤਦਾ ਹੋਇਆ ਵੀ ਕਿਸੇ ਵੇਲੇ ਕਮਜ਼ੋਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਹਾਲਤ ਵਿਚ ਆਮ ਕਰਕੇ ਵਾਹਿਗੁਰੂ ਜੀ (ਜਾਂ ਵਾਹਿਗੁਰੂ ਜੀ ਦੇ ਸਦੀਵੀ ਕਾਨੂੰਨ) ਉਸ ਗੁਰਸਿੱਖ ਦੇ ਮਾੜੇ ਕਰਮਾਂ ਉਤੇ ਦੁਨੀਆਂ ਵਲੋਂ ਤਾਂ ਪਰਦਾ ਪਾਉਂਦੇ ਹਨ ਪਰ ਉਸ ਗੁਰਸਿਖ ਦੇ ਮਨ ਵਿਚ ਡਾਢਾ ਪਸ਼ਚਾਤਾਪ ਤੇ ਅਫਸੋਸ ਪੈਦਾ ਕਰਦੇ ਹਨ। ਕਾਨੂੰਨ ਦੀ ਕਰੜੀ ਜਾਂ ਢਿਲੀ ਵਰਤੋਂ ਹਰ ਇਕ ਗੁਰਸਿੱਖ ਦੀ ਨੀਅਤ ਅਤੇ ਹਿੰਮਤ ਅਨੁਸਾਰ ਹੁੰਦੀ ਹੈ ਜੋ ਗੁਰਸਿਖ ਪਾਪਾਂ ਵਿਕਾਰਾਂ ਨਾਲ ਸੱਚੇ ਦਿਲੋਂ ਯੁੱਧ ਕਰਦਾ ਹੋਇਆ, ਕਿਸੇ ਵੇਲੇ ਹਾਰ ਖਾ ਜਾਵੇ ਤਾਂ ਉਸ ਗੁਰਸਿਖ ਦੇ ਔਗੁਣਾਂ ਨੂੰ ਦੁਨੀਆਂ ਵਿਚ ਸੁਸਾਇਟੀ ਵਿਚ ਨੰਗਾ ਨਹੀਂ ਕੀਤਾ ਜਾਂਦਾ ਸਗੋਂ ਉਸਨੂੰ ਅਫਸੋਸ ਤੇ ਪਸ਼ੇਮਾਨੀ ਵਿਚ ਪਾਇਆ ਜਾਂਦਾ ਹੈ ਤਾਂ ਕਿ ਉਹ ਮੁੜ ਮਾੜੇ ਕਰਮ ਨਾ ਕਰੇ। ਪਰ ਜੇ ਗੁਰਸਿਖ ਇਸ ਅੰਦਰਲੀ ਤਾੜਨਾ ਦੀ ਪ੍ਰਵਾਹ ਨਾ ਕਰੇ ਅਤੇ ਮਾੜੇ ਕੰਮ ਕਰਨੇ ਜਾਰੀ ਰਖੇ, ਉਸ ਨੂੰ ਦੁਨੀਆਂ ਦੇ ਸਾਮ੍ਹਣੇ ਨੰਗਿਆਂ ਤੇ ਸ਼ਰਮਿੰਦਿਆਂ ਕੀਤਾ ਜਾਂਦਾ ਹੈ ਜਾਂ ਦੁਖ, ਸੰਤਾਪ, ਬੀਮਾਰੀ, ਮੌਤ ਆਦਿ ਜੁਗਤੀਆਂ ਦੇ ਜ਼ਰੀਏ ਸੁਧਾਰ ਵਲ ਪ੍ਰੇਰਿਆ ਜਾਂਦਾ ਹੈ।

ਖਾਲਸਾ ਸੋ ਜੋ ਨਿਤ ਕਰੇ ਜੰਗ।
ਧੰਨ ਜੀਓ ਤਿਹ ਕੋ ਜਗ ਮੈਂ
ਮੁਖ ਤੇ ਹਰਿ ਚਿਤ ਮੈਂ ਜੁਧ ਬਿਚਾਰੈ।

ਇਸ ਵਾਕ ਅਨੁਸਾਰ ਅਸਲ ਗੁਰਸਿਖ ਆਪਣੀਆਂ ਮੰਦ ਵਾਸ਼ਨਾਵਾਂ ਜਾਂ ਨੀਵੀਆਂ ਬਿਰਤੀਆਂ ਨਾਲ ਸਦਾ ਮੋਰਚਾ ਲਾਈ ਰਖਦਾ ਹੈ ਅਤੇ ਉਨ੍ਹਾਂ ਉਤੇ ਸਦੀਵੀ ਫਤਹਿ ਪ੍ਰਾਪਤ ਕਰਨਾ ਆਪਣਾ ਜਮਾਂਦਰੂ ਹੱਕ ਸਮਝਦਾ ਹੈ। ਪਾਪਾਂ ਤੇ ਕਮਜ਼ੋਰੀਆਂ ਉਤੇ ਫਤਹਿ ਪਾਣਾ ਵੀ ਰੱਬੀ ਬਖਸ਼ਿਸ਼ ਦਾ ਪਾਤਰ ਬਣਨਾ ਹੈ। ਇਸ ਫਤਹ ਵਿਚ ਹੀ ਅਸਲੀ ਬਖਸ਼ਿਸ਼ ਦੇ ਦੀਦਾਰ ਹੁੰਦੇ ਹਨ।

Tales of our Times 1945

He was a clerk employed in a Government office in Simla. He lived in a house just below the Nabha Estate. He was the only

bread earner of the family.

The eye-specialist had given his verdict the eye could not be cured. The vision would be lost.

The wife heard and cried. No human could bear her sorrow.

Then came a Saint..................Singh. He asked the couple to pray for recovery. A Path of Guru Granthji was immediately started. The couple prayed, particularly the wife. I have seldom heard prayer more sincerely offered. It was the outpouring of a true and loving heart.

At the end of the Bhog the bandange was taken off and a miracle happened the man could actually see.

Reader have faith such things are still possible.

(੨)

His arm was affected by erysipelas. The doctor said an amputation would necessary. The patient must be rushed to the hospital the same evening or it would be too late. The poison was spreading upwards.

The doctors were asked to wait for a night. The ambulance car would come next morning to take the patient to the hospital.

That night the patient spent with his God. God must save his arm for the must play the harmonium and sings sings of His devotion.

Next morning came. The eruption was receding. The operation did not take place. The doctor, a clever Muslim Surgeon of Amritsar, wondered.

And the patient continued playing the harmonium and singing the praises of Lord.

G.S.M

ਸਿਦਕ ਦੇ ਬੇੜੇ ਪਾਰ (੧੯੪੫)

ਉਲੱਥਾ

ਇਕ ਸਜਣ ਸ਼ਿਮਲੇ ਸਰਕਾਰੀ ਦਫਤਰ ਵਿਚ ਕਲਰਕ ਸਨ। ਆਪ ਨਾਭਾ ਹਾਊਸ ਤੋਂ ਹੇਠਾਂ ਕਰ ਕੇ ਇਕ ਮਕਾਨ ਵਿਚ ਰਹਿੰਦੇ ਸਨ। ਸਾਰੇ ਪਰਿਵਾਰ ਵਿਚ ਕਮਾਈ ਕਰਨ ਵਾਲਾ ਕੱਲਮ-ਕੱਲਾ ਇਹੋ ਇਕੋ ਹੀ ਜੀਅ ਸੀ।

ਇਸ ਦੀਆਂ ਅੱਖਾਂ ਵਿਗੜ ਗਈਆਂ। ਅੱਖਾਂ ਦੇ ਵੱਡੇ ਡਾਕਟਰ ਨੇ ਸਾਫ ਕਹਿ ਦਿਤਾ ਕਿ ਇਨ੍ਹਾਂ ਦੀ ਬੀਮਾਰੀ ਹੁਣ ਇਲਾਜ ਤੋਂ ਬਾਹਰੀ ਹੋ ਚੁੱਕੀ ਹੈ। ਹੁਣ ਇਹ ਅੱਖਾਂ ਕਿਸੇ ਹਾਲਤ ਵਿਚ ਵੀ ਠੀਕ ਨਹੀਂ ਹੋ ਸਕਦੀਆਂ।

ਜਿਸ ਵੇਲੇ ਆਪ ਦੀ ਇਸਤਰੀ ਨੇ ਇਹ ਗੱਲ ਸੁਣੀ ਤਾਂ ਉਸ ਲਈ ਦੁਨੀਆ ਹਨ੍ਹੇਰ ਘੁੱਪ ਘੋਰ ਹੋ ਗਈ। ਉਹ ਬਿਹਬਲ ਹੋ ਡਾਡਾਂ ਮਾਰ ਮਾਰ ਰੋਈ, ਉਸ ਦਾ ਦੁਖ ਦੇਖਿਆ ਨਹੀਂ ਸੀ ਜਾਂਦਾ।

ਉਨ੍ਹਾਂ ਦੇ ਘਰ.............ਸਿੰਘ ਸਾਹਿਬ ਸੰਤ ਜੀ ਮਹਾਰਾਜ ਆਏ। ਉਨ੍ਹਾਂ ਬੀਬੀ ਤੇ ਉਸ ਦੇ ਪਤੀ ਨੂੰ ਉਪਦੇਸ਼ ਦਿਤਾ ਕਿ ਵਾਹਿਗੁਰੂ ਅੱਗੇ ਅਰੋਗਤਾ ਲਈ ਪ੍ਰਾਰਥਨਾ ਕਰੋ। ਤੱਤ ਛਿੰਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਘਰ ਰਖਿਆ ਗਿਆ। ਇਹ ਜੋੜਾ ਹਰ ਰੋਜ਼ ਵਾਹਿਗੁਰੂ ਦੇ ਦਰਬਾਰ ਅਰੋਗਤਾ ਲਈ ਪ੍ਰਾਰਥਨਾ ਕਰੇ। ਖਾਸ ਕਰ ਉਸ ਸੱਜਣ ਦੀ ਸੁਪਤਨੀ ਤਾਂ ਨਿਮਰਤਾ ਦਾ ਪੁਤਲਾ ਬਣ ਕੇ ਜੋਦੜੀਆਂ ਕਰੇ। ਇਹੋ ਜਿਹੀ ਨਿਮਰਤਾ ਤੇ ਸਿਦਕ ਭਰੀ ਅਰਦਾਸ ਅਸਾਂ ਅੱਜ ਤਕ ਨਹੀਂ ਸੁਣੀ। ਇਹ ਸੱਚੇ ਦਿਲ ਵਿਚੋਂ ਪ੍ਰੇਮ ਨਾਲ ਭਿੱਜੀ ਹੋਈ ਫੁਹਾਰੇ ਵਾਂਗ ਨਿਕਲੀ ਅਰਦਾਸ ਸੀ।

ਜਦ ਪਾਠ ਦਾ ਭੋਗ ਗਿਆ, ਉਸ ਸੱਜਣ ਦੀਆਂ ਅੱਖਾਂ ਤੋਂ ਪੱਟੀ ਖੋਲ੍ਹੀ ਗਈ ਤੇ ਵਾਹ ਬਲਿਹਾਰ! ਇਕ ਜ਼ਾਹਰਾ ਕਰਾਮਾਤ ਵੇਖਣ ਵਿਚ ਆਈ। ਉਹ ਸੱਜਣ ਹੁਣ ਆਪਣੀਆਂ ਅੱਖਾਂ ਨਾਲ ਬਹੁਤ ਚੰਗੀ ਤਰ੍ਹਾਂ ਦੇਖ ਸਕਦਾ ਸੀ।

ਹੋਰ ਸੁਣੋ! ਇਕ ਸੱਜਣ ਦੀ ਬਾਂਹ ਸੁੱਜ ਗਈ। ਡਾਕਟਰਾਂ ਨੇ ਕਿਹਾ - ਇਹ ਬਾਂਹ ਕਟਾ ਦੇਣੀ ਪਵੇਗੀ, ਬੀਮਾਰ ਨੂੰ ਅੱਜ ਹੀ - ਹੁਣੇ ਸ਼ਾਮ ਤਕ ਹਸਪਤਾਲ ਪੁਚਾਓ ਤੇ ਬਾਂਹ ਕਟਾ ਦਿਓ, ਨਹੀਂ ਤਾਂ ਫਿਰ ਕੁਛ ਨਹੀਂ ਬਣਨਾ, ਕਿਉਂਕਿ ਜ਼ਹਿਰ ਉਪਰ ਨੂੰ ਦਬਾਦਬ ਚੜ੍ਹ ਰਿਹਾ ਹੈ।

ਡਾਕਟਰਾਂ ਨੂੰ ਬੇਨਤੀ ਕੀਤੀ ਗਈ ਕਿ ਅੱਜ ਦੀ ਰਾਤ ਜ਼ਰਾ ਉਡੀਕ ਲਵੋ। ਕੱਲ ਸਵੇਰੇ ਐਂਬੂਲੈਂਸ ਕਾਰ (ਬੀਮਾਰ ਲਿਜਾਣ ਵਾਲੀ ਗੱਡੀ) ਆਵੇਗੀ ਤੇ ਰੋਗੀ ਨੂੰ ਹਸਪਤਾਲ ਪੁਚਾ ਦੇਵੇਗੀ।

ਉਸ ਰਾਤ ਰੋਗੀ ਨੇ ਵਾਹਿਗੁਰੂ ਜੀ ਨਾਲ ਸਾਂਝ ਕੀਤੀ - ਸਿਮਰਨ ਤੇ ਪ੍ਰਾਰਥਨਾ ਵਿਚ ਲੰਘਾਈ। ਆਪ ਅਰਦਾਸ ਕੀਤੀ ਹੇ ਪਾਤਸ਼ਾਹ! ਇਸ ਹੱਥ ਨਾਲ ਹਾਰਮੋਨੀਅਮ ਵਜਾ-ਵਜਾ ਕੇ ਤੇਰਾ ਕੀਰਤਨ ਤੇ ਸਿਫਤ ਸਲਾਹ ਕਰਦਾ ਹਾਂ, ਤੂੰ ਆਪਣੀਆਂ ਅਰਸ਼ੀ ਮੇਹਰਾਂ ਵਰਸਾ।

ਪ੍ਰਭਾਤ ਹੋਈ, ਦਿਨ ਚੜ੍ਹਿਆ ਤੇ ਕੀ ਡਿਠਾ, ਉਹ ਸੋਜ ਤੇ ਜ਼ਹਿਰੀਲਾ ਮਾਦਾ ਕਾਫੀ ਘਟਦਾ ਜਾ ਰਿਹਾ ਸੀ। ਡਾਕਟਰਾਂ ਦੇ ਓਪਰੇਸ਼ਨ (ਚੀਰ-ਫਾੜ) ਹੁਣ ਕਿਸ ਕਰਾਣਾ ਸੀ। ਡਾਕਟਰ, ਜੋ ਕਿ ਅੰਮ੍ਰਿਤਸਰ ਦਾ ਇਕ ਸਿਆਣਾ ਤੇ ਤਜਰਬੇਕਾਰ ਸਰਜਨ ਸੀ, ਉਹ ਕਰਾਮਾਤ ਤਕ ਕੇ ਹੈਰਾਨ ਪ੍ਰੇਸ਼ਾਨ ਰਹਿ ਗਿਆ।

(ਗੁਰਦਿਤ ਸਿੰਘ ਮਲੂਨ)

ਅਰਦਾਸ ਸ਼ਕਤੀ

ਸਾਡੇ ਘਰ ਵਿਚ ਬੀਬੀਆਂ ਨੂੰ ਲੰਮੇ ਕੱਦ ਦੀ ਸਧਰ ਸੀ। ਮੇਰੀ ਛੋਟੀ ਭੈਣ ਦਾ ਕੱਦ 4 ਫੁੱਟ 10 ਇੰਚ, ਮੇਰੇ ਵੱਡੇ ਚਾਚਾ ਜੀ ਦੀਆਂ ਦੋਵੇਂ ਬੀਬੀਆਂ ਦੇ ਕੱਦ ਛੋਟੇ। ਮੇਰੇ ਵੱਡੇ ਚਾਚਾ ਜੀ ਦੀ ਲੜਕੀ ਦਾ ਕੱਦ ਛੋਟਾ। ਮੇਰੀ ਆਪਣੀ ਲੜਕੀ ਦਾ ਕੱਦ ਵੀ ਉਸ ਦੀ ਭੂਆ ਜਿਤਨਾ। ਮੇਰੀ ਭੈਣ ਨੂੰ ਤਾਂ ਲੰਬਾ ਹੋਣ ਦਾ ਇਤਨਾ ਸ਼ੌਕ ਸੀ ਕਿ ਇਕ ਵਾਰੀ ਸਾਰੇ ਪਰਿਵਾਰ ਦੀ ਫੋਟੋ ਲੈਣ ਵੇਲੇ ਭੈਣ ਨੇ ਕੁਰਸੀਆਂ ਦੇ ਪਿਛੇ ਦੋ ਇਟਾਂ ਤੇ ਖੜ੍ਹ ਕੇ ਆਪਣੀ ਫੋਟੋ ਖਿਚਵਾਈ।

ਪੰਜਾਬ ਦੇ ਸ਼ਹਿਰਾਂ ਤੇ ਦਿੱਲੀ ਵਿਚ ਪੰਜ ਫੁੱਟ ਤੋਂ ਛੋਟੇ ਕੱਦ ਦੀ ਲੜਕੀ ਨੂੰ ਮਧਰਾ ਗਿਣਦੇ ਹਨ। ਪੰਜ ਫੁੱਟ ਤੋਂ ਉਪਰ ਕੱਦ ਨੂੰ ਠੀਕ-ਠਾਕ ਸਮਝਿਆ ਜਾਂਦਾ ਹੈ। ਮੇਰੀ ਦੂਜੀ ਬੀਬੀ ਜਦ 13 ਸਾਲਾਂ ਦੀ ਹੋਈ ਤਾਂ ਉਸ ਦਾ ਕੱਦ ਸਿਰਫ 4 ਫੁੱਟ 9 ਇੰਚ ਸੀ ਤੇ ਵੱਡਾ ਦੁਖ ਇਹ ਕਿ ਕੱਦ ਵਧਣੋਂ ਬੰਦ ਹੋ ਗਿਆ। ਮੇਰੇ ਚਾਚਾ-ਜ਼ਾਦ ਭਾਈ ਨੇ ਇਕ ਦਿਨ ਮੈਨੂੰ ਕਿਹਾ ਕਿ ਬੀਬੀ ਜਿਤਨੀ ਲੰਬੀ ਹੈ ਉਤਨੀ ਹੀ ਚੌੜੀ ਹੁੰਦੀ ਜਾ ਰਹੀ ਹੈ। ਮੈਂ ਆਪਣੇ ਦਿਲ ਵਿਚ ਸੋਚਿਆ ਕਿ ਇਹ ਵੀ ਆਪਣੀ ਵੱਡੀ ਭੈਣ ਜਿਤਨਾ ਕੱਦ ਕਰੇਗੀ। ਕੁਝ ਦਿਨਾਂ ਬਾਅਦ ਬੀਬੀ ਮੇਰੇ ਪਾਸ ਆਈ, ਉਹ ਬੜੀ ਉਦਾਸ ਸੀ। ਮੈਂ ਉਦਾਸੀ ਦਾ ਕਾਰਣ ਪੁੱਛਿਆ। ਕਹਿਣ ਲੱਗੀ, ਮੇਰੀ ਸਹੇਲੀ ਕਹਿੰਦੀ ਹੈ ਕਿ ਤੁਸੀਂ ਸਾਰੀਆਂ ਭੈਣਾਂ ਗੀਠੀਆਂ ਰਹੋਗੀਆਂ, ਤੁਹਾਡਾ ਕਿਸੇ ਦਾ ਕੱਦ ਮੇਰੇ ਵਰਗਾ ਲੰਬਾ ਨਹੀਂ ਹੋ ਸਕਦਾ। ਫਿਰ ਬੜੀ ਹਸਰਤ ਭਰੀ ਆਵਾਜ਼ ਨਾਲ ਕਹਿਣ ਲੱਗੀ ਕਿ ਸਚਮੁਚ ਮੇਰਾ ਕੱਦ ਹੋਰ ਨਹੀਂ ਵਧੇਗਾ? ਮੈਂ ਬੀਬੀ ਦੀ ਗੱਲ ਸੁਣ ਕੇ ਚੁੱਪ ਹੋ ਗਿਆ।

ਸ਼ਾਮ ਨੂੰ ਗੁਰਦਵਾਰੇ ਤੋਂ ਹੋ ਕੇ ਮੈਂ ਆਇਆ ਤਾਂ ਮਨ ਸੋਚੀਂ ਪੈ ਗਿਆ ਕਿ ਬੀਬੀ ਦੇ ਕੱਦ ਵਾਸਤੇ ਕੀ ਕੀਤਾ ਜਾਵੇ? ਬੀਬੀ ਦੀ ਮਾਤਾ ਨੂੰ ਪੁਛਿਆ। ਉਹ ਕਹਿਣ ਲੱਗੀ ਕਿ ਬੀਬੀ ਨੂੰ ਹੁਣ ਮਾਹਵਾਰੀ ਸ਼ੁਰੂ ਹੋ ਗਈ ਹੈ, ਇਸ ਵਾਸਤੇ ਕੁਝ ਨਹੀਂ ਹੋ ਸਕਦਾ। ਇਸ ਦਾ ਕੱਦ ਹੋਰ ਮਾਮੂਲੀ ਵਧੇਗਾ। ਮਸੀਂ ਵੱਡੀ ਭੈਣ ਜਿੰਨਾ ਕੱਦ ਕਰੇਗੀ।

ਮੈਂ ਰਾਤ ਭਰ ਪਿਆ ਬਿਸਤਰੇ ਤੇ ਸੋਚਦਾ ਰਿਹਾ। ਕੀ ਹਕੀਮ ਜਾਂ ਡਾਕਟਰਾਂ ਦੀ ਦਵਾਈ ਕੁਝ ਕਰ ਸਕੇਗੀ? ਫਿਰ ਦਿਲ ਨੇ ਹੀ ਉਤਰ ਦਿਤਾ ਕਿ ਹਕੀਮ ਜਾਂ ਡਾਕਟਰਾਂ ਪਾਸੋਂ ਕੀ ਲੱਭਣਾ ਹੈ? ਸੋਚਦਾ ਸੋਚਦਾ ਸੌਂ ਗਿਆ। ਸੁਭਾ ਅੰਮ੍ਰਿਤ ਵੇਲੇ ਜਦ ਮਨ ਇਕਾਗਰ ਹੋਇਆ ਤਾਂ ਅਰਦਾਸ ਸ਼ਕਤੀ ਦਾ ਖਿਆਲ ਫੁਰਿਆ। ਸ: ਰਘਬੀਰ ਸਿੰਘ 'ਬੀਰ' ਦੀਆਂ ਕਿਤਾਬਾਂ ਵਿਚ ਅਰਦਾਸ ਸ਼ਕਤੀ ਬਾਰੇ ਬੜਾ ਕੁਝ ਪੜ੍ਹਿਆ ਹੋਇਆ ਸੀ। ਮਨ ਨੇ ਕਿਹਾ ਕਿ ਇਸ ਤੋਂ ਵੱਡਾ ਹੋਰ ਅਵਸਰ ਕਿਹੜਾ ਹੋਣਾ ਹੈ? ਚਲੋ ਰੱਬ ਦਾ ਦਰਵਾਜ਼ਾ ਖੜਕਾਈਏ ਤੇ ਅਰਦਾਸ ਸ਼ਕਤੀ ਨੂੰ ਵੀ ਅਜ਼ਮਾਈਏ। ਬਸ ਇਰਾਦਾ ਪੱਕਾ ਹੋ ਗਿਆ।

ਮੈਂ ਉਸ ਦਿਨ ਹੀ ਬੀਬੀ ਨੂੰ ਕੋਲ ਸਦਿਆ ਤੇ ਕਿਹਾ ਕਿ ਜੇਕਰ ਤੂੰ ਸਚਮੁਚ ਹੀ ਆਪਣਾ ਕੱਦ ਵੱਡਾ ਕਰਨਾ ਚਾਹੁੰਦੀ ਹੈਂ ਤਾਂ ਮੇਰੀ ਤਜਵੀਜ਼ ਤੇ ਤੁਰ। ਉਸ ਬੜੇ ਚਾਅ ਤੇ ਉਮੀਦ ਦੇ ਲਹਿਜੇ ਵਿਚ ਕਿਹਾ ਕਿ ਦਸੋ? ਮੈਂ ਕਿਹਾ ਕਿ ਰੋਜ਼ ਇਕ ਵਾਰੀ ਵਾਹਿਗੁਰੂ ਅੱਗੇ ਅਰਦਾਸ ਕੀਤਾ ਕਰ ਕਿ ਰੱਬ ਤੇਰਾ ਕੱਦ ਵਧਾਵੇ ਤੇ ਨਾਲੇ ਆਪਣੀ ਖੁਰਾਕ ਵਿਚ ਦੁੱਧ, ਦਹੀਂ ਤੇ ਲੱਸੀ ਦਾ ਵਾਧਾ ਕਰੋ। ਇਨ੍ਹਾਂ ਵਿਚ ਕੈਲਸ਼ੀਅਮ ਹੁੰਦਾ ਹੈ ਤੇ ਕੱਦ ਵਧਣ ਵਿਚ ਇਹ ਬਹੁਤ ਮਦਦ ਕਰਦੇ ਹਨ। ਬੀਬੀ ਨੇ ਮੇਰੀ ਗੱਲ ਸੁਣ ਕੇ ਇਕਰਾਰ ਕੀਤਾ ਕਿ ਉਹ ਇਸੇ ਤਰ੍ਹਾਂ ਕਰੇਗੀ ਤੇ ਮੈਂ ਆਪ ਵੀ ਰੋਜ਼ਾਨਾ ਅਰਦਾਸਾਂ ਬੀਬੀ ਦੇ ਕੱਦ ਲੰਮਾ ਹੋਣ ਲਈ ਕਰਨੀਆਂ ਸ਼ੁਰੂ ਕੀਤੀਆਂ। ਸੁਬ੍ਹਾ, ਸ਼ਾਮ, ਦਿਨ ਨੂੰ ਜਿਸ ਵਕਤ ਵੀ ਮਨ ਇਕਾਗਰ ਹੁੰਦਾ, ਮੈਂ ਬੜੀ ਅਧੀਨਗੀ ਨਾਲ ਰੱਬ ਅੱਗੇ ਬੀਬੀ ਦੇ ਕੱਦ ਲੰਮਾ ਹੋਣ ਲਈ ਅਰਦਾਸ ਕਰਦਾ। ਨਾਲੇ ਬੀਬੀ ਨੂੰ ਕਦੇ-ਕਦੇ ਅਰਦਾਸਾਂ ਤੇ ਦੁੱਧ-ਲੱਸ਼ੀ ਦੇ ਇਸਤੇਮਾਲ ਦੀ ਯਾਦ-ਦਹਾਨੀ ਕਰਾਂਦਾ। ਜਦ ਮੈਂ ਘਰ ਨਾ ਹੁੰਦਾ ਤਾਂ ਕਈ ਵਾਰੀ ਚਿੱਠੀਆਂ ਵਿਚ ਬੀਬੀ ਨੂੰ ਅਰਦਾਸ ਤੇ ਦੁੱਧ-ਲੱਸੀ ਬਾਰੇ ਲਿਖਦਾ। ਵਾਹਿਗੁਰੂ ਦੀ ਅਪਾਰ ਕ੍ਰਿਪਾ ਹੋਈ। ਬੀਬੀ ਦਾ ਕੱਦ ਬੜੇ ਜ਼ੋਰ ਨਾਲ ਵਧਣ ਲਗਾ ਤੇ ੧੯ ਸਾਲ ਦੀ ਉਮਰ ਤਕ ਵਧਦਾ ਰਿਹਾ। ਬੀਬੀ ਦਾ ਕੱਦ ਹੁਣ ਆਪਣੀ ਵੱਡੀ ਭੈਣ ਨਾਲੋਂ ਚਾਰ ਇੰਚ ਵੱਡਾ ਹੈ ਤੇ ਉਹ ਆਪਣੇ ਕੱਦ ਤੋਂ ਬੜੀ ਖੁਸ਼ ਹੈ।

ਮੇਰੀ ਤੀਜੀ ਲੜਕੀ ਜੋ, ਦੂਜੀ ਭੈਣ ਨਾਲੋਂ ਡੇਢ ਸਾਲ ਛੋਟੀ ਹੈ, ਉਸ ਨੇ ਵੀ ਗਿਆਰਾਂ ਸਾਲ ਦੀ ਉਮਰ ਮਗਰੋਂ ਰੋਜ਼ ਅਰਦਾਸਾਂ ਕਰਨੀਆਂ ਅਰੰਭੀਆਂ ਤੇ ਉਸ ਦਾ ਕੱਦ ਵੀ ਖੂਬ ਵਧਿਆ ਤੇ ਉਹ ਹੁਣ ਪੰਜ ਫੁੱਟ ਇਕ ਇੰਚ ਲੰਬੀ ਹੈ।

ਚੌਥੀ ਲੜਕੀ ਤੀਜੀ ਨਾਲੋਂ ਚਾਰ ਸਾਲ ਛੋਟੀ ਹੈ। ਇਸ ਨੇ ਵੀ ਬਾਰਾਂ ਸਾਲ ਦੀ ਉਮਰ ਮਗਰੋਂ ਅਰਦਾਸਾਂ ਆਰੰਭ ਕੀਤੀਆਂ ਤੇ ਦੁੱਧ-ਲੱਸੀ ਦਾ ਇਸਤੇਮਾਲ ਪੂਰਾ ਰਖਿਆ। ਉਹ ਹੁਣ ਚੌਦਾਂ ਬਰਸਾਂ ਦੀ ਹੈ ਤੇ ਕੱਦ ਤਕਰੀਬਨ ਆਪਣੀਆਂ ਦੋਹਾਂ ਭੈਣਾਂ ਜਿਤਨਾ ਹੋ ਗਿਆ ਹੈ ਤੇ ਅਜੇ ਹੋਰ ਵਧ ਰਿਹਾ ਹੈ। ਉਸ ਦਾ ਆਪਣੀ ਜਮਾਤ ਦੀਆਂ ਲੜਕੀਆਂ ਨਾਲੋਂ ਕੱਦ ਲੰਬਾ ਹੋਣ ਕਰਕੇ ਉਹ ਲੰਬੇ ਕੱਦ ਤੋਂ ਉਲਟੀ ਸ਼ਰਮਾਂਦੀ ਹੈ ਤੇ ਮੈਂ ਉਸ ਨੂੰ ਸਮਝਾਂਦਾ ਹਾਂ ਕਿ ਵੱਡੀ ਉਮਰ ਵਿਚ ਉਹ ਆਪਣੇ ਲੰਬੇ ਕੱਦ ਤੇ ਸ਼ਰਮਾਉਣ ਦੀ ਥਾਂ ਖੁਸ਼ ਹੋਵੇਗੀ।

ਮੈਂ ਪਿਛਲੇ ਸੱਤ ਅੱਠ ਸਾਲ ਇਨ੍ਹਾਂ ਤਿੰਨਾਂ ਬੱਚੀਆਂ ਦੇ ਲੰਬੇ ਕੱਦਾਂ ਵਾਸਤੇ ਸੈਂਕੜੇ ਵਾਰ ਅਰਦਾਸ ਕੀਤੀ ਹੈ। ਰੋਜ਼ ਜਦੋਂ ਵੀ ਮਨ ਇਕਾਗਰ ਹੁੰਦਾ ਮੈਂ ਅਰਦਾਸ ਕਰਦਾ। ਮੈਂ ਬਾਬੇ ਅੱਗੇ ਪ੍ਰਸ਼ਾਦ ਵੀ ਸੁੱਖਿਆ ਤੇ ਜਦ ਹੀ ਇਕ ਬੀਬੀ ਦਾ ਕੱਦ ਪੰਜ ਫੁੱਟ ਤੋਂ ਉਪਰ ਹੁੰਦਾ, ਮੈਂ ਬਾਬੇ ਦਾ ਕੜਾਹ ਪ੍ਰਸ਼ਾਦ ਕਰਾਂਦਾ। ਮੈਂ ਤਿੰਨਾਂ ਬੀਬੀਆਂ ਲਈ ਕੜਾਹ ਪ੍ਰਸ਼ਾਦ ਭੇਟਾ ਕੀਤਾ ਹੈ।

ਜਦੋਂ ਬੱਚੀਆਂ ਦਾ ਕੱਦ ਵਧ ਰਿਹਾ ਹੁੰਦਾ ਹੈ ਤਾਂ ਮੈਂ ਦੇਖਿਆ ਹੈ ਕਿ ਅੱਧ ਮਾਰਚ ਤੋਂ ਲੈ ਕੇ ਸਤੰਬਰ ਤਕ ਕੱਦ ਵਧਦਾ ਹੈ ਤੇ ਬਾਕੀ ਸਾਢੇ ੫ ਮਹੀਨੇ ਸਰਦੀਆਂ ਵਿਚ ਕੱਦ ਨਹੀਂ ਵਧਦਾ। ਲੜਕੀਆਂ ਦਾ ਕੱਦ 16 ਸਾਲ ਦੀ ਉਮਰ ਤਕ ਵਧਦਾ ਰਹਿੰਦਾ ਹੈ ਤੇ ਮਾਹਵਾਰੀ ਆਉਣ ਨਾਲ ਵਧਣੋਂ ਬੰਦ ਨਹੀਂ ਹੋ ਜਾਂਦਾ ਹੈ। ਲੜਕਿਆਂ ਦਾ ਕੱਦ 18 ਸਾਲ ਦੀ ਉਮਰ ਤਕ ਵਧਦਾ ਹੈ।

ਅੰਤ ਵਿਚ ਮੈਂ ਰੱਬ ਦਾ ਤੇ ਸਤਿਗੁਰੂ ਨਾਨਕ ਦਾ ਸ਼ੁਕਰ ਕਰਦਾ ਹਾਂ ਕਿ ਇਨ੍ਹਾਂ ਦੀ ਓਟ ਲੈ ਕੇ ਮੈਂ ਅਰਦਾਸਾਂ ਕੀਤੀਆਂ। ਇਨ੍ਹਾਂ ਦੀ ਅਪਾਰ ਕ੍ਰਿਪਾ ਦੁਆਰਾ ਮੇਰੀਆਂ ਤਿੰਨਾਂ ਬੱਚੀਆਂ ਦੀਆਂ

(ਬਾਕੀ ਪੰਨਾ 63 'ਤੇ)

ਸਤਵੰਤ ਕੌਰ

ਭਾਈ ਵੀਰ ਸਿੰਘ

(*ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ- 59*)

ਇਹ ਧਿਆਨ ਅੰਦਰਲੇ ਦਾ ਰੌ ਹੋਵੇਗਾ ਸਾਈਂ ਵਲ। ਤਵੱਜੋ ਕਹੋ, ਫਿਕਰ ਕਹੋ, ਖਿਆਲ ਦਾ ਰੌ ਕਹੋ, ਇਹ ਸਾਈਂ ਵਲ ਟੁਰਿਆ ਰਹੇਗਾ। ਜੋ ਲਗਾਤਾਰੀ ਹੋ ਕੇ ਲਿਵ ਅਖਵਾਏਗਾ।

ਪ੍ਰੇਮ ਮੱਤੇ ਦਾ ਖਾਣਾ ਪੀਣਾ ਸੰਜਮ ਦਾ ਆਪੇ ਹੋ ਜਾਂਦਾ ਹੈ। ਮਨ ਦੇ ਵਿਕਾਰ ਤੇ ਐਬ ਪਿਆਰੇ ਦੇ ਪਿਆਰ ਕਰਕੇ ਆਪੇ ਛੁੱਟ ਜਾਂਦੇ ਹਨ। ਉਹ ਜਾਣਦਾ ਹੈ ਕਿ ਵਾਹਿਗੁਰੂ ਪਵਿੱਤਰ ਹੈ, ਓਸ ਨੂੰ ਮਾੜੇ ਕੰਮ ਪਸੰਦ ਨਹੀਂ ਹਨ, ਇਸ ਲਈ ਪਿਆਰੇ ਦੇ ਸੁਭਾਵ ਅਨੁਸਾਰ ਵਰਤਾਉ ਹੋਵੇ ਤਾਂ ਪਿਆਰੇ ਨੂੰ ਪ੍ਰਸੰਨ ਕਰਾਂਗੇ। ਨਾਮੀ ਪੁਰਖ ਨੂੰ ਨਾਮ ਜਪਦਿਆਂ ਅੰਦਰ ਇਕ ਸਫਾਈ, ਸਵੱਛਤਾਈ ਦਾ ਭਾਵ ਉਪਜਦਾ ਹੈ। ਆਪਣਾ ਅੰਦਰ ਆਪਣੇ ਆਪ ਨੂੰ ਸੋਹਣਾ ਲਗਦਾ ਹੈ। ਪਾਪ ਕਰਮਾਂ ਨਾਲ ਇਹ ਗੱਲ ਘਟਦੀ ਹੈ ਤੇ ਮੈਲ ਧੂੜ ਆ ਪੈਂਦੀ ਹੈ। ਇਹ ਮੈਲ ਮਾੜੀ ਲੱਗਦੀ ਤੇ ਪੀੜ ਦਿੰਦੀ ਜਾਪਦੀ ਹੈ। ਇਸ ਤੋਂ ਬਚਣ ਲਈ ਨਾਮ ਦਾ ਪ੍ਰੇਮੀ ਮਾੜੇ ਕਰਮਾਂ ਤੋਂ ਝਕਦਾ, ਰੁਕਦਾ, ਟਿਕਾਣੇ ਟਿਕ ਜਾਂਦਾ ਹੈ। ਸੋ ਆਪ ਤੋਂ ਆਪ ਬਿਨਾਂ ਦੁੱਖ ਪਾਏ ਦੇ ਸਾਰੇ ਸਾਧਨ ਸੁੱਖ ਨਾਲ ਹੁੰਦੇ ਜਾਂਦੇ ਹਨ, ਵਿਚਾਰ ਲਓ ਕਿ ਜਦੋਂ ਪ੍ਰੇਮੀ ਪਿਆਰੇ ਦੇ ਰੰਗ ਵਿਚ ਰੱਤੇ ਜਾਂਦੇ ਹਨ, ਵਿਚਾਰ ਲਓ ਕਿ ਜਦੋਂ ਪ੍ਰੇਮੀ ਪਿਆਰੇ ਦੇ ਰੰਗ ਵਿਚ ਰੱਤੇ ਜਾਂਦੇ ਹਨ, ਸੁਰਤ ਸਦਾ ਚੜ੍ਹੀ ਰਹਿੰਦੀ ਹੈ, ਚੜ੍ਹੀ ਸੁਰਤ ਵਾਲਾ ਬਿਨਾਂ ਜਤਨ ਦੇ ਮਾੜੇ ਕਰਮਾਂ ਤੋਂ ਅਲੋਪ ਰਹਿੰਦਾ ਹੈ। ਵੈਰਾਗ ਉਸ ਦੇ ਅੰਗ ਅੰਗ ਵਿਚ ਹੁੰਦਾ ਹੈ, ਪਰ ਬੇ-ਮਲੂਮ ਹਰਦਮ ਲੱਗੇ ਰਹਿਣ ਕਰਕੇ ਅਭਿਆਸ ਉਸ ਦੀ ਰਗ ਰਗ ਵਿਚ ਵਸਦਾ ਹੈ, ਪਰ ਸਹਿਜ ਸੁਭਾਅ। ਉਸ ਪ੍ਰੇਮ ਰੰਗ ਦੇ ਮੱਤੇ ਨੂੰ ਗਿੜਾਉ ਘੱਟ ਹੁੰਦਾ ਹੈ, ਕਿਉਂਕਿ ਉਹ ਸਰੀਰ ਨੂੰ ਕਸ਼ਟ ਦੇਣ ਵਾਲਾ ਸਾਧਨ ਨਹੀਂ ਕਰ ਰਿਹਾ। ਪ੍ਰੇਮੀ ਜੜ੍ਹਤਾ ਵਿਚ ਨਹੀਂ ਢਹਿੰਦਾ, ਕਿਉਂਕਿ ਉਸ ਨੂੰ ਉਪਦੇਸ਼ ਇਹ ਹੈ 'ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥' ਸਿੱਧੀਆਂ ਨੂੰ ਧ੍ਰਿਗ ਧ੍ਰਿਗ ਕਹਿ ਕੇ ਇਨ੍ਹਾਂ ਵਿਚ ਫਸਦਾ ਨਹੀਂ, ਸਗੋਂ ਅੱਗੇ ਟੁਰੀ ਜਾਂਦਾ ਹੈ, ਸੋ ਇਸ ਮਾਰਗ ਦੇ ਟੁਰਨ ਵਾਲੇ ਦਾ ਆਚਰਨ ਉੱਚਾ ਤੇ ਸੁੱਚਾ ਹੋ ਜਾਂਦਾ ਹੈ। ਜੇ ਉਕਾਈ ਹੋ ਜਾਵੇ ਤਾਂ ਉਹ ਉਸ ਨੂੰ ਦੂਰ ਕਰਦਾ ਹੈ। ਉਹ ਉਚ ਜੀਵਨ ਦੀ ਪੱਕੀ ਨੀਂਹ ਸੁੱਚੇ ਆਚਰਨ ਦੀ ਬਣਾਉਂਦਾ ਹੈ। ਫਿਰ ਉਸਨੂੰ ਇਕ ਹੋਰ ਤਜਰਬਾ ਉਸਤਾਦ ਹੋ ਢੁੱਕਦਾ ਹੈ। ਉਸ ਨੂੰ ਮਾੜੇ ਕੰਮਾਂ ਦੇ ਕਰਨ ਨਾਲ ਜੋ ਉਦਾਸੀਆਂ ਤੇ ਦੁੱਖ ਹੁੰਦੇ ਹਨ, ਉਹ ਉਸ ਨੂੰ ਬੜੇ ਚੁਭਦੇ ਹਨ, ਕਿਉਂਕਿ ਉਹ ਮੈਲ ਪਾ ਕੇ ਅੰਦਰਲੇ ਰਸ ਨਾਲ ਵਿੱਥ ਪੈਦਾ ਕਰਦੇ ਹਨ। ਵਾਹਿਗੁਰੂ ਦਾ ਰਸ ਉਸਨੂੰ ਹੋਰਨਾਂ ਰਸਾਂ ਵਿਚ ਪੈਣ ਨਹੀਂ ਦਿੰਦਾ, ਕਿਉਂਕਿ ਹੋਰ ਰਸ ਇਸ ਤੋਂ ਫਿੱਕੇ ਹਨ -

ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥

ਅੰਗ - ੭੦੮

ਸੋ ਉਚੇ ਰਸ ਵਿਚ ਰਤਾ ਉਹ ਇਨ੍ਹਾਂ ਨੀਵੇਂ ਰਸਾਂ ਕਸਾਂ ਵਿਚ ਨਹੀਂ ਫਸਦਾ। ਇਸ ਤਰ੍ਹਾਂ ਇਹ ਗੁਰਮੁਖਾਂ ਦਾ ਗਾਡੀ ਰਾਹ ਬਹੁਤ ਸੁਆਦਲਾ ਖਤਰੇ ਤੋਂ ਸਾਫ ਤੇ ਸਿੱਧਾ ਪੱਧਰਾ, ਖੇੜੇ ਵਾਲੇ ਸਾਈਂ ਦੇਸ਼ ਨੂੰ ਲੈ ਜਾਂਦਾ ਹੈ।

ਬਸੰਤ ਕੌਰ - ਪਤੀ ਜੀ! ਜਿਸ ਰਸਤੇ ਵਿਚ ਪ੍ਰੇਮ ਨਹੀਂ ਉਸ ਵਿਚ ਤਾਂ ਜਾਨ ਹੀ ਨਾ ਹੋਈ। ਭਲਾ ਜਿਸ ਵਾਹਿਗੁਰੂ ਵਿਚ ਚਿਤ ਨੂੰ ਲਾਉਣਾ ਹੈ, ਜੇ ਉਸ ਨਾਲ ਪ੍ਰੇਮ ਨਹੀਂ ਪਾਉਣਾ ਤਾਂ ਉਸ ਦੇ ਮਿਲਣ ਦੇ ਸਾਧਨਾਂ ਵਿਚ ਰਸ ਤੇ ਉਤਸ਼ਾਹ ਕਿੱਥੇ ਹੈ?

ਹਿੰਮਤ ਸਿੰਘ - ਸਿੱਧੀ ਗੱਲ ਹੈ, ਜਦ ਚੇਤੰਨ ਆਤਮਾ (ਸਾਡੀ ਰੂਹ) ਨੇ ਚੇਤੰਨ ਵਾਹਿਗੁਰੂ ਨੂੰ ਮਿਲਣਾ ਹੈ ਤਾਂ ਉਸ ਦਾ ਮਿਲਾਪ ਕਿਸ ਚੇਤੰਨ ਸਾਧਨ ਬਿਨਾਂ ਕੀਕੂੰ ਹੋ ਸਕਦਾ ਹੈ? ਚੇਤੰਨ ਸਾਧਨ ਹੈ, 'ਪ੍ਰੇਮ' ਸੋ ਪ੍ਰੇਮ ਤੋਂ ਬਿਨਾਂ ਮਿਲਾਪ ਹੀ ਕੀਹ ਹੈ?

ਬਸੰਤ ਕੌਰ - ਠੀਕ ਹੈ ਜੀ। ਹਾਂ ਮੈਨੂੰ ਸਮਝ ਤਾਂ ਨਹੀਂ ਹੈ, ਪਰ ਮੋਟੀ ਜਿਹੀ ਗੱਲ ਆਪ ਦੇ ਕਥਨ ਤੋਂ ਸਮਝ ਪੈਂਦੀ ਹੈ ਕਿ ਜੇ ਇਕ ਤੀਮੀਂ ਤੇ ਇਕ ਪੁਰਖ ਕੋਲੇ ਕੋਲ ਬਹਾ ਦਿਤੇ ਜਾਣ ਤਦ ਉਸ ਦਾ ਨਾਉਂ ਮਿਲਾਪ ਤਾਂ ਨਹੀਂ ਹੈ। ਜੇ ਦੁਹਾਂ ਦੇ ਅੰਦਰੋਂ ਦਿਲ ਪਿਆਰ ਨਾਲ ਖਿੱਚੇ ਹੋਏ ਹੋਣ ਤਦ ਪ੍ਰੇਮ ਹੈ, ਤਦ ਮਿਲਾਪ ਹੈ। ਇਸ ਤਰ੍ਹਾਂ ਬਿਨਾਂ ਪ੍ਰੇਮ ਦੀ ਲਗਨ ਦੇ ਵਾਹਿਗੁਰੂ ਦਾ ਮਿਲਾਪ ਤੇ ਉਸ ਦਾ ਸਾਧਨ ਇਕ ਖੁਸ਼ਕ ਕੰਮ ਹੈ ਅਰ ਮੇਰੇ ਜਾਣੇ ਜੇ ਬੇ-ਅਦਬੀ ਨਾ ਹੋਵੇ ਤਾਂ ਮੁਰਦਾ ਸਾਧਨ ਹੈ, ਜਿਸ ਵਿਚ ਜਿੰਦ, ਜਾਨ ਜਾਂ ਰੂਹ ਨਹੀਂ ਹੈ, ਉਹ ਸਾਡੇ ਗਿਆਨ ਦਾ ਵਿਸ਼ਾ ਤਾਂ ਨਹੀਂ ਨਾ ਬਣ ਸਕਦਾ, ਅਰਥਾਤ ਉਹ ਸਾਡੀਆਂ ਅੱਖਾਂ ਅੱਗੇ ਜਾਂ ਮਨ ਅੱਗੇ ਮੂਰਤ ਧਾਰ ਕੇ ਤਾਂ ਖਲਾ ਨਹੀਂ ਹੈ ਨਾ।

ਹਿੰਮਤ ਸਿੰਘ - ਠੀਕ ਹੈ! ਇਸ 'ਨਾਮ' ਤੋਂ ਬਿਨਾਂ ਨਿਰੇ ਗੱਲਾਂ ਸਿੱਖੇ ਹੋਏ ਲੋਕ ਬਹੁਤ ਪਟਲੇ ਖਾਂਦੇ ਤੇ ਦਿੰਦੇ ਹਨ। ਉਹ ਖਿਆਲ ਕਰਦੇ ਹਨ ਕਿ ਬਸ ਐਉਂ ਜਾਣ ਲਿਆ ਕਿ ਮੈਂ ਤੇ ਪਰਮੇਸ਼ੁਰ ਜਗਦੀ ਜੋਤ ਹਾਂ, ਕਲਿਆਣ ਹੈ। ਪਰ ਗਿਆਨ ਤਾਂ ਹੈ ਜਾਣ ਲੈਣਾ ਤੇ ਪ੍ਰੇਮ ਹੈ ਪਾ ਲੈਣਾ। ਗਿਆਨ ਨਾਲ ਪਾਇਆ ਤਾਂ ਨਹੀਂ ਜਾਂਦਾ ਕਿਉਂਕਿ ਸੋਚਣਾ, ਜਾਣਨਾ ਤਾਂ ਮਨ ਦੇ ਧਰਮ ਹੈਨ। ਮਨ ਦਾ ਜਾਣਨਾ ਤਾਂ ਹੱਦਬੰਦੀ ਵਾਲਾ ਗਿਆਨ ਹੈ। ਨਾਮ ਦੇ ਅਭਿਆਸ ਨਾਲ ਮਨ ਦਾ ਰੁਖ ਪਲਟੇ, ਜੋ ਬਾਹਰ ਨੂੰ ਦੇਖਦਾ ਹੈ ਅੰਦਰ ਨੂੰ ਉਲਟੇ ਤਾਂ ਆਪਣਾ ਟਿਕਿਆ ਹੋਇਆ ਆਪਾ ਸਾਈਂ ਨੂੰ ਅਨੁਭਵ ਕਰੇ, ਅਰਥਾਤ ਅਸਲੀ ਗਿਆਨ ਨੂੰ ਪਾਵੇ ਜੋ ਗਿਆਨ ਕਿ ਆਤਮਾ ਦਾ ਗਿਆਨ ਹੈ। ਉਹ ਜਾਣਨਾ ਮਾਤ੍ਰ ਨਹੀਂ, ਉਹ ਤਾਂ 'ਤੱਤ' ਦਾ 'ਪਰਮ ਤੱਤ' ਨੂੰ ਮਿਲ ਪੈਣਾ ਹੈ, ਜੈਸਾ ਮਹਾਂਵਾਕ ਹੈ - ਤੰਤੇ ਕਉ ਪਰ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ। ਸਾਈਂ ਦ੍ਰਿਸ਼ਟਮਾਨ ਨਹੀਂ ਨਾ, ਦ੍ਰਿਸ਼ਟਮਾਨ ਤਾਂ ਸਤਿਗੁਰ ਨੇ ਮਿਥਿਆ ਕਿਹਾ ਹੈ ਤੇ ਉਹ ਸਤਿ ਹੈ।

ਬਸੰਤ ਕੌਰ - ਕਿਸੇ ਮੋਟੀ ਤਰ੍ਹਾਂ ਸਮਝਾਓ ਨਾ।

ਹਿੰਮਤ ਸਿੰਘ - ਜਿਵੇਂ ਮਾਂ ਬੈਠੀ ਹੈ, ਉਸ ਦੀ ਗੋਦ ਵਿਚ ਬੱਚਾ ਬੈਠਾ ਹੈ ਸਾਮ੍ਹਣੇ ਖਿਡੌਣੇ ਪਏ ਹਨ, ਬੱਚਾ ਖਿਡੌਣੇ ਦੇਖ ਕੇ ਉਨ੍ਹਾਂ ਵਿਚ ਮੋਹਿਤ ਤੇ ਮਸਤ ਬੈਠਾ ਹੈ। ਉਸ ਨੂੰ ਮਾਂ ਦਾ

ਚੇਤਾ ਬੀ ਨਹੀਂ ਰਿਹਾ। ਖਿਡੌਣੇ ਦ੍ਰਿਸ਼ਟਮਾਨ ਹਨ, ਬੱਚਾ ਦ੍ਰਿਸ਼ਟਾ ਹੈ। ਹੁਣ ਬੱਚੇ ਦੀ ਸੁਰਤ ਨੂੰ ਖਿਡੌਣਿਆਂ ਵਿਚੋਂ ਕੱਢੀਏ, ਪਿਛਲੇ ਪਾਸੇ ਉਲਟਾਈਏ ਤਾਂ ਉਸਨੂੰ ਸੋਝੀ ਆਵੇ ਕਿ ਮਾਂ ਹੈ, ਮੈਨੂੰ ਪਿਆਰ ਕਰ ਰਹੀ ਹੈ, ਤੇ ਮੈਂ ਉਸ ਦੀ ਗੋਦ ਵਿਚ ਬੈਠਾ ਹਾਂ, ਮੇਰੀ ਪਿੱਠ ਉਸ ਦੇ ਨਾਲ ਲੱਗ ਕੇ ਸੁਖ ਲੈ ਰਹੀ ਹੈ। ਉਸ ਨੂੰ ਮਾਂ ਦਾ ਹੁਣ ਗਿਆਨ ਹੋਇਆ ਹੈ ਇਹ ਗਿਆਨ ਉਸ ਤਰ੍ਹਾਂ ਦਾ ਤਾਂ ਨਹੀਂ ਨਾ ਕਿ ਜਿਸ ਤਰ੍ਹਾਂ ਨਾਲ ਕਿ ਉਸਨੂੰ ਖਿਡੌਣਿਆਂ ਦਾ ਹੋ ਰਿਹਾ ਸੀ। ਇਸ ਤੋਂ ਸਮਝ ਲਓ ਕਿ ਪ੍ਰਮੇਸ਼ਰ ਦਾ ਗਿਆਨ, ਖਿਡੌਣਿਆਂ ਦੇ ਗਿਆਨ ਵਰਗਾ ਨਹੀਂ ਪਰ ਬੱਚੇ ਨੂੰ ਖਿਡੌਣਿਆਂ ਤੋਂ ਪਰਤ ਕੇ ਪਿਛਲੇ ਪਾਸੇ (ਅੰਤਰਮੁਖ ਹੋ ਕੇ) ਪ੍ਰਾਪਤ ਹੋਏ ਮਾਂ ਦੇ ਗਿਆਨ ਵਰਗਾ ਗਿਆਨ ਹੈ। ਇਕ ਹੋਰ ਤਰ੍ਹਾਂ ਸਮਝੋ।

ਬਸੰਤ ਕੌਰ – ਉਹ ਕਿਵੂੰ।

ਹਿੰਮਤ ਸਿੰਘ – ਜਿੱਕੂੰ ਨਜ਼ਰ ਸਭ ਕੁਝ ਦੇਖਦੀ ਹੈ ਪਰ ਆਪਣੇ ਆਪ ਨੂੰ ਹੋਰਨਾਂ ਪਦਾਰਥਾਂ ਵਾਂਗ ਅੱਖਾਂ ਦੇ ਸਾਮ੍ਹਣੇ ਕਰਕੇ ਤਾਂ ਨਹੀਂ ਨਾ ਦੇਖ ਸਕਦੀ। ਨਜ਼ਰ ਤਾਂ ਆਪੇ ਅਨੁਭਵ ਕਰਦੀ ਹੈ ਕਿ ਮੈਂ 'ਦੇਖਣਹਾਰ' ਹਾਂ ਇਸ ਕਰਕੇ ਨਜ਼ਰ ਦਾ ਗਿਆਨ ਤਾਂ ਦੇਖਣ ਵਾਲੇ ਨੂੰ ਆਪਣੀ ਦੇਖਣਹਾਰੀ ਦਸ਼ਾ ਵਿਚ ਹੈ। ਸੋ ਇਸੇ ਤਰ੍ਹਾਂ ਪ੍ਰਿਯ ਜੀ! ਪਹਿਲੇ 'ਆਪਣੇ ਸਰੂਪ ਦਾ' ਟਿਕਾਉ ਹੁੰਦਾ ਹੈ। ਇਥੇ ਜੋਗ ਵਾਲੇ ਥਟਕ ਜਾਂਦੇ ਹਨ ਪਰ ਗੁਰੂ ਜੀ ਦਸਦੇ ਹਨ ਕਿ ਸਾਡਾ ਆਪਾ ਜੋ ਐਉਂ ਟਿਕਿਆ ਹੈ, ਇਸ ਦੇ ਪਿਛੇ ਕੋਈ ਹੋਰ ਦੇਖਣਹਾਰ ਹੈ।

ਬਸੰਤ ਕੌਰ – ਮੋਟਾ ਕਰਕੇ ਦੱਸੋ?

ਹਿੰਮਤ ਸਿੰਘ – ਤੁਸੀਂ ਇਕ ਮੂਰਤ ਨੂੰ ਤੱਕ ਰਹੇ ਹੋ। ਤੁਹਾਡੀ ਅੱਖ ਦੇਖ ਰਹੀ ਹੈ, ਪਰ ਤੁਸੀਂ ਆਪਣੀ ਅੱਖ ਨਹੀਂ ਦੇਖ ਰਹੇ ਹੋ, ਉਂਞ ਅਨੁਭਵ ਕਰ ਰਹੇ ਹੋ ਕਿ ਅੱਖ ਹੈ। ਹੁਣ ਅੱਖ ਦ੍ਰਿਸ਼ਟਾ ਹੈ, ਮੂਰਤ ਦ੍ਰਿਸ਼ਟਮਾਨ ਹੈ। ਤੁਸੀਂ ਮੂਰਤ ਛੱਡ ਕੇ ਆਪੇ ਵਿਚ ਟਿਕ ਗਏ, ਜੋਗ ਏਥੇ ਬੱਸ ਹੈ। ਗੁਰੂ ਜੀ ਕਹਿੰਦੇ ਹਨ ਕਿ ਅੱਖ ਦੇ ਮਗਰ ਤੁਹਾਡਾ ਆਪਣਾ ਆਪ ਹੈ ਜੋ ਨਜ਼ਰ ਸ਼ਕਤੀ ਨੂੰ ਅੱਖ ਵਿਚ ਭੇਜ ਕੇ ਅੱਖ ਨੂੰ ਦ੍ਰਿਸ਼ਟਮਾਨ ਦਾ ਦੇਖਣਹਾਰ ਬਣਾਉਂਦਾ ਹੈ, ਪਰ ਆਪ ਉਹ ਉਸ ਦੇ ਬੀ ਪਿੱਛੇ ਦੇਖਣਹਾਰ ਹੈ, ਅਰਥਾਤ ਸਾਡਾ ਆਪਾ ਜਗਤ ਦਾ ਦੇਖਣਹਾਰ ਹੈ ਤੇ ਸਾਡੇ ਪਿੱਛੇ ਸਾਡਾ ਤੇ ਜਗਤ ਦਾ ਦੇਖਣਹਾਰ ਅਕਾਲ ਪੁਰਖ ਹੈ। ਗੁਰੂ ਜੀ ਨੇ ਇਸ ਤਰ੍ਹਾਂ ਸਾਡੇ 'ਆਪੇ' ਨੂੰ 'ਤੱਤ' ਤੇ ਵਾਹਿਗੁਰੂ ਦੇ ਆਪੇ ਨੂੰ 'ਪਰਮ ਤੱਤ' ਕਹਿ ਕੇ ਦੋਹਾਂ ਦੇ ਮਿਲਾਪ ਨੂੰ ਮਿਲਾਪ ਕਿਹਾ ਹੈ। ਯਥਾ – ਤੰਤੈ ਕਉ ਪਰਮ ਤੰਉ ਮਿਲਾਇਆ ਨਾਨਕ ਸਰਣਿ ਤੁਮਾਰੀ।' ਸੋ ਅਸਾਂ ਸਿਮਰਨ ਦੁਆਰਾ ਦ੍ਰਿਸ਼ਟਮਾਨ ਤੋਂ ਉੱਠ ਕੇ ਆਪੇ ਵਿਚ ਟਿਕਣਾ ਹੈ ਤੇ ਆਪੇ ਨੂੰ ਪਰਮ ਆਪੇ ਨਾਲ ਮੇਲਣਾ ਹੈ ਤੇ ਇਹ ਮਿਲਾਪ ਕੋਹ ਯਾ ਅਨੁਭਵੀ ਗਿਆਨ ਕਹੋ, ਉਸ ਤਰ੍ਹਾਂ ਦਾ ਨਹੀਂ ਹੈ ਕਿ ਜਿਸ ਤਰ੍ਹਾਂ ਦਾ ਬੱਚਾ ਖਿਡੌਣੇ ਦੇਖ ਰਿਹਾ ਹੈ ਸਗੋਂ ਇਸ ਤਰ੍ਹਾਂ ਦਾ ਹੈ ਕਿ ਜਿਵੇਂ ਉਹ ਜਾਣਦਾ ਹੈ ਕਿ ਮੇਰੀ ਨਜ਼ਰ ਹੈ ਤੇ ਉਹ ਜਾਣ ਲੈਂਦਾ ਹੈ ਕਿ ਮੈਂ ਮਾਂ ਦੀ ਗੋਦ ਵਿਚ ਬੈਠਾ ਹਾਂ, ਚਾਹੇ ਮਾਂ ਪਿਛਲੇ ਪਾਸੇ ਹੈ, ਨੈਣਾ ਦੇ ਸਾਮ੍ਹਣੇ ਨਹੀਂ। ਇਸ ਕਰਕੇ ਗੁਰੂ ਜੀ ਨੇ 'ਮਨ ਮਾਤ੍ਰ ਨਾਲ ਜਾਣ ਲੈਣ ਨੂੰ' ਨਹੀਂ ਪਰ 'ਨਾਮ ਦੁਆਰਾ ਮਿਲ ਪੈਣ' ਨੂੰ ਈਸ਼ਵਰ ਪ੍ਰਾਪਤੀ ਆਖਿਆ ਹੈ –

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਲਖੁ ਲਖੁ
ਲਖ ਲਖ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥
ਅੰਗ – ੭

ਬਸੰਤ ਕੌਰ – ਅਸਲ ਗੱਲ ਜ਼ਰਾ ਹੋਰ ਸੌਖੀ ਕਰਕੇ ਸਮਝਾਓ।

ਹਿੰਮਤ ਸਿੰਘ – ਇਹ 'ਸਾਡਾ ਆਪਾ' ਅੰਸ਼ ਹੈ ਉਸ ਚੇਤਨ ਦੀ, ਜਿਸਨੂੰ ਪਰਮੇਸ਼ਰ ਆਖਦੇ ਹਾਂ। ਓਸ ਚੇਤਨ ਦਾ ਸਰੂਪ 'ਪ੍ਰੇਮ' ਹੈ, ਇੰਜ ਅੰਸ਼ ਦਾ ਸਰੂਪ ਬੀ 'ਪ੍ਰੇਮ' ਹੈ। ਵਿਛੋੜਾ ਇਸ ਗੱਲ ਵਿਚ ਹੈ ਕਿ ਇਸ ਅੰਸ਼ ਦ੍ਰਿਸ਼ਟਾਮਨ (ਦਿਸ ਰਹੇ ਜਗਤ) ਦੇ ਪ੍ਰੇਮ ਵਿਚ ਫਸ ਗਈ ਹੈ, ਇਸ ਕਰਕੇ ਆਪਣੇ ਕਾਰਨ, ਆਪਣੇ ਮਾਲਕ 'ਪ੍ਰੇਮ ਸਰੂਪ ਦ੍ਰਿਸ਼ਟੇ' ਤੋਂ ਵਿਛੁੜ ਗਈ ਹੈ। ਹੁਣ ਮੁਰਦੇ ਸਾਧਨ ਪ੍ਰੇਮ ਦੀ ਸ਼ਕਤੀ ਪ੍ਰੇਮ ਦੀ ਰੂਹ ਤੇ ਤ੍ਰਾਣ ਵਾਲਿਆਂ ਨੂੰ ਕਿਕੂੰ ਮਿਲਾ ਸਕਦੇ ਹਨ। ਅਸੀਂ ਚਾਹੁੰਦੇ ਹਾਂ ਕਿ ਆਪਣੇ ਕਾਰਨ (ਪਰਮੇਸ਼ੁਰ) ਨੂੰ ਪ੍ਰਾਪਤ ਹੋਵੀਏ ਤਦ ਸਾਫ ਗੱਲਇਹ ਹੈ ਕਿ ਸਾਡੇ ਪ੍ਰੇਮ ਦਾ ਵੇਗ, ਜੋ ਦ੍ਰਿਸ਼ਟਮਾਨ ਵਲ ਹੋ ਗਿਆ ਹੈ। ਉਸਨੂੰ ਵਾਹਿਗੁਰੂ (ਦ੍ਰਿਸ਼ਟਾ) ਵਲ ਲਾ ਦੇਈਏ। ਦੁਹਾਂ ਵਿਚ ਪ੍ਰੇਮ ਦਾ ਗੁਣ ਹੈ, ਯਾ ਦੁਹਾਂ ਦਾ ਅਸਲ ਸਰੂਪ 'ਪ੍ਰੇਮ' ਹੈ, ਜਦ ਸਜਾਤੀ ਤੇ ਸਜਾਤੀ ਵਸਤਾਂ, ਜਿਨ੍ਹਾਂ ਦਾ ਸਰੂਪ ਖਿੱਚ (ਪ੍ਰੇਮ) ਹੈ, ਆਮੋਂ ਸਾਮ੍ਹਣੇ ਆਉਂਦੀਆਂ ਹਨ ਤਦ ਉਹੋ ਖਿੱਚ ਉਨ੍ਹਾਂ ਨੂੰ ਮੇਲ ਦਿੰਦੀ ਹੈ, ਤਾਂ ਤੇ ਪਰਮ ਉਤਮ ਕੰਮ ਇਹ ਹੈ ਕਿ ਓਪਣੇ ਪ੍ਰੇਮ ਦੇ ਪ੍ਰਵਾਹ ਨੂੰ ਜੋ ਜਗਤ (ਦ੍ਰਿਸ਼ਟਮਾਨ) ਵਿੱਚ ਖੱਚਤ ਹੋ ਕੇ ਪ੍ਰਮੇਸ਼ਰ (ਦ੍ਰਿਸ਼ਟਾ) ਤੋਂ ਵਿਛੁੜ ਗਿਆ ਹੈ, ਮੋੜ ਕੇ ਪਰਮੇਸ਼ਰ (ਦ੍ਰਿਸ਼ਟਾ) ਵਲ ਲਗਾ ਦੇਈਏ। ਇਹ ਸਾਈਂ ਮਿਲਾਪ ਦਾ ਸਿੱਧਾ ਤੇ ਜੀਉਂਦਾ ਸਾਧਨ ਹੈ।

ਬਸੰਤ ਕੌਰ – ਬਹੁਤ ਬਰੀਕ ਗੱਲਾਂ ਹਨ, ਆਪ ਨੇ ਬਹੁਤ ਸਾਫ ਕਰਕੇ ਸਮਝਾਈਆਂ ਹਨ, ਪਰ ਮੇਰੀ ਬੁੱਧੀ ਮੋਟੀ ਹੈ, ਇਸ ਕਰਕੇ ਆਪ ਨੂੰ ਸੁਣਾ ਲਵਾਂ ਕਿ ਠੀਕ ਸਮਝ ਆਈ ਹੈ ਕਿ ਨਹੀਂ, 1. ਵਾਹਿਗੁਰੂ ਆਪ ਪ੍ਰੇਮ ਦਾ ਸਰੂਪ ਹੈ (2) ਇਹ ਜੀਵ ਉਸੇ ਦੀ ਅੰਸ਼ ਹੈ, ਇਸ ਕਰਕੇ ਇਸ ਵਿਚ ਬੀ ਪ੍ਰੇਮ ਹੈ ਪਰ (3) ਇਸ ਨੇ ਆਪਣੇ ਇਸ ਗੁਣ ਨੂੰ ਦੁਨੀਆਂ ਦੇ ਵਿਚ ਲਾ ਲਿਆ ਹੈ। 4. ਇਧਰ ਲਗਣ ਕਰਕੇ ਇਸ ਦੇ ਅੰਦਰਲੀ ਪਿਆਰ ਵਾਲੀ ਤਾਕਤ ਦ੍ਰਿਸ਼ਟਮਾਨ ਦੇ ਪਿਆਰ ਵਿਚ ਲਗ ਰਹੀ ਹੈ। ੫. ਆਪਣੇ ਕਾਰਨ ਵਾਹਿਗੁਰੂ ਦੇ ਪ੍ਰੇਮ ਸਰੂਪ ਤੋਂ ਵਿਛੁੜ ਰਹੀ ਹੈ ੬. ਹੁਣ ਜੇ ਇਸ ਦੇ ਇਸ ਸੁਭਾਉ ਨੂੰ, ਜੋ ਪੁੱਠਾ ਹੋ ਗਿਆ ਹੈ ਫੇਰ ਅਸਲ ਪਾਸੇ ਵਲ ਮੋੜ ਦੇਈਏ ਕਿ ਭੁੱਲ ਵਿਚ ਰਹਿਣ ਦੀ ਥਾਂ – ਨਿਰਾ ਦੁਨੀਆਂ ਦੇ ਮੋਹ ਵਿਚ ਰਹਿਣ ਦੀ ਥਾਂ – ਪਰਮੇਸ਼ਰ ਨਾਲ ਪਿਆਰ ਕਰਨ ਵਿਚ, ਅਰਥਾਤ ਉਸ ਦੀ 'ਯਾਦ' ਵਿਚ ਲਾ ਦੇਈਏ, ਤਦ ਸੁਭਾਉ ਸਿੱਧਾ ਹੋ ਜਾਵੇਗਾ।

ਜਿੱਕੁਰ ਸੰਸਾਰ ਦੀਆਂ ਲੋੜਾਂ ਪੈਣ ਤਦ ਅਸੀਂ ਡਾਢੇ ਉਦਾਸ ਹੁੰਦੇ ਹਾਂ ਤੇ ਉਨ੍ਹਾਂ ਨਮਿੱਤ ਤਰਲੇ ਲੈਂਦੇ ਹਾਂ, ਇਹ ਸਾਡੇ ਮੋਹ ਦੇ ਕਾਰਨ ਸਾਥੋਂ ਜਤਨ ਹੁੰਦੇ ਹਨ। ਜੇ ਅਸੀਂ ਸਤਿਸੰਗੀ ਬੀ ਹੋਈਏ ਤਾਂ ਪ੍ਰਾਰਥਨਾ ਕਰਦੇ ਹਾਂ ਕਿ ਹੇ ਭਗਵੰਤ ਜੀ! ਮੇਰਾ ਬਾਲ ਰਾਜ਼ੀ

ਹੋ ਜਾਏ, ਮੇਰੀ ਭੋਂ ਬਹੁਤ ਦਾਣੇ ਦੇਵੇ। ਇਸ ਵਿਚ ਬੀ ਅਸੀਂ ਪਰਮੇਸ਼ੁਰ ਦੇ ਨੇੜੇ ਤਾਂ ਹੋਏ ਪਰ ਓਸਨੂੰ ਅਜੇ ਕੁਛ ਓਪਰਾ ਤੇ ਇਨ੍ਹਾਂ ਚੀਜ਼ਾਂ ਨੂੰ ਕੁਛ ਵਧੇਰੇ ਆਪਣਾ ਜਾਣ ਕੇ ਉਸ ਤੋਂ ਆਪਣੀਆਂ ਚੀਜ਼ਾਂ ਦਾ ਸੁਖ ਤੇ ਵਾਧਾ ਮੰਗਦੇ ਹਾਂ। ਜੇ ਅਸੀਂ ਸੰਸਾਰ ਦੇ ਮੋਹ ਵਿਚ ਨਾ ਹੋਵੀਏ ਤਾਂ ਅਸੀਂ ਭਗਵੰਤ ਜੀ ਨੂੰ ਪਿਆਰ ਕਰੀਏ ਤੇ ਜੋ ਕੁਛ ਹੋਵੇ ਆਪਣੇ ਪਿਆਰੇ ਦੀ ਮਰਜ਼ੀ ਜਾਣ ਕੇ ਪ੍ਰਸੰਨ ਹੋਵੀਏ, ਭਈ ਇਹ ਸੰਸਾਰ ਤਾਂ ਸਦਾ ਲਈ ਆਪਣਾ ਨਹੀਂ ਹੈ ਤੇ ਇਸ ਵਿਚ ਜੋ ਕੁਛ ਹੋ ਰਿਹਾ ਹੈ ਸਾਡੇ ਪਿਆਰੇ ਦਾ ਚੋਜ ਹੈ, ਤਾਂ ਤੇ ਪਿਆਰਾ ਜੋ ਕੁਛ ਕਰਦਾ ਹੈ, ਚੰਗਾ ਕਰਦਾ ਹੈ। ਐਉਂ ਅਸੀਂ ਪਿਆਰੇ ਨਾਲ ਜੁੜ ਜਾਂਦੇ ਹਾਂ। ਇਹੋ, ਹੁਕਮਿ ਰਜਾਈ ਚਲਣਾ' ਹੈ। ਪਤੀ ਜੀ! ਮੇਰੀ ਸਮਝ ਵਿਚ ਤਾਂ ਏਸ ਤਰ੍ਹਾਂ ਕੁਛ ਆਇਆ ਹੈ।

ਹਿੰਮਤ ਸਿੰਘ - ਠੀਕ ਹੈ।

ਬਸੰਤ ਕੌਰ - ਪ੍ਰੰਤੂ ਇਕ ਸੰਸਾ ਹੈ। ਤ੍ਰੀਮਤਾਂ ਗਾਉਂਦੀਆਂ ਹੁੰਦੀਆਂ ਹਨ - ਵੇ ਢੋਲਾ! ਨੇਹੁੰ ਨ ਲਗਦੇ ਜੋਰੀਂ ਤੇ ਪੁੱਛ ਨਾ ਪੈਂਦੇ ਮਾਮਲੇ। ਸੋ ਇਹ ਜੋ ਵਾਹਿਗੁਰੂ ਜੀ ਨਾਲ ਪ੍ਰੇਮ ਕਰਨਾ ਹੈ; ਅਰਥਾਤ ਨੇਹੁੰ ਲਾਉਣਾ ਹੈ, ਇਹ ਜੋਰੀਂ ਕੀਕੂੰ ਲੱਗ ਸਕਦਾ ਹੈ? ਦਿੱਸਣ ਵਾਲੀਆਂ ਚੀਜ਼ਾਂ ਵਿਚ ਤਾਂ ਉਨ੍ਹਾਂ ਚੀਜ਼ਾਂ ਦੀ ਸੁੰਦਰਤਾ ਅਰ ਫਬਵੀਂ ਨੁਹਾਰ, ਗੁਣ ਆਦਿਕ ਮਨ ਨੂੰ ਮੋਹ ਲੈਂਦੇ ਹਨ ਤੇ ਨੇਹੁੰ ਲੱਗ ਜਾਂਦਾ ਹੈ। ਜਿਸ ਭਗਵੰਤ ਜੀ ਨੂੰ 'ਡੱਠਾ ਨਹੀਂ ਹੈ, ਜਿਸ ਦੀ ਸੁੰਦਰਤਾ ਨੂੰ ਅੱਖਾਂ ਨੇ ਨਹੀਂ ਤੱਕਿਆ ਤੇ ਗੁਣਾਂ ਤੋਂ ਮਨ ਨੇ ਖਿੱਚ ਨਹੀਂ ਖਾਧੀ ਉਸ ਨਾਲ ਜ਼ੋਰੀਂ ਨੇਹੁੰ ਕੀਕੂੰ ਲੱਗ ਪੈਂਦਾ ਹੈ?

ਹਿੰਮਤ ਸਿੰਘ - ਇਹ ਗੱਲ ਠੀਕ ਹੈ ਪਰ ਦੁਨੀਆਂ ਵਿਚ ਬੀ ਨੇਹੁੰ ਸਦਾ ਗੁਣ ਤੇ ਸੁੰਦਰਤਾ ਕਰਕੇ ਨਹੀਂ ਲਗਦੇ। ਕਈ ਵੇਰ ਮਨਾਂ ਨੂੰ ਅਕਾਰਣ ਖਿੱਚ ਬੀ ਪੈ ਜਾਂਦੀ ਹੈ। ਗੁਰਮੁਖ ਆਖਦੇ ਹਨ ਕਿ ਪਿਛਲੇ ਜਨਮਾਂ ਦੇ ਮੇਲ ਹੁੰਦੇ ਹਨ, ਜਾਂ ਕੋਈ ਰੂਹਾਂ ਦੇ ਆਪੋ ਵਿਚ ਕੁਦਰਤੀ ਖਿੱਚਾਂ ਦੇ ਢੋ ਢੁਕਦੇ ਹਨ, ਜਿਨ੍ਹਾਂ ਦੇ ਕਾਰਨ ਸਾਨੂੰ ਪਤਾ ਨਹੀਂ, ਸੋ ਪਿਆਰੀ ਜੀ! ਅਕਸਰ ਤਾਂ ਪਿਛਲੇ ਜਨਮਾਂ ਦੇ ਲੱਗੇ ਹੋਏ ਲੋਕ ਇੱਥੇ ਅਕਾਰਨ ਹੀ ਵਾਹਿਗੁਰੂ ਜੀ ਨਾਲ ਖਿੱਚ ਖਾਂਦੇ ਤੇ ਪ੍ਰੇਮ ਕਰਦੇ ਹਨ। ਇਨ੍ਹਾਂ ਦੇ ਅੰਦਰ ਕੋਈ ਸੋਝੀ ਜੇਹੀ ਹੁੰਦੀ ਹੈ ਜੋ ਮੱਲੋ ਮੱਲੀ ਇਸ ਰਾਹੇ ਪਾਉਂਦੀ ਹੈ। ਕੁਦਰਤ ਦੀ ਸੁੰਦਰਤਾ ਦੇ ਝਲਕੇ ਕਈਆਂ ਨੂੰ ਕਾਦਰ ਦੀ ਪ੍ਰਾਪਤੀ ਦੀ ਚਾਹ ਲਾ ਦਿੰਦੇ ਹਨ। ਕੁਛ ਘੱਟ ਕਰਨੀ ਵਾਲੇ ਪਿਛੋਂ ਆਉਂਦੇ ਹਨ ਉਹ ਕਿਸੇ ਠੋਹਕਰ ਨਾਲ, ਕਿਸੇ ਬਹਾਨੇ ਨਾਲ, ਲਗ ਪੈਂਦੇ ਹਨ। ਗੁਰਸਿੱਖੀ ਵਿਚ ਗੁਰਬਾਣੀ ਦੇ ਪਾਠ ਵਿਚਾਰ ਕਰਨ ਵਾਲੇ ਇਸ ਪਾਸੇ ਲਗਦੇ ਹਨ। ਪ੍ਰੰਤੂ ਜਿਨ੍ਹਾਂ ਨੂੰ ਪਿਛਲੇ ਜਨਮ ਦਾ ਤੀਰ ਨਹੀਂ ਵੱਜਾ ਹੋਇਆ ਤੇ ਹੁਣ ਲਾਵਣਾ ਹੈ, ਸੋ ਉਹ ਭਲੇ ਦੇ ਸੰਗ ਤੋਂ ਲੱਗਦੇ ਹਨ, ਜਿਕੂੰ ਐਬ ਕੁਸੰਗ ਨਾਲ ਲਗਦੇ ਹਨ ਤਿਕੂੰ ਸਾਈਂ ਦਾ ਨੇਹੁੰ ਨੇਹੁੰ ਵਾਲੇ ਸਤਿਸੰਗ ਦੀ ਸੰਗਤ ਵਿਚ ਬੈਠਿਆ ਲਗਦਾ ਹੈ।

ਬਸੰਤ ਕੌਰ - ਪਰ ਕੋਈ ਸਤਿਸੰਗੀਆਂ ਦੀ ਗੋਸ਼ਟ ਵਿਚ ਬੈਠਣ ਦੀ ਖਿੱਚ ਕੀਕੂੰ ਖਾਵੇ?

ਪਤੀ - ਇਹ ਗੱਲ ਆਪਣੇ ਉਦਮ ਦੀ ਹੈ, ਪਰ ਅਕਸਰ ਦੁੱਖਾਂ ਦੇ ਹੱਥ ਹੈ। ਸ੍ਰੀ ਗੁਰੂ ਜੀ ਨੇ ਇਸਦਾ ਦਾਰੂ 'ਦੁੱਖ' ਭੀ ਲਿਖਿਆ ਹੈ। ਸੰਸਾਰ ਜੜ੍ਹ, ਦੁੱਖ ਰੂਪ ਤੇ ਨਾਸ਼ਮਨ ਸਭ ਕਿਸੇ ਨੂੰ ਦਿਸਦਾ ਹੈ। ਜਿਨ੍ਹਾਂ ਨਾਲ ਪਿਆਰ ਕਰੀਦਾ ਹੈ ਉਹ ਮਰ ਜਾਂਦੇ ਹਨ, ਜਿਨ੍ਹਾਂ ਵਸਤਾਂ ਨੂੰ ਜੋੜ ਜੋੜ ਧਰੀਦਾ ਹੈ ਨਾਸ਼ ਹੋ ਜਾਂਦੀਆਂ ਹਨ। ਤਦੋਂ ਹਾਵਾ ਲਗਦਾ ਹੈ ਕਿ ਹਾਇ ਕੀ ਹੋ ਗਿਆ, ਇਹ ਪਿਆਰ ਕਿੱਥੇ ਗਏ? ਸੰਸਾਰ ਦੇ ਮੋਹ ਵਿਚ ਸੱਟਾਂ ਵਜਦੀਆਂ ਹਨ, ਉਹ ਮਨ ਨੂੰ ਸੋਚ ਪਾਉਂਦੀਆਂ ਹਨ ਕਿ ਇਨ੍ਹਾਂ ਦੁੱਖਾਂ ਦਾ ਕੋਈ ਦਾਰੂ ਹੋਵੇ। ਮਨੁੱਖ ਫੇਰ ਆਪਣੀ ਅਕਲ ਦੇ ਸਾਰੇ ਉਪਰਾਲੇ ਤੇ ਹੀਲੇ ਕਰਦਾ ਹੈ। ਨਾਸ਼ਵਾਨ ਨੇ ਬਿਨਸਣਾ ਹੀ ਹੋਇਆ। ਜਦ ਕੋਈ ਪੇਸ਼ ਨਹੀਂ ਜਾਂਦੀ ਤੇ ਸੱਟਾਂ ਤੇ ਧੱਕੇ ਲਗਦੇ ਹਨ, ਤਦ ਅਖੀਰ ਮਨ ਟੋਲ ਕਰਦਾ ਹੈ ਕਿ ਕਿਤੇ ਹੋਰਥੇ ਹੀ ਨਾ ਸੁਖ ਹੋਵੇ। ਜਦ ਕੋਈ ਗੁਰਮੁਖ ਸੁਖੀ ਨਜ਼ਰ ਪੈਂਦਾ ਹੈ, ਜਿਸਨੂੰ ਉਹ ਦੁੱਖ ਕਲੇਸ਼ ਨਹੀਂ ਦਿੰਦੇ ਜੋ ਸਾਨੂੰ ਦਿੰਦੇ ਹਨ ਤਦ ਹੈਰਾਨ ਹੋ ਕੇ ਗੁਰਮੁਖ ਤੋਂ ਕਾਰਨ ਪੁੱਛੀਦਾ ਹੈ; ਉਹ ਕ੍ਰਿਪਾ ਕਰਕੇ ਦੱਸਦੇ ਹਨ ਕਿ ਜੋ ਦਿੱਸਦਾ ਹੈ ਜਗਤ ਉਹ ਜ਼ਰੂਰ ਪਲਟੇ ਖਾਂਦਾ ਹੈ, ਜੋ ਇਸ ਨਾਲ ਮੋਹ ਹੈ, ਉਹ ਇਸ ਦੇ ਹਰ ਪਲਟੇ ਤੇ ਸੱਟ ਖਾਵੇਗਾ। ਜੇ ਤੁਸੀਂ ਉਸ ਨਾਲ ਮੋਹ ਕਰੋ ਕਿ ਜੋ ਇਸਦਾ ਕਾਰਨ ਹੈ, ਜਿਸਦਾ ਇਹ ਪ੍ਰਕਾਸ਼ ਹੈ ਤਦ ਸੁਖ ਹੋਵੇ, ਕਿਉਂਕਿ ਉਹ ਸਦਾ ਇਕ ਰਸ ਰਹਿੰਦਾ ਹੈ। ਜਦੋਂ ਇਸ ਤਰ੍ਹਾਂ ਕੁਛ ਸਮਝ ਪੈਂਦੀ ਹੈ, ਤਦ ਫੇਰ ਗੁਰਮੁਖਾਂ ਦਾ ਮੇਲ ਗੇਲ ਚੰਗਾ ਲਗਦਾ ਹੈ। ਜਦ ਉਨ੍ਹਾਂ ਨੂੰ ਮਿਲੀ ਗਿਲੀਦਾ ਹੈ, ਤਦ ਉਨ੍ਹਾਂ ਦੇ ਰੰਗ ਲੱਗਣ ਦਾ ਅਕਸਰ ਆਉਂਦਾ ਹੈ, ਐਉਂ ਦ੍ਰਿਸ਼ਟਮਾਨ ਦੇ ਮੋਹ ਤੋਂ ਪੈਦਾ ਹੋਏ ਦੁੱਖ ਸਾਨੂੰ ਉਸ ਸਤਿਸੰਗ ਵਾਲੇ ਪਾਸੇ ਵਲ ਭੇਜਦੇ ਹਨ।

ਬਸੰਤ ਕੌਰ - ਠੀਕ ਹੈ, ਪਰ ਉਨ੍ਹਾਂ ਦੇ ਕੋਲ ਬੈਠਿਆਂ ਉਠਿਆ ਦੇਖਾ ਦੇਖੀ ਨੇਹੁੰ ਲੱਗ ਜਾਂਦਾ ਹੈ ਜਾਂ ਉਹ ਵਾਹਿਗੁਰੂ ਦਾ ਦਰਸ਼ਨ ਕਰਾ ਦਿੰਦੇ ਹਨ ਤੇ ਸੁੰਦਰਤਾ ਮੋਹ ਲੈਂਦੀ ਹੈ।

ਪਤੀ - ਇਹ ਆਪੋ ਆਪਣੀ ਰੂਹ ਦੀ ਸਫਾਈ ਦੀ ਗੱਲ ਹੈ, ਪਰ ਗੁਰਮੁਖ ਜਦ ਦਿਆਲ ਹੁੰਦੇ ਹਨ ਤਦ ਪਰਮੇਸ਼ੁਰ ਦੀ ਸੇਵਾ ਦੀ ਜਾਚ ਸਿਖਾਲਦੇ ਹਨ ਤੇ ਪਰਮੇਸ਼ਰੁ ਜੀ ਦੇ ਗੁਣਾਂ ਦਾ ਕੀਰਤਨ ਸੁਣਾਉਂਦੇ ਹਨ ਤੇ ਉਸਦੇ ਜਸ ਵਰਣਨ ਕਰਦੇ ਹਨ, ਇਸ ਤਰ੍ਹਾਂ ਮਨ ਤੇ ਅਸਰ ਹੁੰਦਾ ਹੈ। ਫੇਰ ਉਹ ਬਾਣੀ ਪੜ੍ਹਨ ਵਿਚ ਲਾਉਂਦੇ ਹਨ। ਬਾਣੀ ਵਿਚ ਪਰਮੇਸ਼ੁਰ ਦੇ ਪਿਆਰ ਦੀਆਂ ਗੱਲਾਂ ਹੁੰਦੀਆਂ ਹਨ। ਉੱਚੇ ਸੁੱਚੇ ਪ੍ਰੇਮੀ ਹਿਰਦੇ ਤੋਂ ਉਚੇਰੀ ਹੋਈ ਹੋਣ ਕਰਕੇ ਬਾਣੀ ਵਿਚ ਇਕ ਸਤਿਆ ਹੁੰਦੀ ਹੈ, ਉਸ ਦੇ ਅਸਰ ਨਾਲ ਮਨ ਉਤੇ ਪਿਆਰ ਲੀਹਾਂ ਪੈਂਦੀਆਂ ਹਨ। ਫੇਰ ਗੁਰਮੁਖ ਸ੍ਰੀ ਪਰਮੇਸ਼ੇਰ ਜੀ ਦੇ ਅੱਗੇ ਬੇਨਤੀ ਕਰਨ ਦਾ ਸੁਭਾਉ ਪਾਉਂਦੇ ਹਨ ਅਤੇ ਸ਼ੁਕਰ ਦੇ ਭੇਤ ਸਮਝਾਉਂਦੇ ਹਨ। ਐਸ ਤਰ੍ਹਾਂ ਨਾਲ ਮਨ ਦੇ ਮੋਹ ਦੀਆਂ ਵਾਂਗਾਂ ਪਰਤਾ ਖਾ ਜਾਂਦੀਆਂ ਹੈ, ਚੰਗੀਆਂ ਗੱਲਾਂ ਵੱਲ ਧਿਆਨ ਰਹਿੰਦਾ ਹੈ, ਮੰਦੀਆਂ ਦਾ ਮੰਦ ਦਿਸ ਕੇ ਮਾੜਾ ਧਨ ਭਾਸ ਜਾਂਦਾ ਹੈ। ਜੀ ਮਿੱਠੀ ਮਿੱਠੀ ਉਦਾਸੀ ਵਾਲਾ, ਕੁਛ ਉਚਾ ਤੇ ਕੁਛ ਉਮੰਗ ਜੇਹੀ ਨਾਲ ਭਰ ਕੇ ਚਾਹਵਾਨ ਹੋ ਜਾਂਦਾ ਹੈ। ਤਦੋਂ ਗੁਰਮੁਖ ਪਰਮੇਸ਼ੁਰ ਦੀ ਯਾਦ ਦੀ ਜਾਂਚ ਸਿਖਾਲਦੇ ਹਨ। ਜਦੋਂ ਯਾਦ ਅਰਥਾਤ ਸਿਮਰਨ ਦੇ ਸੁਆਦ ਦਾ ਝਲਕਾ ਪੈ ਗਿਆ, ਸਮਝੋ ਕਿ ਪ੍ਰੇਮ ਅੰਦਰ ਵੜ ਗਿਆ, ਇਹ ਪ੍ਰੇਮ 'ਨਾਮ' ਪਿਆਰੇ ਦਾ ਮੇਲ ਹੈ।

ਬਸੰਤ ਕੌਰ - ਡਾਢਾ ਸਾਫ ਰਸਤਾ ਹੈ, ਪਰ ਗੁਰਮੁਖਾਂ ਦੀ

ਕੀ ਪਛਾਣ ਹੈ? ਕੀਹ ਜਾਣੀਏ ਕੋਈ ਲੱਬ ਵਾਲਾ ਮਿਲ ਪਏ ਤੇ ਭੁਲੇਖੇ ਵਿਚ ਪਾ ਦੇਵੇ? ਕਿਉਂਕਿ ਜਿਸ ਨੇ ਸੁਣਿਆ ਹੈ, ਪਰ ਡਿੱਠਾ ਨਹੀਂ ਹੈ, ਉਸਨੂੰ ਬਗਲਿਆਂ ਤੇ ਹੰਸਾਂ ਦੀ ਪਛਾਣ ਕਿਕੂੰ ਹੋ ਸਕਦੀ ਹੈ।

ਪਤੀ - ਇਹ ਤਾਂ ਠੀਕ ਹੈ, ਪਰ ਸੋਚ ਲਵੇ; ਸਰੋਵਰਾਂ ਵਲੋਂ ਪੀਣ ਠੰਢੀ ਹੀ ਝੁਲਦੀ ਹੈ, ਭਲਿਆਂ ਦਾ ਪ੍ਰਭਾਉ ਭਲਾ ਹੁੰਦਾ ਹੈ। ਫੇਰ ਵਾਹਿਗੁਰੂ ਦਿਆਲ ਮੂਰਤੀ ਹੈ, ਜੇ ਪ੍ਰਾਰਥਨਾ ਕਰਕੇ ਭਾਲ ਕਰੀਏ ਤਾਂ ਪਰਮੇਸ਼ਰ ਭਲਿਆਂ ਦਾ ਹੀ ਮੇਲ ਕਰਾਉਂਦਾ ਹੈ। ਫੇਰ ਗੁਰਮੁਖਾਂ ਦੀ ਪਛਾਣ ਗੁਰੂ ਜੀ ਨੇ ਸਾਰੀ ਬਾਣੀ ਵਿਚ ਲਿਖੀ ਹੈ। ਆਪੇ ਵਿਚ ਜੁੜੇ ਹੋਏ ਨੂੰ ਯੋਗੀ ਕਹਿੰਦੇ ਹਨ ਪਰ ਜੋ ਵਾਹਿਗੁਰੂ ਨਾਲ ਜੁੜੇ ਸੋ ਗੁਰਮੁਖ ਹੁੰਦਾ ਹੈ। ਗੁਰਮੁਖਾਂ ਵਿਚ ਸਭ ਤੋਂ ਵੱਡਾ ਗੁਣ ਵਾਹਿਗੁਰੂ ਦਾ ਪਿਆਰ ਤੇ ਉਸ ਨਾਲ ਅੰਤਰ ਆਤਮੇ ਸਦਾ ਮੇਲਾ ਹੈ। ਹੋਰ ਗੁਣ ਤਾਂ ਇਸ ਗੁਣ ਦੇ ਲੱਛਣ ਮਾਤ੍ਰ ਹੁੰਦੇ ਹਨ। ਜਿਕੂੰ ਅੱਖਾਂ ਦੀ ਪਿਲੱਤਣ ਰਗ ਨਹੀਂ, ਪਰ ਜਿਗਰ ਵਿਚ ਪਿੱਤਾਂ ਦਾ ਰੋਗ ਹੋ ਜਾਂਦਾ ਹੈ ਅਰ ਅੱਖਾਂ ਦਾ ਪੀਲਾ ਹੋਣਾ ਤਾਂ ਸੁਤੇ ਹੀ ਹੋ ਜਾਏਗਾ ਤੇ ਰੋਗੀ ਦੀ ਅੰਦਰ ਦੀ ਗਤੀ ਨੂੰ ਲਖਾਏਗਾ। ਸੋ ਗੁਰਮੁਖਾਂ ਦੇ ਅੰਦਰਲੇ ਪਿਆਰ ਨੂੰ - ਸਦਾ ਯਾਦ ਨਾਲ ਸਾਈਂ ਵਿਚ ਲੱਗੇ ਰਹਿਣ ਦੀ ਹਾਲਤ ਨੂੰ ਤਾਂ ਗੁਰਮੁਖ ਆਪ ਹੀ ਜਾਣਦੇ ਹਨ, ਪਰ ਉਸ ਅੰਦਰਲੀ ਹਾਲਤ ਤੋਂ ਜੋ ਲੱਛਣ ਪੈਦਾ ਹੁੰਦੇ ਹਨ ਉਹ ਕੁਛ ਪਛਾਣ ਵਿਚ ਮਦਦ ਕਰਦੇ ਹਨ। ਗੁਰਮੁਖਾਂ ਦੀ (੧) ਅੰਦਰਲੀ ਹਾਲਤ ਇਹ ਹੁੰਦੀ ਹੈ ਕਿ ਮਨ ਲਗਾਉ ਸਦਾ ਰੱਬ ਵੱਲ ਹੁੰਦਾ ਹੈ, ਉਸ ਦੀ ਯਾਦ ਕਦੇ ਨਹੀਂ ਵਿਸਰਦੀ, ਉਸ ਵਿਚ ਇਕ ਸੁਆਦ ਰਸ ਆਉਂਦਾ ਹੈ। ਚੜ੍ਹਦੀ ਕਲਾ ਵਿਚ ਖੇਡਦੇ ਹਨ, ਭੈ ਤੇ ਭਰਮ ਵਿਚ ਨਹੀਂ ਪੈਂਦੇ। ੨. ਵਰਤਣ ਐਸ ਤਰ੍ਹਾਂ ਦੀ ਹੁੰਦੀ ਹੈ, ਸੁਖੀਆਂ ਨਾਲ ਪਿਆਰ ਕਰਦੇ ਹਨ, ਦੁਖੀਆਂ ਤੇ ਦਇਆ ਕਰਦੇ ਹਨ, ਭਲੇ ਤੇ ਉਪਕਾਰ ਦੇ ਕੰਮ ਵਿਚ ਉਨ੍ਹਾਂ ਤੋਂ ਸਹਿ-ਸੁਭਾ ਭਲਿਆਈ ਹੁੰਦੀ ਹੈ। ਮਾੜੇ ਕੰਮਾਂ ਤੇ ਕੁਸੰਗਾਂ ਤੋਂ ਉਪਰਾਮ ਰਹਿੰਦੇ ਹਨ। ਕੰਮ ਉਨ੍ਹਾਂ ਦੇ ਸਾਰੇ ਫਲ ਦੀ ਚਾਹ ਤੋਂ ਖਾਲ਼ੀ ਹੁੰਦੇ ਹਨ (੩) ਪ੍ਰਭਾਉ ਐਉਂ ਦਾ ਹੁੰਦਾ ਹੈ ਕਿ ਮਸਤਕ ਪ੍ਰਸੰਨ ਹੁੰਦਾ ਹੈ। ਕੋਲ ਬੈਠਿਆਂ ਚਿੱਤ ਖਿੜਦਾ ਯਾ ਨਿਰਮਲ ਭੈ ਵਿਚ ਆਉਂਦਾ ਹੈ, ਸੰਗ ਕੀਤਿਆਂ ਠੰਢ ਪੈਂਦੀ ਹੈ। ੪. ਉਪਰ (ਰੱਬ ਜੀ ਵਲ) ਦੀ ਖੇਡ ਇਹ ਹੁੰਦੀ ਹੈ ਕਿ ਵਾਹਿਗੁਰੂ ਉਨ੍ਹਾਂ ਨੂੰ ਪਿਆਰ ਕਰਦਾ ਹੈ। ਇਸ ਕਰਕੇ ਸੁਰਤ ਉਨ੍ਹਾਂ ਦੀ ਦਾਤਾ ਪਦ ਵਿਚ ਸਾਈਂ ਵਲ ਝੁਕ ਪੈਂਦੀ ਹੈ। ੫ (ਸਤਿਗੁਰ ਜੀ ਨੇ ਦੱਸਿਆ ਹੈ - 'ਸਾਧ ਕੈ ਸੰਗਿ ਨਹੀਂ ਕਛੁ ਘਾਲ॥ ਦਰਸਨੁ ਭੇਟਤ ਹੋਤ ਨਿਹਾਲ॥ ਸਾਧੂ ਦੇ ਸੰਗ ਨਾਲ ਸੁਤੇ ਹੀ ਇਹ ਅਸਰ ਹੁੰਦਾ ਹੈ ਕਿ ਉਸਦੇ ਦਰਸ਼ਨ ਮਾਤਰ ਨਾਲ ਚਿਤ ਨਿਹਾਲ ਹੋ ਜਾਂਦਾ ਹੈ, ਭਾਵ ਖਿੜ ਜਾਂਦਾ ਹੈ। ਅਸਲ ਵਿਚ ਗੁਰਸਿਖੀ ਦੀ ਪਹਿਲੀ ਗੱਲ ਹੈ, ਗੁਰ ਦੀਖਯਾ ਜੋ ਪ੍ਰਾਪਤ ਹੁੰਦੀ ਹੈ ਅੰਮ੍ਰਿਤ ਛਕਣ ਨਾਲ। ਅੰਮ੍ਰਿਤ ਛਕ ਕੇ ਰਹਿਣੀ ਰੱਖੀ ਦੀ ਹੈ, ਬਾਣੀ ਪੜ੍ਹੀ, ਗਾਵੀਂ ਵੀਚਾਰੀ ਤੇ ਖੋਜੀ ਦੀ ਹੈ। ਮੂਲ ਮੰਤ੍ਰ ਉਚਾਰੀ ਦਾ ਹੈ, ਗੁਰਮੰਤ੍ਰ ਦਾ ਅਭਿਆਸ ਕਰੀਦਾ ਹੈ। ਜੇ ਸੁਤੇ ਰੌ ਟੁਟ ਪਈ ਤਾਂ ਵਾਹ ਵਾਹ ਨਹੀਂ ਤਾਂ ਫਿਰ ਨਾਮ ਦੇ ਪ੍ਰੇਮੀ ਗੁਰਮੁਖ ਦਾ ਸਤਿਸੰਗ ਕਰੀਦਾ ਹੈ। ਕੀਰਤਨ, ਕਥਾ, ਗੁਰਦੁਆਰੇ, ਬਾਣੀ ਦਾ ਪਾਠ, ਗੁਰਮੁਖ ਦਾ ਸਤਿਸੰਗ ਸਾਰੇ ਸਹਾਇਕ ਹਨ।

ਬਸੰਤ ਕੌਰ - ਭਲਾ ਜੇ ਚਿੱਤ ਸੰਸਾਰ ਦੇ ਦੁਖ ਪਾ ਕੇ ਇਸ ਤੋਂ ਮੁੜੇ, ਨਾਮ ਅਭਿਆਸ ਕਰੇ, ਸਹਾਇਤਾ ਲਈ ਗੁਰਮੁਖਾਂ ਦਾ ਸਤਿਸੰਗ ਕਰੇ, ਆਪ ਦੇ ਕਹੇ ਮੂਜਬ ਉਹ ਰਾਹੇ ਵੀ ਪਾ ਦੇਣ, ਫੇਰ ਤਾਂ ਕੋਈ ਤੌਖਲਾ ਨਹੀਂ ਹੈ? ਕਿਉਂਕਿ ਮੈਂ ਆਪਣੇ ਵਲ ਵੇਖਦੀ ਹਾਂ ਕਿ ਨਾਮ ਪ੍ਰਾਪਤ ਹਾਂ, ਆਪ ਗੁਰਮੁਖ ਹੋ, ਆਪ ਨੇ ਰਸਤੇ ਬੀ ਪਾਇਆ ਹੈ, ਪਰ ਮੈਂ ਫੇਰ ਫੇਰ ਓਸੇ ਹੀ ਆਪਣੇ ਚੱਕਰਾਂ, ਵਹਿਣਾਂ ਮਨ ਦੀਆਂ ਲਹਿਰਾਂ ਵਿਚ ਜਾ ਪੈਨੀਂ ਹਾਂ, ਡਰਨੀ ਹਾਂ, ਕਿਤੇ ਕੋਈ ਭੁਲੇਖਾ ਨਾ ਮੈਨੂੰ ਖਾ ਜਾਵੇ।

ਹਿੰਮਤ ਸਿੰਘ - ਤੌਖਲਾ ਤਾਂ ਕੋਈ ਨਹੀਂ ਪੈਂਦਾ, ਜੇਕਰ ਨੀਯਤ ਰਾਸ ਹੋਵੇ। ਜੇ ਨੀਯਤ ਉਚੇ ਹੋਣ ਦੀ ਹੈ, ਮਨ ਨੇ ਸੇਧ ਸਤਿਗੁਰ ਨਾਨਕ ਦੀ ਧਾਰ ਲਈ ਹੈ ਤਾਂ ਜਿੰਨੀਆਂ ਭੁੱਲਾਂ ਪੈਂਦੀਆਂ ਹਨ ਇਹ ਸਭ ਉਨਤੀ ਦੀ ਪੌੜੀ ਦੇ ਡੰਡੇ ਬਣਦੀਆਂ ਹਨ। ਹਰ ਭੁੱਲ ਦੁੱਖ ਲਿਆਉਂਦੀ ਹੈ। ਹਰ ਦੁੱਖ ਮਨ ਨੂੰ ਮੱਤ ਦਿੰਦਾ ਹੈ। ਮਨੁੱਖ ਨੇ ਜੋ ਕੁਝ ਸਿਖਿਆ ਹੈ, ਦੁੱਖ ਦੀ ਭੱਠੀ ਵਿਚ ਹੀ ਤਪ ਤਪ ਕੇ ਸਿਖਿਆ ਹੈ। ਸਤਿਸੰਗ ਦਾ ਵਾਸਾ ਹੋਰ ਹੈ ਕਿ ਇਸਦੀ ਗੋਸ਼ਟ ਭੁੱਲਣ ਘੱਟ ਦਿੰਦੀ ਹੈ। ਜੇ ਭੁੱਲ ਪਵੇ ਬੀ ਤਾਂ ਝੱਟ ਕੱਢ ਲੈਂਦੀ ਹੈ, ਇਸ ਕਰਕੇ ਗੁਰੂ ਜੀ ਨੇ ਸ਼ੁਭ ਸੰਗਤ ਲਈ ਆਗਿਆ ਕੀਤੀ ਹੈ -

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥

ਅੰਗ - ੧੪੬

ਬਸੰਤ ਕੌਰ - ਸੱਚ ਹੈ, ਪਤੀ! ਜਿੱਕੁਰ ਮੇਰੀ ਅੱਜ ਦੀ ਭੁੱਲ ਨੂੰ ਜੇ ਆਪ ਨਾ ਕੱਟਦੇ ਤਾਂ ਮੈਂ ਕਈ ਦਿਨ ਧੁਖ ਧੁਖ ਕੇ ਦੁੱਖ ਪਾ ਕੇ ਮੋੜਾ ਖਾਂਦੀ ਕੀ ਜਾਣੀਏਂ ਨਾ ਹੀ ਮੋੜਾ ਖਾਂਦੀ।

ਪਤੀ - ਸਤਿਸੰਗ ਤਾਂ ਡਾਢੀ ਹੀ ਲੋੜੀਂਦੀ ਹੈ ਤੇ ਇਸ ਗੱਲ ਦੀ ਬੀ ਖਬਰਦਾਰੀ ਚਾਹੀਏ ਕਿ ਸਤਿਸੰਗ ਅਸਲੀ ਹੋਵੇ। ਸਾਡੇ ਵਿਚ ਤਾਂ ਮਿਹਰ ਹੈ, ਕਰਨੀ ਵਾਲੇ ਗੁਰਸਿੱਖੀ ਵਿਚ ਬਹੁਤ ਹਨ, ਪਰ ਉਂਵ ਗੁਰਮੁਖ ਆਮ ਨਹੀਂ ਹੁੰਦੇ। ਆਮ ਜੋ ਸਾਧ ਸੰਤ ਦਿਸਦੇ ਹਨ, ਕੋਈ ਤਪੀਏ, ਕੋਈ ਨੇਮੀ ਤੇ ਬਹੁਤੇ ਪਖੰਡੀ। ਸਤਿਗੁਰ ਨੇ ਕਿਹਾ ਹੈ, ਢੂੰਡਿ ਸਜਨ ਸੰਤ ਪਕਿਆ। ਕਬੀਰ ਜੀ ਨੇ ਕਿਹਾ ਹੈ -

ਕਬੀਰ ਜਉ ਤੁਹਿ ਸਾਧ ਪਿਰੰਮ ਕੀ
ਸੀਸੁ ਕਾਟਿ ਕਰਿ ਗੋਇ
ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ ॥

ਅੰਗ - ੧੩੭੭

ਸੋ ਪ੍ਰਿਯ! ਕਿਵੇਂ ਹੋਵੇ, ਦੁੱਖ ਨਾਲ ਚਾਹੇ ਅੰਦਰਲੇ ਦੀ ਚਾਹ ਨਾਲ, ਚਾਹੇ ਹੋਰ ਤਰ੍ਹਾਂ, ਜਦ ਅੰਦਰੋਂ ਉਮਾਹ ਵਾਹਿਗੁਰੂ ਦੇ ਰਸਤੇ ਦਾ ਉੱਠੇ ਤਾਂ ਪਹਿਲਾਂ ਕੰਮ ਇਹ ਹੈ ਕਿ ਨਿਤਨੇਮ ਦਾ ਰੋਜ਼ ਮਨ ਬਾਣੀ ਵਿਚ ਲਾ ਕੇ ਪਾਠ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੋਜ਼ ਦਰਸ਼ਨ ਤੇ ਪਾਠ ਕਰਨਾ, ਵਿਚਾਰ ਨਾਲ ਅਰ ਆਪਣੇ ਬਚਾਉ ਲਈ ਗੁਰੂ ਜੀ ਦੇ ਚਰਨਾਂ ਵਿਚ ਪ੍ਰਾਰਥਨਾ ਕਰਨੀ ਕਿ ਸੱਚੇ ਪਾਤਸ਼ਾਹ ਜੀ! ਆਪਣੀ ਅਗਵਾਨੀ ਵਿਚ ਆਪ ਟੋਰੋ। ਗੁਰਮੁਖ ਦੇ ਮੇਲ ਲਈ ਅਰਦਾਸ ਨਿਤ ਕਰੇ। ਅਸੀਂ ਰੋਜ਼ ਅਰਦਾਸਾਂ ਕਰਦੇ ਹਾਂ; ਗੁਰਮੁਖ ਦਾ ਮੇਲ, ਸਾਧ ਦਾ ਸੰਗ, ਸੋਈ

ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ। ਅਰਥਾਤ ਗੁਰਮੁਖ-ਸੱਚੇ ਗੁਰਮੁਖ ਦਾ ਮਿਲਾਪ ਹੋਵੇ। ਮਿਲਾਪ ਡਾਢੇ ਪਿਆਰ ਵਾਲੇ ਸਬੰਧ ਦਾ ਨਾਉਂ ਹੈ। ਸਾਧ ਦਾ ਸੰਗ ਹੋਵੇ, ਅਰਥਾਤ ਜੋ ਸਾਈਂ ਰਸਤੇ ਸਾਧਨ ਕਰ ਰਿਹਾ ਹੋਵੇ ਸੰਗਤ ਉਸਦੀ ਹੋਵੇ ਤੇ ਨਾਮ ਜਪਣ ਵਾਲੇ ਸਿੱਖ ਵੀਰਾਂ ਦਾ ਸੰਗ ਬਣਿਆ ਰਹੇ। ਕਿਉਂਕਿ ਜੋ ਆਪ ਜਪਦੇ ਹਨ ਉਨ੍ਹਾਂ ਦੇ ਪਾਸ ਬੈਠਿਆਂ ਨਾਮ ਚਿੱਤ ਆਉਂਦਾ ਹੈ।

ਬਸੰਤ ਕੌਰ - ਪਤੀ ਜੀ! ਮੈਂ ਇਹ ਗੱਲ ਏਸ ਕਰਕੇ ਪੁੱਛੀ ਹੈ ਕਿ ਕਾਕੀ ਸਤਵੰਤ ਕੈਦ ਪੈ ਗਈ, ਬਿਦੇਸ਼ ਚਲੀ ਗਈ, ਗੁਰਮੁਖ ਪਿਤਾ ਤੋਂ ਵਿਛੜ ਗਈ, ਹੁਣ ਉਸਨੂੰ 'ਗੁਰਮੁਖ ਦਾ ਮੇਲ, ਸਾਧ ਦਾ ਸੰਗ, ਨਾਮੀਆਂ ਦੇ ਦਰਸ਼ਨ ਕਿੱਥੇ ਨਸੀਬ ਹਨ? ਅੱਠ ਪਹਿਰ ਕੁਸੰਗ, ਵਿਛੋੜਾ, ਬੰਦੀ, ਭੁੱਖ, ਗਰੀਬੀ ਉਸਨੂੰ ਕੀਕੂੰ ਪਰਮੇਸ਼ਰ ਜੀ ਦੇ ਪਿਆਰ ਤੋਂ ਨਾ ਵਿਛੋੜਦੀ ਹੋਵੇਗੀ? ਐਸੋ ਵਿਛੁੰਨਿਆਂ ਪਿਆਰਿਆਂ ਲਈ ਸ੍ਰੀ ਗੁਰੂ ਜੀ ਨੇ ਕੀਹ ਕ੍ਰਿਪਾ ਕੀਤੀ ਹੈ, ਸੋ ਪ੍ਰਕਾਰ ਦਇਆ ਕਰਕੇ ਸਮਝਾਓ?

ਪਤੀ - ਪਰਮੇਸ਼ਰ ਦੇ ਬਿਰਦ ਦੀ ਤੁਸਾਂ ਗੱਲ ਨਹੀਂ ਸੁਣੀ -

ਹਰਿ ਜੁਗੁ ਜੁਗੁ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ ॥ ਅੰਗ - ੪੫੧

ਸਾਈਂ ਆਪਣਿਆਂ ਦੇ ਅੰਦਰ ਆਪ ਆ ਬਹਿੰਦਾ ਹੈ।

ਫਿਰ ਉਹੋ 'ਦੁਖ ਦਾਰੂ' ਤੇ 'ਨੀਯਤ ਰਾਸ' ਵਾਲੀ ਗੱਲ ਚੇਤੇ ਕਰੋ। ਜਿਸਦੀ ਨੀਯਤ ਮਿਲਨੇ ਦੀ ਹੈ, ਚਾਹੇ ਕਿਤਨਾ ਨਿਰਬਲ ਹੈ, ਕਿਤਨਾ ਭੁੱਲਦਾ ਤੇ ਡਿੱਗਦਾ ਹੈ, ਵਾਹਿਗੁਰੂ ਉਸਦਾ ਆਪ ਰਾਖਾ ਹੁੰਦਾ ਹੈ। ਇਹ ਕੁਦਰਤ ਦਾ ਨੇਮ ਹੈ ਕਿ ਪਰਮੇਸ਼ਰ ਨੂੰ ਯਾਦ ਰੱਖਣ ਵਾਲੇ ਪਿਆਰੇ ਜਦ ਬਿਪਤਾ ਵਿਚ ਪੈਂਦੇ ਹਨ ਤਦ ਉਨ੍ਹਾਂ ਦੀ ਸੁਰਤ ਨੂੰ ਵਾਹਿਗੁਰੂ ਆਪ ਬਲ ਦੇ ਕੇ ਖਿੱਚਦਾ ਹੈ, ਅਰ ਸੁਰਤ ਵਿਚ ਬਿਪਤਾ ਦਾ ਟਾਕਰਾ ਕਰਨੇ ਦਾ ਮਾਦਾ ਵਧੀਕ ਪੈਦਾ ਹੋ ਜਾਂਦਾ ਹੈ। ਉਨ੍ਹਾਂ ਦੀ ਸੁਰਤ ਟਾਕਰਿਆਂ ਵਿਚ ਆ ਕੇ ਕੱਸੀ ਜਾਂਦੀ ਤੇ ਉਚੀ ਹੋ ਕੇ ਹੋਰ ਚੜ੍ਹਦੀ ਹੈ। ਮਰਨ ਚਾਹੇ ਜੀਉਣ ਕਾਪ ਨਹੀਂ ਖਾਂਦੇ। ਫਿਰ ਸਾਡੇ ਪੰਥ ਦਾ ਬਿਰਦ ਬੜਾ ਪਿਆਰ ਵਾਲਾ ਹੈ। ਪਿਛਲੀ ਲੁੱਟ ਵਿਚ ਜਿਤਨੇ ਸਿੱਖ ਕੈਦ ਹੋ ਕੇ ਕਾਬਲ ਗਏ ਹਨ, ਸਭਨਾਂ ਦੀ ਰੱਖਿਆ ਵਾਸਤੇ ਹਰ ਰੋਜ਼ ਦੋ ਵੇਲੇ ਹਰ ਧਰਮਸਾਲ, ਗੁਰਦੁਆਰੇ, ਜੱਥੇ ਤੇ ਹਰ ਸਿੱਖ ਵਲੋਂ ਅਰਦਾਸਾ ਹੁੰਦਾ ਹੈ। ਇਹ ਜੋ ਗੁਰਮੁਖਾਂ ਤੇ ਪ੍ਰੇਮੀਆਂ ਵਲੋਂ ਨਿੱਤ ਸੱਚੇ ਦਿਲੋਂ ਪ੍ਰਾਰਥਨਾ ਹੁੰਦੀ ਹੈ, ਇਹ ਉਨ੍ਹਾਂ ਦੀ ਆਤਮਾ ਨੂੰ ਬਲ ਦਿੰਦੀ ਹੈ, ਵਾਹਿਗੁਰੂ ਦੀ ਵਿਆਪਕ ਸਤਿਯਾ ਨੂੰ ਸਹਾਇਆ ਲਈ ਖਿੱਚਦੀ ਹੈ। ਸਾਡਾ ਵਿਸ਼ਵਾਸ਼ ਹੈ ਕਿ ਸਾਰੇ ਪਿਆਰੇ ਉਸ ਬੰਦੀ ਵਿਚੋਂ ਸਲਾਮਤ ਵਾਪਸ ਆਉਣਗੇ। ਅੱਗੇ ਲਗਭੱਗ ਸਾਰੇ ਆ ਚੁੱਕੇ ਹਨ, ਇਸੇ ਕਰਕੇ ਤੁਹ ਨੂੰ ਸਮਝਾਈਦਾ ਹੈ ਕਿ ਸਿੱਖ ਦੇ ਦਿਲ ਨੂੰ ਕੌਣ ਫੇਰ ਸਕਦਾ ਹੈ? ਕਾਕੀ ਦਾ ਤੌਖਲਾ ਨਾ ਕਰੋ, ਸਗੋਂ ਸਿਦਕ ਧਾਰੋ ਤੇ ਰੋਜ਼ ਮਜ਼ਬੂਤ ਦਿਲ ਨਾਲ ਕਾਕੀ ਦਾ ਧਿਆਨ ਕਰੇ ਉਸ ਵਿਚ ਤਕੜਾਈ ਭਰੋ। ਅਸੀਂ ਜੋ ਰੋਜ਼ ਅਰਦਾਸ ਕਰਦੇ ਹਾਂ ਕਿ ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰੱਛਯਾ ਰਿਆਇਤ' ਸੱਚ ਲਓ ਕਿ ਇਹ ਸਾਡੇ ਪੰਥਕ ਪਿਆਰ ਦੀ ਕੇਡੀ ਡੂੰਘੀ ਗੰਢ ਹੈ। ਤੁਸੀਂ ਜਾਣਦੇ ਹੋ ਕਿ ਪੰਥ ਵਿਚ ਗੁਰੂ ਪਰਮੇਸ਼ੁਰ ਦਾ ਪਿਆਰ ਤੇ ਸਿਦਕ ਕਿਤਨਾ ਹੈ। ਪ੍ਰੇਮ ਨਾਲ ਜੁੜੇ ਦਿਲ ਜਦ ਰੋਜ਼ ਇਹ ਅਰਦਾਸ ਕਰਦੇ ਹਨ, ਕਦੇ ਹੋ ਸਕਦਾ ਹੈ ਕਿ ਮੁਸਕਲਾਂ ਵਿਚ ਪਏ ਪਿਆਰਿਆਂ ਦੀ ਰੱਛਿਆ ਤੇ ਰਿਆਇਤ ਨਾ ਹੁੰਦੀ ਹੋਵੇਗੀ? ਕਦੇ ਹੋ ਸਕਦਾ ਹੈ ਕਿ ਸਾਰੇ ਪੰਥ ਦੇ ਇਨ੍ਹਾਂ ਅਰਦਾਸਿਆਂ ਨਾਲ ਸਾਡੇ ਬੰਦੀਖਾਨੇ ਪਏ, ਦੂਰ ਗਏ, ਕਿਸੇ ਤਰ੍ਹਾਂ ਵਿਛੁੜੇ ਤੇ ਬੇਵੱਸ ਹੋਏ, ਯਾ ਕਸ਼ਟਾਂ ਦੇ ਮੂੰਹ ਆਏ ਪਿਆਰਿਆਂ ਦੀ ਸੁਰਤ ਨੂੰ ਇਸ ਤੋਂ ਤਕੜਾਈ ਨਾ ਪਹੁੰਚੀ ਹੋਵੇ?

ਬਸੰਤ ਕੌਰ - ਸੱਚ ਹੈ, ਸਾਡੀ ਗੁਰਸਿਖੀ ਧੰਨ ਹੈ, ਸਾਡਾ ਪੰਥਕ ਪ੍ਰੇਮ ਧੰਨ ਹੈ ਕਿ ਸਾਰੇ ਸਿੱਖ ਇਕ ਦੂਜੇ ਦੀ ਪੀੜ ਨੂੰ ਆਪਣੀ ਪੀੜਾ ਜਾਣਦੇ ਹਨ ਅਰ ਫੇਰ ਦੇਖੋਲ ਕਰਨੀਆਂ ਵਾਲੇ ਤੇ ਚੰਗੇ ਚੰਗੇ ਪੁਰਖ ਆਪਣਿਆਂ ਦੇ ਮਗਰ ਜਾਂਦੇ ਹਨ ਅਰ ਇਕ ਇਕ ਬੱਚਾ ਢੂੰਡ ਕੇ ਵਾਪਸ ਲਿਆਉਂਦੇ ਹਨ। ਧੰਨ ਸਿੱਖੀ, ਧੰਨ ਸਿੱਖੀ ਪ੍ਰੇਮ! ਪਰ ਪਤੀ ਜੀ ਆਪ ਦਾ ਬੀ ਧੰਨ ਜਨਮ ਹੈ! ਦੇਖੋ ਆਪ ਦੇ ਇਸ ਸਾਰੇ ਉਤਮ ਉਪਦੇਸ਼ ਵਿਚ ਐਸਾ ਜੀ ਲੱਗਾ ਰਿਹਾ ਹੈ ਕਿ ਇਸ ਵੇਲੇ ਮੇਰਾ ਮੋਹ ਤੇ ਭਰਮ ਦੂਰ ਹੋ ਗਿਆ ਹੈ। ਐਸੀ ਕ੍ਰਿਪਾ ਕਰੋ ਜੋ ਮਨ ਸਦਾ ਐਸਾ ਰਹੇ।

ਪਤੀ - ਸ੍ਰੀ ਗੁਰੂ ਜੀ ਨੇ ਸੁਰਤ ਦੇ ਲਹਾਉ ਚੜ੍ਹਾਉ ਪਰ ਸੁਖਮਨੀ ਸਾਹਿਬ ਵਿਚ ਸਾਫ ਦਸਿਆ ਹੈ ਕਿ ਇਹ ਹੇਠਾਂ ਉਤਾਹਾਂ ਹੁੰਦੀ ਰਹਿੰਦੀ ਹੈ, ਇਸ ਗੱਲ ਤੋਂ ਨਿਰਾਸ ਨਹੀਂ ਹੋਣਾ ਚਾਹੀਦਾ। ਦਾਰੂ ਇਸ ਦਾ ਸਦਾ ਸਿਮਰਨ ਵਿਚ ਰਹਿਣਾ ਹੈ ਅਤੇ ਸਤਿਸੰਗ ਕਰਨਾ ਹੈ, ਜੈਸਾ ਓਥੇ ਹੀ ਦੱਸਿਆ ਹੈ -

ਕਬਹੂ ਸਾਧਸੰਗਤਿ ਇਹੁ ਪਾਵੈ ॥
ਉਸੁ ਅਸਥਾਨ ਤੇ ਬਹੁਰਿ ਨ ਆਵੈ ॥

ਅੰਗ - ੨੭੮

ਬਸੰਤ ਕੌਰ - ਸਿਰਤਾਜ ਜੀ! ਅੱਜ ਕੱਲ੍ਹ ਜੇ ਹੋ ਸਕੇ ਤਾਂ ਕੋਈ ਖਾਸ ਪ੍ਰਬੰਧ ਕਰੋ ਜਿਸ ਨਾਲ ਨਿਰੰਤਰ ਘਰ ਵਿਚ ਕੀਰਤਨ ਦਾ ਸਮਾਗਮ ਬਣੇ ਅਤੇ ਮਨ ਸਾਧ ਸੰਗਤ ਦੇ ਚਰਨਾਂ ਵਿਚ ਰਹੇ।

ਪਤੀ - ਸਤਿ ਬਚਨ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਰਖਾਉਂਦੇ ਹਾਂ ਅਰ ਪਿਆਰਿਆਂ ਨੂੰ ਸਦ ਭੇਜਦੇ ਹਾਂ।

ਬਸੰਤ ਕੌਰ - ਵਾਹ ਵਾਹ, ਬਹੁਤ ਹੀ ਚੰਗਾ ਹੈ।

ਅਗਲੇ ਦਿਨ ਦੂਰ ਨੇੜੇ ਪ੍ਰੇਮੀਆਂ ਨੂੰ ਸੁਨੇਹੇ ਪਹੁੰਚ ਗਏ ਅਤੇ ਭਾਈ ਸਾਹਿਬ ਦੇ ਘਰ ਸੰਗਤ ਆ ਜੁੜੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਰੱਖਿਆ ਗਿਆ। ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸਾ ਸੋਧਿਆ ਗਿਆਕਿ ਕਾਬਲ ਗਏ ਕੈਦੀ ਸਹੀ ਸਲਾਮਤ ਵਾਪਸ ਆਉਣ ਅਰ ਸਤਿਗੁਰੂ ਉਨ੍ਹਾਂ ਦੂਰ ਗਿਆਂ ਦਾ ਅਤੇ ਉਨ੍ਹਾਂ ਦੇ ਮਗਰ ਗਿਆਂ ਦੀਆਂ ਮਿਹਨਤਾਂ ਵਿਚ ਆਪ ਸਹਾਈ ਹੋਵੇ। ਪੰਜ ਭੋਗ ਪਾ ਕੇ ਸੰਗ ਵਿਦਾ ਹੋ ਗਈ। ਇਹ ਪੰਦਰਾਂ ਵੀਹ ਦਿਨ ਭਾਈ ਸਾਹਿਬ ਦਾ ਘਰ ਸੱਚਖੰਡ ਬਣਿਆ ਰਿਹਾ। ਦਿਨ ਰਾਤ ਇਕ ਰਸ ਈਸ਼ਵਰ ਆਰਾਧਨਾ ਬਣੀ ਰਹੀ, ਆਰਾਧਨਾ ਵਾਲੇ ਸੁੱਚੇ ਹੀਰੇ, ਪ੍ਰੇਮਾ ਭਗਤੀ ਦੇ ਨਮੂਨੇ, ਸੱਚੇ ਤੇ ਸਾਫ ਲੋਕ ਸਨ। ਲਗਾਤਾਰ ਸਤਿਸੰਗ ਨੇ ਬਸੰਤ ਕੌਰ ਤੇ ਬੜਾ ਅਸਰ ਕੀਤਾ ਅਤੇ ਉਸ ਦੀ ਮਮਤਾ ਦਾ ਭਰਿਆ ਦਿਲ ਕੁਛ ਆਸ ਤੇ ਸਿਦਕ ਵਿਚ ਉਚੇਰਾ ਹੋ ਗਿਆ।

****

ਮਾਰਗ ਚੋਣ
(Choosing A Path)

ਡਾ. ਸਵਾਮੀ ਰਾਮ ਜੀ
ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ

ਚਿੱਤਰ



ਸਿਰੀ ਵਿਦਿਆ

ਅਧਿਆਤਮਵਾਦ ਦੀਆਂ ਸਾਰੀਆਂ ਪਰੰਪਰਾਵਾਂ ਵਿਚੋਂ ਸਭ ਤੋਂ ਪੁਰਾਤਨ ਪਰੰਪਰਾ ਤਾਂਤਰਿਕ ਪਰੰਪਰਾ ਹੈ। ਤਾਂਤਰ ਦੇ ਸਾਰੇ ਵਰਗਾਂ ਵਿਚੋਂ ਸਭ ਤੋਂ ਉਚਾ ਸਮਾਇਆ ਮਾਰਗ ਹੈ। ਇਹ ਮਾਰਗ ਬਹੁਤ ਡੂੰਘਾ ਹੈ। ਇਸ ਦੀ ਫਿਲੌਸਫੀ, ਇਸ ਦਾ ਅਭਿਆਸ ਬਹੁਤ ਡੂੰਘਾ ਹੈ। ਇਹ ਵਰਗ ਸਿਰੀ ਵਿਦਿਆ ਦਾ ਅਭਿਆਸ ਕਰਦਾ ਹੈ। ਤਾਂਤਰ ਸੰਪਰਦਾਇ ਦੀਆਂ ਸਾਰੀਆਂ ਵਿਦਿਆ ਜਿਹੜੀਆਂ ਗ੍ਰੰਥਾਂ ਅੰਦਰ ਦਿਤੀਆਂ ਹੋਈਆਂ ਹਨ ਉਹ ਸਾਰੀਆਂ ਸ਼ਿਰੀ ਵਿਦਿਆ ਤੋਂ ਹੀ ਨਿਕਲੀਆਂ ਹੋਈਆਂ ਹਨ ਇਨ੍ਹਾਂ ਸਭ ਦਾ ਸਰੋਤ ਸਿਰੀ ਵਿਦਿਆ ਹੀ ਹੈ। ਸਭ ਦੀ ਮਾਂ ਸਿਰੀ ਵਿਦਿਆ ਹੈ ਵਾਸਤਵ ਵਿਚ ਜਗਿਆਸੂਆਂ ਨੂੰ ਸਿਰੀ ਵਿਦਿਆ ਦਾ ਗਿਆਨ ਇਕ ਅਭਿਵਿਅੰਜਨ ਦੇ ਨਿਯਮ ਦੇ ਪ੍ਰਤੀਕ ਦੇ ਰੂਪ ਵਿਚ ਹੈ। ਇਸ ਦਾ ਪ੍ਰਗਟਾਵਾ, ਪ੍ਰਕਾਸ਼ ਉਸ ਸਤਿ ਤੋਂ ਪਸਰ ਕੇ ਦੋ ਭਾਗਾਂ ਵਿਚ ਵਿਸਤ੍ਰਿਤ ਹੁੰਦੀ ਹੈ ਸ਼ਿਵ ਤੇ ਸ਼ਕਤੀ ਚੇਤਨਤਾ ਦੇ ਇਹ ਦੋ ਪੱਖ ਹਨ, ਇਕ ਗੁਪਤ ਇਕ ਕਿਰਿਆਸ਼ੀਲ। ਸੰਸਕ੍ਰਿਤ ਲਿਪੀ ਵਿਚ ਇਨ੍ਹਾਂ ਨੂੰ ਪਹਿਲੇ ਤੇ ਆਖਰੀ ਅੱਖਰ ਦੇ ਚਿੰਨ੍ਹ ਨਾਲ ਪ੍ਰਗਟਾਇਆ ਜਾਂਦਾ ਹੈ ਜਿਵੇਂ ਕਿ ਯੂਨਾਨੀ ਲਿਪੀ ਦਾ ਪਹਿਲਾ ਤੇ ਆਖੀਰ ਅੱਖਰ ਭਾਵ aplna ਤੇ omega ਜਿਸ ਵਿਚ ਸਭ ਕੁਝ ਆ ਜਾਂਦਾ ਹੈ। ਸ਼ਕਤੀ ਦੇ ਸਾਰੇ ਤੱਤ ਸਾਰੇ ਮੂਲ ਸੂਖਮ ਤੋਂ ਲੈ ਕੇ ਸਮੱਸਤ ਤਕ ਪੂਰਣਤਾ ਤੱਕ ਇਸੇ ਇਨ੍ਹਾਂ ਦੋਨੋਂ ਧੁਨੀ ਗ੍ਰਾਮਾਂ ਦੇ ਵਿਚਕਾਰ ਹੈ। ਇਹ ਇਕ ਸੰਪੂਰਨ ਸਥਿਰਤਾ ਹੈ ਸ਼ਾਂਤ ਹੈ, ਜਿਸ ਨੂੰ ਸਾਮਵਿਤ ਕਹਿੰਦੇ ਹਨ, ਸਾਮਵਿਤ ਨੂੰ ਬ੍ਰਹਿਮੰਡ ਦੇ ਛੱਤੀ ਦਰਜੇਬੰਦੀ ਵਿਚ ਪ੍ਰਗਟ ਕੀਤਾ ਗਿਆ ਹੈ। ਸਾਰਾ ਸੰਸਾਰ ਸਾਮਵਿਤ ਦਾ ਹੀ ਪਸਾਰਾ ਹੈ। ਸਾਰੇ ਸੰਸਾਰ ਨੇ ਸਾਮਵਿਤ ਵਿਚ ਹੀ ਮਿਲਣਾ ਹੈ, ਇਸ ਪ੍ਰਗਟਾਵੇ ਦਾ ਸਿਧਾਂਤ ਜਿਹੜਾ ਬਿੰਦੂਆਂ ਤੋਂ ਨਿਕਲਦਾ ਹੈ ਜਿਹੜੇ ਸ਼ਿਵ ਤੇ ਸ਼ਕਤੀ ਦਾ ਪ੍ਰਤੀਕ ਹਨ ਇਨ੍ਹਾਂ ਨੂੰ ਨਾਦ ਕਿਹਾ ਜਾਂਦਾ ਹੈ। ਇਹ ਵਿਸਤਾਰ ਇਹ ਪਸਾਰਾ ਹੈ, ਵਿਲੋਪ ਬਹੁਤ ਹੀ ਸੁਚੱਜੀ ਤਰ੍ਹਾਂ ਸਿਰੀ ਯੰਤਰ ਰਾਹੀਂ ਦਰਸਾਈ ਗਈ ਹੈ ਸਪਸ਼ਟ ਕੀਤੀ ਗਈ ਹੈ।

ਸਾਰੇ ਆਕਾਰ ਏਕਤਾ ਅੰਦਰ ਅਨੇਕਤਾ ਦਰਸਾਉਂਦੇ ਹਨ ਫੇਰ ਇਕ ਹੋ ਜਾਂਦੇ ਹਨ ਇਹ ਬ੍ਰਹਿਮੰਡ ਵਿਸ਼ਵ ਦਾ ਇਕ ਨਿਯਮ ਹੈ ਜਿਹੜਾ ਹਰ ਚੀਜ਼ ਵਿਚ ਪ੍ਰਗਟ ਹੁੰਦਾ ਹੈ। ਸਿਰੀ ਵਿਦਿਆ ਅੰਦਰ ਵੀ ਇਹ ਦੋਨੋਂ ਗੱਲਾਂ ਵਿਲੋਪ (layakrama) ਤੇ ਵਿਕਾਸ (Srstikrama) ਦੇ ਰੂਪ ਵਿਚ ਲਈਆਂ ਜਾਂਦੀਆਂ ਹਨ। ਇਹ ਦੋਨੋਂ ਸਕੇਂਦਰਕ ਦੇ ਰੂਪ ਵਿਚ ਲਈਆਂ ਜਾਂਦੀਆਂ ਹਨ। ਇਹ ਦੋਨੋਂ ਸਕੇਂਦਰਕ ਚੌਕਠ ਨਾਲ ਤੇ ਗੋਲ ਚੱਕਰ ਨਾਲ ਦਰਸਾਏ ਗਏ ਹਨ। ਆਪਸ ਵਿਚ ਮਿਲੇ ਤਿਕੋਨ, ਉਲਟੇ ਤਿਕੋਨ, ਉਪਰ ਵਲ ਦੇਖਦੇ ਤਿਕੋਨ ਜਿਹੜੇ ਸਿਰੀ ਯੰਤਰ ਵਿਚ ਹਨ, ਜਿਨ੍ਹਾਂ ਦੇ ਕੇਂਦਰ ਵਿਚ ਬਿੰਦੂ ਹੈ ਉਹ ਸਾਮਵਿਤ ਹੈ। ਸ਼ਿਵ ਸ਼ਕਤੀ ਦੇ ਇਸ ਮੇਲ ਨੂੰ 'ਦਿਵਯ ਮਾਂ' ਕਿਹਾ ਗਿਆ ਹੈ।

ਇਸ ਬਿੰਦੂ ਤੋਂ ਬ੍ਰਹਿਮੰਡ ਵੱਖ-ਵੱਖ ਡਿਗਰੀ ਵੱਖ-ਵੱਖ ਗਰੇਡ ਤੇ ਦਰਸਾਇਆ ਗਿਆ ਹੈ। ਆਤਮ ਮਾਰਗ ਤੇ ਜਗਿਆਸੂ ਸਿਰੀ ਯੰਤਰ ਦੇ ਬਾਹਰੀ ਘੇਰੇ ਤੋਂ ਅੰਦਰ ਦੇ ਬਿੰਦੂ ਕੇਂਦਰ ਦੇ ਬਿੰਦੂ ਤਕ ਆਉਂਦਾ ਹੈ। ਸਿਰੀ ਵਿਦਿਆ ਦਾ ਪਾਠਕ ਦੋਨੋਂ ਗੱਲਾਂ ਦੀ ਸਮਝ ਰਖਦਾ ਹੈ। ਵਿਸ਼ਵ ਵਿਸਤਾਰ ਦੀ ਵੀ ਤੇ ਵਿਸ਼ਵ ਵਿਲੋਪ ਦੀ ਵੀ। ਸਿਰੀ ਵਿਦਿਆ ਜਾਨਣ ਵਾਲੇ ਮਾਇਆ ਜਾਲ ਵਿਚ ਨਹੀਂ ਫਸਦੇ ਉਹ ਸਦਾ ਹੀ ਵਿਸ਼ਵ ਨੂੰ ਇਕ ਡਰਾਮੇ ਦੀ ਤਰ੍ਹਾਂ ਲੈਂਦੇ ਹਨ, ਦੇਖਦੇ ਹਨ, ਇਕ ਵਿਸ਼ਵ ਸ਼ਕਤੀ ਦੇ ਰੂਪ ਵਿਚ ਦੇਖਦੇ ਹਨ। ਇਸ ਮਾਰਗ ਤੇ ਚੱਲਣ ਵਾਲੇ ਜਗਿਆਸੂ ਸਿਰੀ ਯੰਤਰ ਤੇ ਮੈਡੀਟੇਸ਼ਨ ਕਰਦੇ ਹਨ, ਦਿਵਯ ਮਾਂ ਦੀ ਹੋਂਦ ਨੂੰ ਮਹਿਸੂਸ ਕਰਦੇ ਹਨ ਤੇ ਅਕਸਮਾਲਾ (aksamala) ਉਹ ਮਾਲਾ ਜਿਹੜੀ ਧੁਨੀ ਗ੍ਰਾਮ ਦੀ ਬਣੀ ਹੈ, ਜਿਹੜੀ ਬ੍ਰਹਿਮੰਡ ਦੀਆਂ ਵੱਖ-ਵੱਖ ਆਵਾਜ਼ਾਂ ਦੀ ਵੱਖ-ਵੱਖ ਧੁਨੀ ਦੀ ਬਣੀ ਹੋਈ ਹੈ। ਇਹ ਮੰਤਰ ਸਿਰੀ ਯੰਤਰ ਦੇ ਆਕਾਰ ਵਿਚ ਦਿਤੀ ਗਈ ਆਵਾਜ਼ ਹੈ, ਧੁਨੀ ਹੈ।

ਸਿਰੀ ਯੰਤਰ ਅੰਤਰ ਦੇ ਮਾਰਗ ਦਾ ਪੂਰਨ ਰੂਪ ਤੇ ਸੰਪੰਨ ਮਾਰਗ ਹੈ। ਇਹ ਦਸਦਾ ਹੈ ਕਿ ਜੀਵਨ ਦਾ ਸਰੋਤ ਪੂਰਣ ਵਿਸਮਾਦ, ਸ਼ਾਂਤੀ, ਅਨੰਦ ਤੇ ਗਿਆਨ ਹੈ ਇਹ ਹੀ ਇਸ ਦਾ ਪੂਰਨ ਉਦੇਸ਼ ਹੈ ਅੰਤਮ ਉਦੇਸ਼ ਹੈ। ਸਮਾਇਆ ਸਕੂਲ ਦਾ ਅੰਤਰ

ਭਗਤੀ ਦੇ ਅਭਿਆਸ ਨੂੰ ਭਾਵਨਾ ਕਹਿੰਦੇ ਹਨ, ਇਸ ਦਾ ਪੂਰ ਵਰਨਣ 'ਭਾਵਨਾ ਉਪਨਿਸ਼ਦ' ਵਿਚ ਕੀਤਾ ਗਿਆ ਹੈ। ਇਸ ਵਿਚ ਦਸਿਆ ਹੈ ਵਿਸਤਾਰ ਕੀਤਾ ਗਿਆ ਹੈ ਜੋ ਕੁਝ ਵੀ ਮਨੁੱਖ ਦੇ ਅੰਦਰ ਹੈ ਉਹ ਹੀ ਬ੍ਰਹਿਮੰਡ ਵਿਚ ਹੈ -

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥

ਅੰਗ - ੬੯੫

ਸੋ ਵਿਸ਼ਵ ਨੂੰ ਜਾਨਣ ਲਈ ਉਸ ਦਾ ਵਿਸ਼ਲੇਸ਼ਨ ਕਰਨ ਲਈ, ਮਨੁੱਖ ਨੂੰ ਆਪਾ ਚੀਨਣ ਦੀ ਲੋੜ ਹੈ, ਆਪਣੇ ਸਰੀਰ ਨੂੰ ਜਾਨਣ ਦੀ ਆਪਣੇ ਅੰਦਰ ਜਾਣ ਦੀ ਲੋੜ ਹੈ। ਆਤਮਾ ਤਕ ਪਹੁੰਚਣ ਦੀ ਲੋੜ ਹੈ ਇਹ ਸਭ ਕੁਝ ਸਿਰੀ ਯੰਤਰ ਵਿਚ ਦਿਤਾ ਗਿਆ ਹੈ। ਜਦੋਂ ਸਾਰੇ ਚਿੰਨ੍ਹ ਸਾਰੇ ਕਰਮ-ਕਾਂਡ ਅੰਤਰ ਵਲ ਕੀਤੇ ਜਾਂਦੇ ਹਨ ਤਾਂ ਮਨੁੱਖੀ ਸਿਰੀ ਯੰਤਰ ਦਾ ਹੀ ਰੂਪ ਬਣ ਜਾਂਦਾ ਹੈ ਤੇ ਜਗਿਆਸੂ ਅੰਤਮ ਸਤਿ ਵਿਚ ਜਾ ਮਿਲਦਾ ਹੈ।

ਜਿਵੇਂ ਕੋਈ ਮਨੁੱਖ, ਆਪਣੇ ਮਾਤਾ ਪਿਤਾ ਦੇ ਗੁਣਾਂ ਦਾ ਮਿਸ਼ਰਨ ਹੁੰਦਾ ਹੈ ਇਸੇ ਤਰ੍ਹਾਂ ਨਾਲ ਸਿਰੀ ਯੰਤਰ ਦੇ ਨੌਂ ਤਿਕੋਨ ਜਿਨ੍ਹਾਂ ਵਿਚੋਨ ਪੰਜ ਉਲਟੇ, ਚਾਰ ਉਪਰ ਵਲ ਇਸ ਤਰ੍ਹਾਂ ਇਹ ਸ਼ਿਵ ਸ਼ਕਤੀ ਦੇ ਗੁਣਾਂ ਦੇ ਪ੍ਰਤੀਕ ਹਨ। ਜਗਿਆਸੂ ਦਾ ਅੰਦਰ ਦਾ ਸਫਰ, ਅੰਦਰ ਦਾ ਅਧਿਆਤਮਕਤਾ ਦਾ ਰਾਹ ਜਿਹੜਾ ਸਿਰੀ ਯੰਤਰ ਰਾਹੀਂ ਚਿਤਰਿਆ ਗਿਆ ਹੈ, ਨੌਂ ਚੱਕਰ ਹਨ, ਉਹ ਨੌਂ ਪੱਧਰ ਦਰਸਾਉਂਦੇ ਹਨ, ਜਗਿਆਸੂ ਦੀ ਉਨਤੀ ਇਨ੍ਹਾਂ ਨੌਂ ਪੱਧਰਾਂ ਰਾਹੀਂ ਹੁੰਦੀ ਹੈ। ਸਿਰੀ ਯੰਤਰ ਦਾ ਕੇਂਦਰ ਬਿੰਦੂ ਇਕ ਟਾਪੂ ਦੀ ਤਰ੍ਹਾਂ ਜਿਸ ਦਾ ਬਹੁਤ ਹਿੱਸਾ ਵਿਸਮਾਦ, ਸ਼ਾਂਤੀ, ਅਨੰਦ ਤੇ ਗਿਆਨ ਵਿਚ ਡੁੱਬਿਆ ਰਹਿੰਦਾ ਹੈ। ਸਮਾਇਆ ਅਨੁਸਾਰ ਜੀਵਨ ਦਾ ਬਾਹਰੀ ਪੱਖ, ਮਨੁੱਖ ਦਾ ਸਰੀਰ ਚੇਤਨਾ ਦਾ ਕੇਂਦਰ ਉਪਰ ਆਉਂਦਾ ਹੈ, ਸਾਮ੍ਹਣੇ ਆਉਂਦਾ ਹੈ। ਇਹ ਵਿਸਮਾਦ ਦੇ ਸਾਗਰ ਤੋਂ ਆਉਂਦਾ ਹੈ, ਇਸੇ ਵਿਚ ਲਿਪਟਿਆ ਰਹਿੰਦਾ ਹੈ ਇਸੇ ਵਿਚ ਮੁੜ ਕੇ ਚਲਾ ਜਾਂਦਾ ਹੈ। ਜਿਹੜੇ ਇਸ ਤੱਤ ਤੋਂ ਜਾਣੂ ਹਨ ਉਨ੍ਹਾਂ ਲਈ ਦੁੱਖ, ਅਗਿਆਨਤਾ, ਬੇਸਮਝੀ ਹਰ ਤਰ੍ਹਾਂ ਦੀਆਂ ਔਕੜਾਂ ਬਿਲਕੁਲ ਓਪਰੀਆਂ ਹਨ, ਅਸਤਿ ਹਨ।

ਇਸ ਟਾਪੂ ਦਾ ਭਾਗ ਜਿਸ ਤੋਂ ਸਰੀਰ ਬਣਿਆ ਹੈ ਇਹ ਬਾਹਰੀ ਸਰੀਰ ਉਨ੍ਹਾਂ ਨੂੰ ਕੀਮਤੀ ਹੀਰਿਆਂ ਦੇ ਚਿੰਨ੍ਹ ਰਾਹੀ ਦਰਸਾਇਆ ਗਿਆ ਹੈ ਇਹ ਦਸਿਆਂ ਗਿਆ ਹੈ ਕਿ ਇਹ ਇਕ ਬਹੁਤ ਹੀ ਮਹੱਤਵਪੂਰਨ ਸਾਧਨ ਹੈ ਜਿਸ ਰਾਹੀਂ ਉਚੀਆਂ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ, ਜੇਕਰ ਇਸ ਨੂੰ ਸੁਚੱਜੀ ਤਰ੍ਹਾਂ ਨਾਲ ਵਰਤਿਆ ਜਾਵੇ। ਹੀਰੇ ਮੋਤੀਆਂ ਦੇ ਇਸ ਟਾਪੂ ਅੰਦਰ ਸੋਹਣੇ ਸੁਮਦਰ ਇੱਛਾ ਪੂਰਤੀ ਦੇ ਬ੍ਰਿਖ ਹਨ ਜਿਹੜੇ ਮਨ ਤੇ ਇਛਾਵਾਂ ਦੇ ਪ੍ਰਤੀਕ ਹਨ। ਜੇ ਇਨ੍ਹਾਂ ਨੂੰ ਸੋਧਿਆ ਨਾ ਜਾਵੇ ਤਾਂ ਦੁੱਖਾਂ ਦਾ ਇਕ ਬੜਾ ਭਾਰਾ ਜੰਗਲ ਬਣ ਜਾਂਦੇ ਨੇ ਤੇ ਵਿਸਮਾਦ ਦਾ ਅਨੰਦ ਦੇ ਸਾਗਰ ਨੂੰ ਢਕ ਲੈਂਦੇ ਹਨ। ਇਸ ਟਾਪੂ ਦੇ ਛੇ ਮੌਸਮ ਵੀ ਦੱਸੇ ਗਏ ਹਨ ਜਿਹੜੇ ਕਿ ਛੇ ਤਰ੍ਹਾਂ ਦੇ ਸੁਆਦ ਦਰਸਾਉਂਦੇ ਹਨ ਜਿਹੜੇ ਕਿ ਖਾਣੇ ਦੇ ਗੁਣ ਹਨ। ਇਸ ਤਰ੍ਹਾਂ ਨਾਲ ਮਨੁੱਖ ਦੀ ਖੁਰਾਕ ਖਾਣਾ ਪੀਣਾ ਮਨੁੱਖ ਦੇ ਮਨ ਤੇ ਸੰਵੇਗਾਂ ਦੇ ਪ੍ਰਭਾਵ ਪਾਉਂਦਾ ਹੈ ਬਿਲਕੁਲ ਉਸ ਤਰ੍ਹਾਂ ਜਿਸ ਤਰ੍ਹਾਂ ਮੌਸਮ ਦਾ ਪ੍ਰਭਾਵ ਰੁਖਾ ਤੇ ਬੂਟਿਆਂ 'ਤੇ ਪੈਂਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਸੁਆਦ, ਸੁਆਦ ਦਾ ਵਿਕਾਸ ਬਹੁਤ ਮਹੱਤਵਪੂਰਨ ਹੈ ਕਿਉਂਕਿ ਸੁਆਦ ਅਨੁਸਾਰ ਹੀ ਤੁਹਾਡੀ ਸੋਚ ਦਾ ਵਾਧਾ ਵਿਕਾਸ ਹੁੰਦਾ ਹੈ, ਇਸੇ ਅਨੁਸਾਰ ਇਛਾਵਾਂ ਦਾ ਵਿਕਾਸ ਹੁੰਦਾ ਹੈ, ਇਹ ਤੁਹਾਡੇ ਮਨ ਦੇ ਬਾਗ ਦੀਆਂ ਸਜਾਵਟਾਂ ਹਨ। ਇਸ ਕਰਕੇ ਖਾਣ ਪੀਣ ਨੂੰ ਨਿਯਮਬੱਧ ਕਰਨਾ ਸਭ ਤੋਂ ਪਹਿਲੀ ਪੌੜੀ ਹੀ ਨਹੀਂ ਇਹ ਮੁੱਢ ਹੈ ਮੂਲ ਹੈ, ਆਤਮ ਮਾਗਰ ਦੀ ਸਾਰੀ ਯਾਤਰਾ ਦੇ ਮੁੱਢ ਇਹ ਹੀ ਹੈ।

ਸਮਾਇਆ ਸੰਪਰਦਾ ਅਨੁਸਾਰ ਸਰੀਰ ਤੇ ਮਨ ਨੂੰ ਬਿਲਕੁਲ ਸ਼ਾਂਤ ਕਰ ਲਿਆ ਜਾਂਦਾ ਹੈ, ਆਪਣੇ ਅੰਦਰ ਹੀ ਸਿਰੀ ਯੰਤਰ ਨੂੰ ਆਪਣੇ ਅੰਦਰ ਹੀ ਮਹਿਸੂਸ ਕੀਤਾ ਜਾਂਦਾ ਹੈ, ਅੰਦਰ ਹੀ ਉਸ ਦੀ ਪੂਜਾ ਕੀਤੀ ਜਾਂਦੀ ਹੈ। ਸਿਰੀ ਯੰਤਰ ਦੇ ਨੌਂ ਪੱਧਰ ਸੂਖਮ ਸਰੀਰ ਦੇ ਚੱਕਰਾਂ ਨਾਲ ਮੇਲੇ ਗਏ ਹਨ। ਬਾਹਰ ਵਾਲੇ ਘੇਰੇ ਤੋਂ ਅੰਦਰ ਮੁੜਦੇ ਤਿੰਨ ਚੱਕਰਾਂ ਦੇ ਤਿੰਨ ਸੈਟ ਦਰਸਾਏ ਗਏ ਹਨ; ਮੂਲਧਾਰ ਚੱਕਰ, ਅਨਾਹਤ ਚੱਕਰ, ਵਿਸ਼ੁੱਧ ਅਤੇ ਅਜਨ ਚੱਕਰ; ਦੋ ਗੁਰੂ ਚੱਕਰ, ਸਹੰਸਰਾਰ। ਸੌਂਦਰਿਆ (saundarya Lahari) Wave of Bliss) ਅਨੰਦ ਲਹਿਰ ਜਿਹੜੀ ਕਿ ਸ਼ੰਕਰ ਦੀ ਇਕ ਕਵਿਤਾ ਰਾਹੀਂ ਦਰਸਾਇਆ ਸਿਰੀ ਯੰਤਰ ਦਾ ਅਭਿਆਸ ਹੈ ਉਸ ਵਿਚ ਇਹ ਵੀ ਦਸਿਆ ਗਿਆ ਹੈ ਕਿ ਕਿਹੜੀ-ਕਿਹੜੀ ਸਿੱਧੀ ਦੀ ਪ੍ਰਾਪਤੀ ਕਿਸ-ਕਿਸ ਪੱਧਰ ਤੇ ਪਹੁੰਚ ਕੇ ਹੁੰਦੀ ਹੈ। ਸਮਾਇਆ ਸੰਪਰਦਾਇਆ ਅੰਦਰ ਵੱਖ-ਵੱਖ ਪ੍ਰਾਪਤੀ ਲਈ ਵੱਖ-ਵੱਖ ਚੱਕਰਾਂ ਤੇ ਇਕਾਗਰ ਕਰਕੇ ਮੈਡੀਟੇਸ਼ਨ ਕੀਤੀ ਜਾਂਦੀ ਹੈ।

ਬਹੁਤ ਸਾਰੀਆਂ ਦੀਖਿਆ ਦੇਣ ਉਪਰੰਤ ਸਮਾਇਆ ਸੰਪਰਦਾ ਵਿਚ ਸਾਧਕ ਸਹੰਸਰਾਰ ਚੱਕਰ ਤੇ ਮੈਡੀਟੇਸ਼ਨ ਕਰਨਾ ਸਿਖਦਾ ਹੈ। ਕੇਵਲ ਸਮਾਇ ਪਰੰਪਰਾ ਹੀ ਸਹੰਸਰਾਰ ਚੱਕਰ ਤੇ ਮੈਡੀਟੇਸ਼ਨ ਕਰਨ ਦਾ ਢੰਗ ਜਾਣਦੇ ਹਨ ਜਿਸਨੂੰ ਹਜ਼ਾਰ ਪੰਖੜੀਆਂ ਵਾਲੇ ਕਮਲ ਫੁੱਲ ਕਹਿੰਦੇ ਹਨ। ਤੰਤਰ ਦੇ ਦੂਸਰੇ ਸਕੂਲ ਇਸ ਤਰੀਕੇ ਦਾ ਅਭਿਆਸ ਨਹੀਂ ਕਰਦੀਆਂ, ਇਹ ਮੈਡੀਟੇਸਨ ਦਾ ਸਭ ਤੋਂ ਉਤਮ ਤਰੀਕਾ ਹੈ। ਇਹ ਗੱਲ ਯਾਦ ਰੱਖਣ ਯੋਗ ਹੈ ਕਿ ਸਮਾਇਆ ਸਕੂਲ ਤੰਤਰ ਵਿਦਿਆ ਦਾ ਸਭ ਤੋਂ ਉਚਾ ਤੇ ਉਤਮ ਸਕੂਲ ਹੈ, ਸਿਰੀ ਵਿਦਿਆ ਸਭ ਤੋਂ ਡੂੰਘਾ ਗੰਭੀਰ ਸਤਿ ਨੂੰ ਪ੍ਰਾਪਤ ਕਰਨ ਦਾ ਤਰੀਕਾ ਹੈ। ਸਿਰੀ ਵਿਦਿਆ ਦਾ ਗੋਲ ਹੈ ਤੁਰੀਆਂ ਅਵਸਥਾ ਦੀ ਪ੍ਰਾਪਤੀ, ਤੁਰੀਆਂ ਅਵਸਥਾ ਸੌਣ, ਜਾਗਣ, ਸੁਪਨ ਅਵਸਥਾ ਤੋਂ ਅੱਗੇ ਦੀ ਉਚੀ ਅਵਸਥਾ ਹੈ। ਦਿਵਯ ਮਾਂ (mother Divine) ਜਿਸ ਦਾ ਇਹ ਸਥਾਨ ਹੈ ਉਸ ਨੂੰ ਤਰਿਪੁਰਾ ਸਾਂਦਰੀ (Tripura Sandari) ਭਾਵ ਸੁੰਦਰਤਾ, ਅਨੰਦ ਤੇ ਗਿਆਨ ਦਾ ਮੂਲ ਸ੍ਰੋਤ ਹੈ।

ਵਾਸਤਵ ਵਿਚ ਤਾਂਤਰਿਕ ਸਾਹਿਤ ਦੇ ਬੇਅੰਤ ਗ੍ਰੰਥ ਹਨ, ਏਥੇ ਇਹ ਦਸਣਾ ਬਹੁਤ ਅਵਸ਼ਕ ਹੈ ਕਿ ਇਕ ਸਮਰੱਥ ਗੁਰੂ ਹੀ ਇਕ ਮਾਰਗ ਦਰਸ਼ਕ ਹੋ ਸਕਦਾ ਹੈ। ਸਮਰੱਥ ਗੁਰੂ ਤੋਂ ਬਿਨਾਂ ਸਾਧਕ ਮੁਕਤ ਨਹੀਂ ਹੋ ਸਕਦਾ। ਜਿਸ ਵੀ ਤਰੀਕੇ ਨਾਲ ਕੁੰਡਲਨੀ ਜਾਗਰਣ ਹੋ ਸਕਦੀ ਹੋਵੇ ਉਹ ਜਾਨਣ ਦੇ ਯੋਗ ਹੈ, ਜਿਹੜਾ ਵੀ ਸਾਧਕ ਇਸ ਮਾਰਗ ਤੇ ਚਲਣ ਦੀ ਇੱਛਾ ਰਖਦਾ ਹੈ ਉਸ ਨੂੰ ਸਭ ਤੋਂ ਪਹਿਲਾਂ ਤਾਂਤਰ ਸਾਹਿਤ ਪੜ੍ਹਨਾ ਚਾਹੀਦਾ ਹੈ, ਖੋਜਣਾ

ਚਾਹੀਦਾ ਹੈ ਫੇਰ ਏਸ ਮਾਰਗ ਤੇ ਚਲਣਾ ਚਾਹੀਦਾ ਹੈ, ਉਸ ਤੋਂ ਪਿਛੋਂ ਹੀ ਗੁਰੂ ਖੋਜਣਾ ਚਾਹੀਦਾ ਹੈ। ਪਹਿਲਾਂ ਲੋੜ ਹੈ ਆਪਣੇ ਆਪ ਨੂੰ ਸਾਧਣ ਦੀ ਸਭ ਤੋਂ ਪਹਿਲਾਂ ਲੋੜੀਂਦਾ ਹੈ ਰਿਸ਼ਟ ਪੁਸ਼ਟ ਸਰੀਰ ਬਿਲਕੁਲ ਕਿਸੇ ਵੀ ਰੋਗ ਤੋਂ ਰਹਿਤ ਸਰੀਰ। ਦੂਸਰੀ ਚੀਜ਼ ਜਿਸ ਦੀ ਲੋੜ ਹੈ ਸੰਤੁਲਤ ਸ਼ਾਂਤ ਮਨ ਤੀਸਰੀ ਚੀਜ਼ ਜੋ ਚਾਹੀਦੀ ਹੈ ਉਹ ਹੈ ਪ੍ਰਮਾਤਮਾ ਪ੍ਰਾਪਤੀ ਦੀ ਪ੍ਰਬਲ ਇੱਛਾ, ਸਤਿ ਨੂੰ ਜਾਨਣ ਦੀ ਇੱਛਾ ਬਹੁਤ ਸਾਰੀਆਂ ਉਤਮ ਪਰੰਮਰਾਵਾਂ ਅੰਦਰ ਆਤਮਕ ਅਭਿਆਸ ਬੜੀ ਚੰਗੀ ਤਰ੍ਹਾਂ ਸਪਸ਼ਟ ਕਰਕੇ ਨਿਯਮਬੱਧ ਕਰਕੇ ਦਿਤੇ ਗਏ ਹਨ। ਤਾਂਤਰ ਸਾਹਿਤ ਸਭ ਤੋਂ ਉਚਾ ਹੈ ਜਿਹੜਾ ਕੁੰਡਲਨੀ ਜਾਗਰਣ ਕਰਨ ਦੇ ਤਰੀਕੇ ਨੂੰ ਵਿਸਤਾਰ ਨਾਲ ਦਸਦਾ ਹੈ। ਬਹੁਤ ਸਾਰੀਆਂ ਪ੍ਰਪਾਟੀਆਂ ਅੰਦਰ ਸੰਪਰਦਾਵਾਂ ਅੰਦਰ ਸਾਧਕ ਕੁਝ ਛਿਨ ਕੁਝ ਘੜੀਆਂ ਤਾਂ ਵਿਸਮਾਦ ਦੀਆਂ ਮਾਣ ਸਕਦਾ ਹੈ। ਚਾਨਣ ਮਾਣ ਸਕਦਾ ਹੈ ਪਰ ਜਦੋਂ ਚਾਹੇ ਉਦੋਂ ਆਪਣੀ ਇੱਛਾ ਅਨੁਸਾਰ ਵਿਸਮਾਦ ਹੋ ਜਾਣਾ ਇਹ ਕੇਵਲ ਤਾਂਤਰ ਪ੍ਰਣਾਲੀ ਅੰਦਰ ਹੀ ਹੈ। ਜਦੋਂ ਚਾਹੋ ਅਨੰਦ ਅਨੁਭਵ ਕਰ ਸਕਦੇ ਹੋ।

ਯੋਗਾ ਅਭਿਆਸ ਤਾਂਤਰਿਕ ਸਾਹਿਤ ਅੰਦਰ ਵਿਸਤਾਰ ਨਾਲ ਦਿਤਾ ਗਿਆ ਹੈ, ਵਿਆਖਿਆ ਕੀਤੀ ਗਈ, ਇਸ ਦਾ ਅਭਿਆਸ ਸਮਰੱਥ ਗੁਰੂ ਦੀ ਦੇਖ ਰੇਖ ਹੇਠਾਂ ਜਿਸ ਨੇ ਕੁੰਡਲਨੀ ਜਾਗਰਣ ਕਰ ਲਈ ਹੋਵੇ ਜਿਹੜਾ ਦਸਮ ਦੁਆਰ ਤਕ ਪਹੁੰਚ ਗਿਆ ਹੋਵੇ, ਉਸ ਦੇ ਹੇਠਾਂ ਕਰਨਾ ਚਾਹੀਦਾ ਹੈ। ਇਹੋ ਜਿਹਾ ਗੁਰੂ ਹੀ ਇਸ ਸਥਾਈ ਪਰੰਪਰਾ ਦਾ ਸਹੀ ਪ੍ਰਤਿਰੂਪ ਹੋ ਸਕਦਾ ਹੈ। ਇਹ ਗੁਰੂ ਬਹੁਤ ਸਾਰੀਆਂ ਲੜੀਵਾਰ ਦੀਖਿਆ ਦੇ ਕੇ ਜਗਿਆਸੂ ਨੂੰ ਉਸ ਦੇ ਗੋਲ ਤਕ ਲੈ ਜਾਂਦਾ ਹੈ। ਪਹਿਲੀ ਦੀਖਿਆ ਹੈ ਗੁਰੂ ਮੰਤਰ ਬੀਜ ਧੁਨੀ ਜਿਸਨੂੰ ਤੁਸੀਂ ਕਹਿ ਸਕਦੇ ਹੋ ਜਦੋਂ ਇਹ ਮੰਤਰ ਇਹ ਧੁਨੀ ਪੂਰੀ ਤਰ੍ਹਾਂ ਨਾਲ ਅੰਦਰ ਰਚ ਜਾਂਦੀ ਹੈ ਭਾਵ ਆਤਮਸਾਤ ਹੋ ਜਾਂਦੀ ਹੈ, ਅਚੇਤ ਮਨ ਤਕ ਇਕ ਰੂਪ ਹੋ ਜਾਂਦੀ ਹੈ, ਸਾਧਕ ਦੇ ਜੀਵਨ ਦਾ ਭਾਗ ਬਣ ਜਾਂਦੀ ਹੈ ਫੇਰ ਉਸਨੂੰ ਮੰਤਰ ਦੇ ਨਾਲ ਹੋਰ ਅਧਿਆਤਮਕ ਅਭਿਆਸ ਦਸੇ ਜਾਂਦੇ ਹਨ, ਨਾਲ ਹੀ ਹੋਰ ਸਰੀਰਕ ਤੇ ਮਾਨਸਿਕ ਅਭਿਆਸ ਵੀ ਦਸੇ ਜਾਂਦੇ ਹਨ ਤੇ ਸ਼ੁੱਧ ਕੀਤਾ ਜਾਂਦਾ ਹੈ, ਅਨੁਸ਼ਾਸ਼ਨ ਵਿਚ ਲਿਆ ਕੇ ਅਗਲੀ ਪੌੜੀ ਲਈ ਤਿਆਰ ਕੀਤਾ ਜਾਂਦਾ ਹੈ। ਦੀਖਿਆ ਦੀ ਅਗਲੀ ਪੌੜੀ ਹੈ ਅੰਤਰ ਗਿਆਨ, ਇਹ ਮੈਡੀਟੇਸ਼ਨ ਦਾ ਇਕ ਖਾਸ ਤਰੀਕਾ ਹੈ ਜਿਹੜਾ ਤੁਹਾਨੂੰ ਅੰਤਰ ਗਿਆਨ ਅੰਤਰ ਦੇਖਣ ਲਈ ਤਿਆਰ ਕਰਦਾ ਹੈ। ਇਸੇ ਤਰ੍ਹਾਂ ਨਾਲ ਹੌਲੀ-ਹੌਲੀ ਪੌੜੀ ਦਰ ਪੌੜੀ ਸਾਧਕ ਨੂੰ ਉਪਰ ਲੈ ਜਾਇਆ ਜਾਂਦਾ ਹੈ। ਸਭ ਤੋਂ ਔਖੀ ਪੌੜੀ ਹੈ ਉਪਰ ਵੱਲ ਜਾਣ ਦੀ, ਸਭ ਤੋਂ ਉਚੀ ਉਤਮ ਦੀਕਸ਼ਾ 'ਸ਼ਕਤੀ ਪੱਥ' ਦੀਕਸ਼ਾ ਹੈ। ਸ਼ਕਤੀ ਪੱਥ ਵਿਚ ਗੁਰੂ ਆਪਣੀ ਸ਼ਕਤੀ ਸਾਧਕ ਨੂੰ ਪ੍ਰਦਾਨ ਕਰਦਾ ਹੈ ਜਿਸ ਨਾਲ ਉਸ ਦੀਆਂ ਸਾਰੀਆਂ ਰੁਕਾਵਟਾਂ ਔਕੜਾਂ ਦੂਰ ਹੋ ਜਾਂਦੀਆਂ ਹਨ। ਬਹੁਤ ਵਾਰੀ ਪਹੁੰਚੇ ਹੋਏ ਸੰਪੂਰਨ ਸਾਧਕ ਅਚੇਤ ਹੀ ਆਪਣੀ ਮਿਗਨਾਤੀਸਾ ਸ਼ਕਤੀ ਨਾਲ ਆਪਣੇ ਆਸ ਪਾਸ ਦੇ ਜਗਿਆਸੂਆਂ ਨੂੰ ਪ੍ਰਭਾਵਿਤ ਕਰਦੇ ਹਨ। ਇਸ ਗੱਲ ਨੂੰ ਚੰਗੀ ਤਰ੍ਹਾਂ ਨਾਲ ਸਮਝ ਲੈਣਾ ਚਾਹੀਦਾ ਹੈ ਗੁਰੂ ਜਾਂ ਸਾਧਕ ਕੇਵਲ ਉਸਨੂੰ ਪ੍ਰਭਾਵਿਤ ਕਰ ਸਕਦੇ ਹਨ ਜਿਹੜਾ ਇਸ ਮਾਰਗ ਤੇ ਚਲ ਰਿਹਾ ਹੋਵੇ, ਸ਼ਕਤੀ ਪੱਥ ਦੀਕਸ਼ਾ ਦਾ ਅਨੁਭਵ ਪੂਰੀ ਚੇਤਨਤਾ ਨਾਲ ਪੂਰ ਤੀਬਰਤਾ ਨਾਲ ਕੀਤਾ ਜਾਂਦਾ ਹੈ। ਬਹੁਤ ਵਾਰੀ ਸਿਰ ਤੇ ਹੱਥ ਰੱਖ ਕੇ ਜਾਂ ਮਿਹਰ ਭਰੀ ਨਿਗ੍ਹਾ ਨਾਲ ਹੀ ਜਾਂ ਇਨ੍ਹਾਂ ਦੋਨਾਂ ਤੋਂ ਬਿਨਾਂ ਵੀ ਗੁਰੂ ਆਪਣੇ ਨਿਕਟਵਰਤੀ ਸਾਧਕ ਨੂੰ ਸ਼ਕਤੀ ਪ੍ਰਦਾਨ ਕਰਕੇ ਵਿਸਮਾਦ ਵਿਚ ਲੈ ਜਾਂਦਾ ਹੈ। ਕੋਈ ਗੁਰੂ ਇਹੋ ਜਿਹੀ ਦੀਕਸ਼ਾ ਕਿਸੇ ਉਸ ਸਾਧਕ ਨੂੰ ਜਿਹੜੇ ਇਸ ਦਾ ਪਾਤਰ ਨਾ ਹੋਵੇ ਜਾਂ ਉਸ ਪੱਧਰ ਤਕ ਨਾ ਪਹੁੰਚਿਆ ਹੋਵੇ ਜਿਥੇ ਉਸਨੂੰ ਇਹ ਦੀਕਸ਼ਾ ਦਿਤੀ ਜਾ ਸਕਦੀ ਹੋਵੇ। ਵਾਸਤਵ ਵਿਚ ਸ਼ਕਤੀ ਪੱਥ ਸਾਧਕ ਦੀ ਆਖੀਰ ਘੁੰਡੀ ਖੋਲ੍ਹ ਕੇ ਉਸਨੂੰ ਅੰਤਮ ਦਰ ਤਕ ਪਹੁੰਚਾ ਦਿੰਦਾ ਹੈ ਉਸ ਦੇ ਸੰਸਕਾਰ ਕੱਟ ਦਿੰਦਾ ਹੈ ਤੇ ਕੁੰਡਲਨੀ ਜਾਗਰਣ ਕਰਨ ਦਾ ਮਾਰਗ ਪੂਰੀ ਤਰ੍ਹਾਂ ਨਾਲ ਕਟਾ ਦਿੰਦਾ ਹੈ, ਸੁੱਤੀ ਪਈ ਸ਼ਕਤੀ ਨੂੰ ਜਗ੍ਹਾ ਦਿੰਦਾ ਹੈ। ਇਹ ਅਨੁਭਵ ਘੜੀ ਘੜੀ ਨਹੀਂ ਦਿੱਤਾ ਜਾਂਦਾ। ਜਦੋਂ ਗੁਰੂ ਸਾਧਕ ਨਾਲ ਇਸ ਮਾਰਗ ਤੇ ਕੰਮ ਕਰ ਰਿਹਾ ਹੁੰਦਾ ਹੈ, ਇਹ ਕੇਵਲ ਸਰੀਰਕ ਪੱਧਰ ਤੇ ਹੀ ਨਹੀਂ ਹੁੰਦਾ, ਨਾ ਹੀ ਗੁਰੂ ਇਕੱਲਾ ਇਸ ਨਾਲ ਕੰਮ ਕਰ ਰਿਹਾ ਹੁੰਦਾ ਹੈ, ਇਸ ਸ਼ਕਤੀ ਨਾਲ ਜੂਝ ਰਿਹਾ ਹੁੰਦਾ ਹੈ। ਗੁਰੂ ਦੇ ਪਿੱਛੇ ਉਸ ਦੀ ਪੂਰੀ ਪਰੰਪਰਾ, ਪੂਰੀ ਪਰਪਾਟੀ ਹੁੰਦੀ ਹੈ, ਗੁਰੂ ਕੇਵਲ ਇੱਕ ਮਾਤਰ ਪ੍ਰਤੀਨਿਧੀ ਹੁੰਦਾ ਹੈ।

ਸੱਤ ਦੀ ਖੋਜ ਮਨੁੱਖ ਦੇ ਜੀਵਨ ਦੀ ਅਨੰਤ ਖੋਜ ਹੈ। ਇਹ ਖੋਜ ਕਰਮ ਕਰਕੇ ਖਤਮ ਨਹੀਂ ਹੁੰਦੀ। ਆਪਣੇ ਕਰਮ ਜੁਗਤੀ ਨਾਲ ਕਰਕੇ, ਪਿਆਰ ਨਾਲ ਕਰਕੇ, ਨਿਰਸੁਆਰਥ ਹੋ ਕੇ ਕਰਕੇ, ਇਨ੍ਹਾਂ ਦਾ ਫਲ ਸਮਰਪਣ ਕਰਕੇ ਹੀ ਹੋ ਸਕਦਾ ਹੈ ਜੋ ਕਿ ਬਹੁਤ ਘੱਟ ਕੋਈ ਵਿਰਲਾ ਹੀ ਕਰ ਸਕਦਾ ਹੈ, ਬਹੁਤ ਘੱਟ ਲੋਕ ਸੰਸਾਰਕ ਚੀਜ਼ਾਂ ਦਾ ਤਿਆਗ ਕਰ ਸਕਦੇ ਹਨ, ਇਹ ਤਿਆਗ ਕੇ ਆਪਣਾ ਸਮਾਂ ਤੇ ਸ਼ਕਤੀ ਪੂਰੀ ਤਰ੍ਹਾਂ ਨਾਲ ਜਾਗਰਤ ਹੋਣ ਲਈ ਲਗਾ ਸਕਦੇ ਹਨ। ਇਹੋ ਜਿਹੇ ਤਿਆਗੀ ਮਹਾਨ ਹਨ, ਪੂਜਣ ਯੋਗ ਹਨ। ਤਾਂਤਰ ਦੀ ਫਿਲੌਸਫੀ ਅਨੁਸਾਰ ਸਾਧਕ ਨੂੰ ਸੰਸਾਰ ਤਿਆਗਣ ਦੀ ਲੋੜ ਨਹੀਂ, ਨਾ ਹੀ ਸੁਖ, ਖੁਸ਼ੀ ਤਿਆਗਣ ਦੀ ਲੋੜ ਹੈ, ਇਹ ਤਾਂ ਬਹੁਤ ਵਾਰੀ ਆਤਮ ਮਾਰਗ ਤੇ ਰੁਕਾਵਟਾਂ ਹੀ ਗਿਣੀਆਂ ਜਾਂਦੀਆਂ ਹਨ। ਇਸ ਮਾਰਗ ਤੇ ਕੋਈ ਤਿਆਗ ਨਹੀਂ ਕੀਤਾ ਜਾਂਦਾ, ਕੋਈ ਬਲੀਦਾਨ ਨਹੀਂ ਦਿੱਤਾ ਜਾਂਦਾ, ਉਦੇਸ਼ ਹੈ, ਗੋਲ ਹੈ ਵਿਜੈ ਪ੍ਰਾਪਤ ਕਰਨੀ।

ਧਰਮ, ਅਰਥ, ਕਾਮ, ਮੋਕਸ਼ ਇਹ ਮਨੁੱਖੀ ਜੀਵਨ ਦੇ ਮੁਢਲੇ ਉਦੇਸ਼ ਹਨ। ਅਰਥ ਤੋਂ ਭਾਵ ਹੈ ਜੀਵਨ ਜੀਉਣ ਲਈ ਐਨਾ ਹੋਣਾ ਚਾਹੀਦਾ ਹੈ ਕਿ ਜੀਵਨ ਦੀਆਂ ਲੋੜਾਂ ਸੌਖੀਆਂ ਪੂਰਿਆਂ ਹੋ ਜਾਣ। ਇਹ ਲੋੜਾਂ ਦੀ ਪੂਰਤੀ ਵਧੇਰੇ ਸਮਾਂ ਤੇ ਸ਼ਕਤੀ ਨਾ ਮੰਗੇ। ਧਰਮ ਤੋਂ ਭਾਵ ਹੈ ਜੋ ਕੁਝ ਵੀ ਅਸੀਂ ਕਰਾਈਏ ਉਹ ਸੱਚਾ-ਸੁੱਚਾ ਈਮਾਨਦਾਰੀ ਦਾ ਹੋਵੇ, ਸਹੀ ਤਰੀਕੇ ਨਾਲ ਕੀਤਾ ਜਾਵੇ। ਕਾਮ ਸਾਰੀਆਂ ਇਛਾਵਾਂ ਦਾ ਸਰੋਤ ਹੈ, ਜਿਸਨੂੰ ਠੀਕ ਤਰ੍ਹਾਂ ਸਮਝਣਾ ਜ਼ਰੂਰੀ ਹੈ, ਨਾਲ ਹੀ ਉਸਨੂੰ ਦਿਸ਼ਾ ਦੇ ਕੇ ਮੋੜ ਕੇ ਅਧਿਆਤਮਕ ਪਾਸੇ ਲਗਾਉਣ ਦੀ ਲੋੜ ਹੈ। ਆਤਮ ਮਾਰਗ ਹੀ ਜੀਵਨ ਦਾ ਗੋਲ ਹੈ, ਉਦੇਸ਼ ਹੈ। ਮੋਕਸ਼ ਤੋਂ ਭਾਵ ਹੈ, ਮੁਕਤੀ ਸਾਰੇ ਬੰਧਨਾਂ ਤੋਂ ਛੁਟਕਾਰਾ ਸੰਸਕਾਰਾਂ ਤੋਂ ਮੁਕਤ ਹੋਣਾ ਜਿਹੜੇ ਸਾਰੇ ਜੀਵਨ ਵਿਚ ਪਾਏ ਗਏ ਹਨ। ਇਹ ਮੁਕਤੀ ਇਹ ਛੁਟਕਾਰਾ ਹੀ ਜੀਵਨ ਦਾ ਗੋਲ ਹੈ।

****

ਸਿਹਤ ਰੱਖਿਆ ਗਿਆਨ

ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)
ਆਯੁਰਵੇਦ ਭੀਸ਼ਗ ਆਚਾਰੀਯ।
ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।
ਮੋਬਾਈਲ ਨੰ. 98156-07803

ਜ਼ੁਕਾਮ (ਸਰਦੀ)

ਇਹ ਸੱਚੀ ਗੱਲ ਹੈ ਕਿ ਬੱਚੇ ਤੋਂ ਲੈ ਕੇ ਬੁੱਢੇ ਤੱਕ ਜ਼ੁਕਾਮ ਤੋਂ ਹਰ ਇਕ ਜਾਣੂ ਹੈ। ਕਿਉਂਕਿ ਹਰੇਕ ਵਿਅਕਤੀ ਜ਼ੁਕਾਮ ਦਾ ਸ਼ਿਕਾਰ ਬਣਿਆ ਹੋਵੇਗਾ ਜਾਂ ਹੈ। ਇਹ ਰੋਗ ਕਿਤਨਾ ਦੁਖਦਾਈ ਹੁੰਦਾ ਹੈ ਇਹ ਤਾਂ ਉਹ ਹੀ ਜਾਣਦਾ ਹੈ ਜਿਸਨੇ ਇਸ ਰੋਗ ਦਾ ਕਸ਼ਟ ਭੋਗਿਆ ਹੈ। ਆਮ ਬੋਲਚਾਲ ਵਿਚ ਜ਼ੁਕਾਮ ਨੂੰ ਸਰਦੀ ਜਾਂ ਠੰਢ ਕਹਿੰਦੇ ਹਨ। ਇਸਨੂੰ ਸੰਸਕ੍ਰਿਤ ਵਿਚ ਪ੍ਰਤੀਸਿਥਾਇ ਅਤੇ ਅੰਗ੍ਰੇਜ਼ੀ ਵਿਚ comon cold, Nasal, Catarrh, Coryza ਆਦਿ ਕਹਿੰਦੇ ਹਨ। ਵੈਸੇ ਤਾਂ ਪਹਿਲਾਂ ਇਸਨੂੰ ਕੋਈ ਰੋਗ ਨਹੀਂ ਸਮਝਿਆ ਜਾਂਦਾ ਪਰ ਬਾਅਦ ਵਿਚ ਮਾਲੂਮ ਹੋ ਜਾਂਦਾ ਹੈ ਕਿ ਸੱਚਮੁੱਚ ਇਹ ਸਰਦੀ ਵਿਚ ਇਕ ਛੂਤ ਦਾ ਦੁਖਦਾਈ ਰੋਗ ਹੈ। ਇਸਦਾ ਧਿਆਨ ਨਾ ਰੱਖਣ ਨਾਲ ਸਰੀਰ ਤੇ ਬੁਰਾ ਅਸਰ ਪੈਂਦਾ ਹੈ। ਇੱਥੋਂ ਤੱਕ ਨਮੂਨੀਆ ਜਾਂ ਹੋਰ ਸਾਹ, ਫੇਫੜਿਆਂ ਸਬੰਧੀ ਰੋਗਾਂ ਦਾ ਰੂਪ ਧਾਰਨ ਕਰ ਲੈਂਦਾ ਹੈ ਇਸ ਰੋਗ ਨੂੰ ਆਯੁਰਵੇਦ ਸ਼ਾਸਤਰ ਦੇ ਮਹਾਨ ਗ੍ਰੰਥ ਚਰਕ ਸੰਹਿਤਾ ਵਿਚ ਲਿਖਿਆ ਹੋਇਆ ਹੈ ਕਿ ਆਮ ਸਰਦੀ ਵਿਚ ਵੀ ਸਾਹ, ਖਾਂਸੀ, ਬੁਖਾਰ, ਰਕਤ ਪਿੱਤ (ਮੂੰਹ 'ਚੋਂ ਖੂਨ ਆਉਣਾ), ਆਵਾਜ਼ ਦਾ ਬੈਠ ਜਾਣਾ ਜਾਂ ਸਕਸ਼ਮਾਂ (ਟੀ.ਬੀ) ਆਦਿ ਰੋਗ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਜਦੋਂ ਨਵਾਂ ਰੋਗ ਹੋਵੇ ਤਾਂ ਮਾਲੂਮੀ ਇਲਾਜ ਨਾਲ ਹੀ ਠੀਕ ਹੋ ਜਾਂਦਾ ਹੈ। ਪਰ ਅਣਜਾਣ ਪਣੇ ਵਿਚ ਖੁਸ਼ਕ ਦਵਾਈਆਂ ਨਾਲ ਅੰਦਰੋਂ ਚੱਲ ਰਿਹਾ ਰੇਸ਼ਾ ਰੋਕਣ ਨਾਲ ਸਾਹ ਦਮਾ ਆਦਿ ਭਿਆਨਕ ਰੋਗਾਂ ਦਾਰੂਪ ਧਾਰਨ ਕਰ ਲੈਂਦਾ ਹੈ। ਪਰ ਜਦੋਂ ਪੁਰਾਣਾ ਹੋ ਜਾਂਦਾ ਹੈ ਤਾਂ ਸਾਹ ਸਬੰਧੀ ਦੁਖਦਾਈ ਰੋਗ ਬਣ ਜਾਂਦੇ ਹਨ।

ਲੱਛਣ - ਜ਼ੁਕਾਮ ਹੋਣ ਤੇ ਨੱਕ ਵਿਚੋਂ ਪਾਣੀ ਵਗਣ ਲੱਗ ਜਾਂਦਾ ਹੈ ਨਾਲ ਹੀ ਅੱਖਾਂ ਵਿਚੋਂ ਵੀ ਪਾਣੀ ਆਉਣ ਲੱਗ ਜਾਂਦਾ ਹੈ। ਸਰੀਰ ਵਿਚ ਦਰਦ ਹੋਣ ਲਗ ਜਾਂਦਾ ਹੈ, ਅੰਗੜਾਈਆਂ, ਛਿੱਕਾਂ, ਸਿਰਦਰਦ, ਸਿਰ ਦਾ ਭਾਰੀਪਣ, ਸੁੱਕੀ ਖਾਂਸੀ, ਗਲੇ ਦਾ ਬੈਠ ਜਾਣਾ, ਭੁੱਖ ਮਰ ਜਾਣੀ, ਨੱਕ ਬੰਦ ਹੋ ਜਾਣਾ, ਹਲਕਾ ਬੁਖਾਰ ਰਹਿਣਾ ਆਦਿ ਲੱਛਣ ਹੋ ਜਾਂਦੇ ਹਨ। ਐਸਾ ਹੀ ਆਯੁਰਵੇਦ ਸਾਸ਼ਤਰ ਦੇ ਮਹਾਨ ਗ੍ਰੰਥ ਸੰਹਿਤ ਚਰਕ ਸੰਹਿਤ ਵਿਚ ਵਰਣਨ ਹੈ, ਇਸ ਰੋਗ ਵਿਚ ਛਿੱਕਾਂ ਆਉਣੀਆਂ, ਨੱਕ ਸੁੱਕਣ ਦੀ ਤਰ੍ਹਾਂ ਲਗਦਾ ਹੈ। ਬਾਅਦ ਵਿਚ ਨੱਕ ਵਿਚੋਂ ਅਨੇਕ ਤਰ੍ਹਾਂ ਦੀ ਬਦਬੂ ਆਉਣ ਲੱਗ ਜਾਂਦੀ ਹੈ, ਪੀਲਾ ਰੇਸ਼ਾ ਜਾਣ ਲੱਗ ਜਾਂਦਾ ਹੈ। ਆਪਣੇ ਆਪ ਬਾਹਰ ਨਿਕਲਣ ਲੱਗ ਜਾਂਦਾ ਹੈ। ਕੰਨਾਂ ਤੋਂ ਘੱਟ ਸੁਣਨ ਲਗ ਜਾਂਦਾ ਹੈ। ਬੁਖਾਰ, ਰਕਤ, ਪਿੱਤ, ਗਲਾ ਬੈਠ ਜਾਣਾ ਐਸਾ ਹੀ ਚਰਕ ਸੰਹਿਤਾ ਵਿਚ ਲਿਖਿਆ ਹੈ।

ਕਾਰਣ - ਵਰਖਾ ਦੇ ਪਾਣੀ ਨਾਲ ਭਿੱਜਣ ਕਰਕੇ, ਠੰਢ ਲੱਗਣ ਨਾਲ, ਰਾਤ ਨੂੰ ਜਾਣਾ, ਤੇਜ਼ ਧੁੱਪ ਵਿਚ ਫਿਰਨਾ, ਕਬਜ਼ੀ ਰਹਿਣਾ, ਗਰਮੀ 'ਚੋਂ ਆ ਕੇ ਠੰਢਾ ਪਾਣੀ ਪੀਣਾ, ਸੌਂ ਕੇ ਉਠ ਕੇ ਤੁਰੰਤ ਪਾਣੀ ਪੀਣਾ, ਨਦੀ ਦਾ ਅਸ਼ੁੱਧ ਪਾਣੀ ਪੀਣਾ ਜਾਂ ਇਲਾਕੇ ਦੀ ਬਦਲੀ ਹੋ ਜਾਣਾ ਵਿੱਚ ਜਾ ਕੇ ਪਾਣੀ ਬਦਲ ਹੋ ਜਾਣਾ ਅਤੇ ਜ਼ਿਆਦਾ ਠੰਢੀਆਂ ਚੀਜ਼ਾਂ ਦੀ ਵਰਤੋਂ ਕਰਨਾ, ਜ਼ਿਆਦਾ ਚਿਕਨੀਆਂ ਖੱਟੀਆਂ ਚੀਜ਼ਾਂ ਖਾਣ ਨਾਲ ਮਲ ਮੂਤਰ ਦੇ ਬੇਗਾਂ ਨੂੰ ਰੋਕਣ ਨਾਲ, ਬਦਹਜ਼ਮੀ ਧੂੰਆਂ - ਧੂੜ, ਨੱਕ, ਮੂੰਹ ਵਿਚ ਪੈਣ ਨਾਲ, ਬਹੁਤ ਉੱਚਾ ਬੋਲਣ ਨਾਲ, ਵਿਆਹ ਆਦਿ ਵਿਚ ਉੱਚੀ-ਉੱਚੀ ਬੋਲਣ ਨਾਲ ਗਲਾ ਬੈਠ ਜਾਣਾ, ਜ਼ਿਆਦਾ ਕਾਮ, ਕ੍ਰੋਧ ਨਾਲ, ਰੁੱਤ ਬਦਲਣ ਨਾਲ, ਸਿਰ ਦਰਦ, ਜ਼ਿਆਦਾ ਸੌਣ ਨਾਲ, ਜ਼ਿਆਦਾ ਪਾਣੀ ਪੀਣ ਨਾਲ, ਜ਼ਿਆਦਾ ਧਰਤੀ ਦੀ ਭੜਦਾਹ, ਭਾਫ ਲਗਣ ਨਾਲ ਆਦਿ ਕਾਰਨਾਂ ਕਰਕੇ ਸਿਰ ਵਿਚ ਦੋਸ਼ ਪੈਦਾ ਹੋ ਕੇ ਬਾਜੂ ਠੰਢਕ ਆਦਿ ਵਿਕਾਰ ਪੈਦਾ ਕਰ ਦਿੰਦਾ ਹੈ।

ਇਲਾਜ - ਰੋਗ ਦੇ ਮੂਲ ਕਾਰਨਾਂ ਦਾ ਧਿਆਨ ਰੱਖ ਕੇ ਹੀ ਇਲਾਜ ਕਰਨਾ ਚਾਹੀਦਾ ਹੈ। ਜੇ ਸਾਹ, ਪੇਟ ਦੀ ਬਿਮਾਰੀ, ਟਾਂਸਲ (ਗਲੇ ਦਾ ਰੋਗ) ਆਦਿ ਕਾਰਨਾਂ ਨਾਲ ਜ਼ੁਕਾਮ ਹੋਇਆ ਹੋਵੇ ਤਾਂ ਇਲਾਜ ਕਰਨ ਮੌਕੇ ਉਸ ਮੂਲ ਰੋਗ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਹੀ ਲਾਭ ਹੋਵੇਗਾ। ਕਿਉਂਕਿ ਉਹ ਹੀ ਮੂਲ ਰੋਗ ਜ਼ੁਕਾਮ ਦੀ ਜੜ੍ਹ ਹੈ ਜੇਕਰ ਵਰਖਾ ਵਿਚ ਭਿੱਜਣ ਨਾਲ ਠੰਢ ਲੱਗਣ ਕਾਨਰ ਹੋਇਆ ਹੋਵੇ ਤਾਂ ਗਰਮ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ। ਹੁਣ ਇਸ ਲਈ ਲਾਭਕਾਰੀ ਦਵਾਈਆਂ ਲਿਖਦਾ ਹਾਂ ਜਿਸ ਤੋਂ ਪਾਠਕ ਪੂਰਾ-ਪੂਰਾ ਲਾਭ ਉਠਾ ਸਕਦੇ ਹਨ -

1. ਕਾਲੀ ਮਿਰਚ ਕੁੱਟ ਕੇ ਸੱਤ ਤੋਂ ਨੌਂ ਮਿਰਚਾਂ, ਸੱਤ ਤੋਂ ਨੌਂ ਪਤਾਸੇ, ਪਾਈਆ ਪਾਣੀ ਵਿਚ ਉਬਾਲ ਕੇ ਗਰਮ ਗਰਮ ਪੀਣ ਨਾਲ ਜ਼ੁਕਾਮ ਖਾਂਸੀ ਅਤੇ ਸਰੀਰ ਦੇ ਦਰਦ ਨੂੰ ਆਰਾਮ ਹੋ ਜਾਂਦਾ ਹੈ ਪਸੀਨਾ ਆ ਕੇ ਸਰੀਰ ਹਲਕਾ ਹੋ ਜਾਂਦਾ ਹੈ।

2. ਉਨਾਭ 7 ਨਗ, ਨਿਸੂੜੀਆਂ 7 ਨਗ, ਬਨਕਸ਼ਾ, ਗਾਜਵਾਂ, ਮੁਲੱਠੀ, ਖਸਖਸ ਅਤੇ ਸੌਂਫ 6-6 ਗ੍ਰਾਮ ਤਰੰਗਬੀਨ 1 ਤੋਲਾ, ਸਾਰੀਆਂ ਨੂੰ 25 ਗ੍ਰਾਮ ਮਿਸਰੀ ਮਿਲਾ ਕੇ, 250 ਗ੍ਰਾਮ ਪਾਣੀ ਉਬਾਲੇ, ਸਵੇਰੇ ਸ਼ਾਮ ਅੱਧਾ-ਅੱਧਾ ਪੀਣਾ ਚਾਹੀਦਾ ਹੈ ਇਹ ਜ਼ੁਕਾਮ ਨੂੰ ਤੁਰੰਤ ਲਾਭ ਦਿੰਦਾ ਹੈ।

3. ਵਯੋਸ਼ਾਦੀ ਵੱਟੀ - ਇਹ ਸਰਦੀ ਜ਼ੁਕਾਮ, ਨਜ਼ਲਾ, ਖਾਂਸੀ, ਸਵਰਭੰਗ (ਆਵਾਜ਼ ਦਾ ਬੈਠ ਜਾਣਾ) ਲਈ ਲਾਭਕਾਰੀ ਹੈ। ਦਿਨ ਵਿਚ 4-5 ਗੋਲੀਆਂ ਚੂਸਣ ਨਾਲ ਜ਼ੁਕਾਮ ਤੇ ਖਾਂਸੀ ਨੂੰ ਬਹੁਤ ਫਾਇਦਾ ਹੁੰਦਾ ਹੈ।

ਦਵਾਈ ਬਣਾਉਣ ਦੀ ਵਿਧੀ - ਸੁੰਢ, ਕਾਲੀ ਮਿਰਚ, ਮੱਘਾ, ਅਮਲਵੇਤ, ਚੱਬ, ਤਾਲੀਸ ਪੱਤ੍ਰ, ਚਿਤਰਿਕ ਮੂਲ, ਸਫੈਦ ਜ਼ੀਰਾ, ਇਮਲੀ ਦੇ ਬੀਜ ਦੀ ਗਿਰੀ, ਦਾਲ ਚੀਨੀ, ਤੇਜ ਪੱਤ੍ਰ 10-10 ਗ੍ਰਾਮ ਲੈ ਕੇ ਸਭ ਨੂੰ ਪੀਸ ਕੇ ਕੱਪੜ ਛਾਣ ਕਰਕੇ 200 ਗ੍ਰਾਮ ਪੁਰਾਣਾ ਗੁੜ ਮਿਲਾ ਕੇ ਝਾੜੀ ਬੇਰੀ ਸਮਾਨ ਗੋਲੀ ਬਣਾਵੇ ਵਯਸ਼ਾ ਦੀ ਵੱਟੀ ਤਿਆਰ ਹੈ।

4. ਚਿਤਰਿਕ ਹਰੀਤਕੀ - ਇਹ ਦਵਾਈ ਸਾਧਾਰਨ ਅਤੇ ਵਿਗੜੇ ਹੋਏ ਹੁਕਮ ਲਈ ਬਹੁਤ ਹੀ ਲਾਭਕਾਰੀ। ਸਵੇਰੇ ਸ਼ਾਮ ਇੱਕ-ਇੱਕ ਗੋਲੀ ਗਰਮ ਦੁੱਧ ਜਾਂ ਗਰਮ ਪਾਣੀ ਨਾਲ ਲਵੋ।

5. ਤੁਲਸੀ ਦੇ ਪੱਤੇ 10-15, ਅਦਰਕ 10 ਗ੍ਰਾਮ ਬਗੈਰ ਬਰੀਕ-ਬਰੀਕ ਕੱਟ ਕੇ ਚਾਹ ਬਣਾ ਕੇ ਪੀਓ, ਬਹੁਤ ਲਾਭਕਾਰੀ ਹੈ।

ਜੇਕਰ ਰੇਸ਼ਾ, ਨਜ਼ਲਾ, ਪੁਰਾਣਾ ਹੋਵੇ ਜਾਂ ਸਾਹ ਦਮਾ ਹੋ ਗਿਆ ਹੋਵੇ ਤਾਂ ਖਸਖਸ ਪਾਕ ਕੇਸਰ ਅਭਰਕ ਆਦਿ ਭਸਮਾਂ ਵਾਲਾ M.H ਦੀ ਵਰੋਤਂ ਕਰੋ। ਮੇਘ ਹਰਬਲ ਚਾਹ ਦੀ ਵਰਤੋਂ ਸਰੀਰ ਲਈ ਬਹੁਤ ਲਾਭਕਾਰੀ ਹੈ।

****

(ਪੰਨਾ 53 ਦੀ ਬਾਕੀ)

ਮਨ ਦੀਆਂ ਸੱਧਰਾਂ ਪੂਰੀਆਂ ਹੋਈਆਂ ਤੇ ਇਸ ਨਾਲ ਮੈਨੂੰ ਵੀ ਬੇਅੰਤ ਖੁਸ਼ੀ ਹੋਈ।

(ਸਜਨ ਸਿੰਘ ਐਮ.ਐਸ.ਸੀ. ਸਭੋਲੀ)

ਅਰਦਾਸ ਸ਼ਕਤੀ

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਰਦਾਸ ਵਿਚ ਬੜੀ ਭਾਰੀ ਸ਼ਕਤੀ ਹੈ, ਪਰ ਸ਼ਰਤ ਇਹ ਹੈ ਕਿ ਅਰਦਾਸ ਤਰੀਕੇ ਨਾਲ ਕੀਤੀ ਜਾਵੇ।ਜਿਸ ਅੱਗੇ ਅਰਦਾਸ ਕੀਤੀ ਜਾਵੇ, ਉਸ ਉਪਰ ਪੂਰਨ ਭਰੋਸਾ ਹੋਵੇ ਕਿ ਉਹ ਇਸ ਅਰਦਾਸ ਨੂੰ ਪੂਰੀ ਕਰਨ ਦੀ ਸਮਰਥਾ ਰਖਦਾ ਹੈ। ਜਿਸ ਚੀਜ਼ ਬਾਰੇ ਅਰਦਾਸ ਕੀਤੀ ਜਾਵੇ, ਉਸ ਵਾਸਤੇ ਪੂਰਨ ਉਦਮ ਕਰਨਾ ਚਾਹੀਦਾ ਹੈ ਅਤੇ ਅਰਦਾਸ ਸ਼ੁਭ ਭਾਵਨਾ ਵਾਲੀ ਹੋਵੇ।

ਦਾਸ ਆਪਣੇ ਜੀਵਨ ਦੇ ਹੇਠ ਲਿਖੇ ਦੋ ਸੱਚੇ ਵਾਕੇ ਬਿਆਨ ਕਰਦਾ ਹਾਂ, ਜਿਸ ਤੋਂ ਅਰਦਾਸ ਦੀ ਸ਼ਕਤੀ ਉਤੇ ਰੋਸ਼ਨੀ ਪਵੇਗੀ-

(1) ਤਕਰੀਬਨ ਸੰਨ 1939 ਦਾ ਜ਼ਿਕਰ ਹੈ ਕਿ ਦਾਸ ਮੋਗੇ ਤਹਿਸੀਲ ਵਿਚ ਕਾਇਮ ਮੁਕਾਮ ਡੀ. ਐਸ.ਪੀ ਸੀ। ਅਜੇ ਪੱਕਾ ਹੋਣ ਦੀ ਕੋਈ ਸੰਭਾਵਨਾ ਨਹੀਂ ਜਾਪਦੀ ਸੀ। ਦਾਸ ਦੀ ਧਰਮ ਪਤਨੀ ਨੇ 'ਥਿਰ ਘਰ ਬੈਸਹੁ' ਵਾਲੇ ਸ਼ਬਦ ਦਾ ਸਵਾ ਲਖ ਪਾਠ 40 ਦਿਨਾਂ ਦੇ ਅੰਦਰ ਇਸ ਭਾਵਨਾ ਨੂੰ ਮੁਖ ਰਖ ਕੇ ਕੀਤਾ ਕਿ ਦਾਸ ਪੱਕਾ ਹੋ ਜਾਵੇ। ਭੋਗ ਵਾਲੇ ਦਿਨ ਦਾਸ ਨੇ ਖੁਦ ਅਰਦਾਸ ਕੀਤੀ ਅਤੇ ਜਦੋਂ 10 ਵਜੇ ਸਵੇਰੇ ਦਫਤਰ ਗਿਆ ਤਾਂ ਉਥੇ ਤਾਰ ਮਿਲੀ ਜਿਸ ਵਿਚ ਦਾਸ ਦੇ ਪੱਕੇ ਹੋਣ ਬਾਰੇ ਕਿਸੇ ਇਕ ਮਿਤ੍ਰ ਦੀ ਮੁਬਾਰਕਬਾਦ ਸੀ। ਦਾਸ ਸ਼ਬਦ ਅਤੇ ਅਰਦਾਸ ਦੀ ਸ਼ਕਤੀ ਨੂੰ ਦੇਖ ਕੇ ਅਸਚਰਜ ਹੋ ਗਿਆ।

(2) 1953-54 ਦਾ ਜ਼ਿਕਰ ਹੈ ਕਿ ਦਾਸ ਦਿੱਲੀ ਆਪਣੀ ਕੋਠੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਸਵੇਰੇ ਚਾਰ ਵਜੇ ਸਰਦੀ ਦੇ ਮੌਸਮ ਵਿਚ ਨਿਤਨੇਮ ਸਿਮਰਨ ਕਰਦਾ ਹੁੰਦਾ ਸੀ। ਬਾਹਰਲੇ ਕੁਆਟਰਾਂ ਵਿਚ ਇਕ ਸੱਜਣ ਨੇ ਕੁੱਕੜ ਪਾਲੇ ਹੋਏ ਸਨ। ਉਹ ਕੁਕੜ ਰੋਜ਼ ਬਾਂਗ ਦਿੰਦਾ ਤੇ ਮੇਰੇ ਸਿਮਰਨ ਵਿਚ ਖਲਲ ਪੈਦਾ ਹੁੰਦਾ ਸੀ। ਸਿਮਰਨ ਵਿਚ ਬੈਠਿਆਂ ਮੇਰੇ ਮੂੰਹੋਂ ਨਿਕਲ ਗਿਆ ਕਿ ਹੇ ਵਾਹਿਗੁਰੂ, ਇਸ ਕੁਕੜ ਨੂੰ ਆਪ ਮਾਰ ਨਹੀਂ ਸਕਦੇ? ਦੂਸਰੇ ਦਿਨ ਉਹ ਕੁਕੜ ਬੀਮਾਰ ਹੋ ਕੇ ਮਰ ਗਿਆ। ਮੈਂ ਫਿਰ ਮੁਆਫੀ ਮੰਗੀ ਕਿ ਇਹ ਸ਼ੁਭ ਕਾਮਨਾ ਦੀ ਅਰਦਾਸ ਨਹੀਂ ਸੀ, ਇਸ ਵਾਸਤੇ ਮੈਨੂੰ ਮੁਆਫ ਕੀਤਾ ਜਾਵੇ। ਪਰ ਤੀਰ ਚਲ ਚੁਕਿਆ ਸੀ। ਕੁਕੜ ਵਾਲਾ ਸੱਜਣ ਦੂਸਰੇ ਚੌਥੇ ਦਿਨ ਹੋਰ ਕੁਕੜ ਲੈ ਆਇਆ। ਉਸ ਨੇ ਵੀ ਬਾਂਗ ਦੇਣੀ ਸ਼ੁਰੂ ਕੀਤੀ ਅਤੇ ਉਹ ਵੀ ਦੂਸਰੇ ਚੌਥੇ ਦਿਨ ਮਰ ਗਿਆ। ਇਸ ਤਰ੍ਹਾਂ ਨਾਲ ਸੱਤ ਕੁਕੜ ਮਰੇ। ਮੇਰੀ ਧਰਮ ਪਤਨੀ ਨੇ, ਜਿਸ ਨੂੰ ਇਸ ਅਰਦਾਸ ਬਾਰੇ ਮੈਂ ਦੱਸ ਦਿਤਾ ਸੀ, ਜਾ ਕੇ ਕੁਕੜਾਂ ਵਾਲੇ ਪ੍ਰੇਮੀ ਨੂੰ ਕਿਹਾ ਕਿ ਉਹ ਹੋਰ ਕੁਕੜ ਖਰੀਦ ਕੇ ਨਾ ਲਿਆਵੇ। ਕੋਈ ਐਸੀ ਗੱਲ ਹੈ ਕਿ ਕੁਕੜ ਬਚਣਗੇ ਨਹੀਂ। ਫਿਰ ਉਹ ਕੁਕੜ ਲਿਆਉਣੋਂ ਹਟ ਗਿਆ। ਇਸ ਵਾਕੇ ਤੋਂ ਸਿਮਰਨ ਅਭਿਲਾਸ਼ੀਆਂ ਨੂੰ ਇਹ ਵੀ ਸਬਕ ਲੈਣਾ ਚਾਹੀਦਾ ਹੈ ਕਿ ਸਿਮਰਨ ਵਿਚ ਬੈਠੇ ਹੋਏ ਆਪਣੇ ਮੂੰਹ ਵਿਚੋਂ ਬਹੁਤ ਹੀ ਵਿਚਾਰ ਨਾਲ ਗੱਲ ਕਹਿਣੀ ਚਾਹੀਦੀ ਹੈ।

(ਬਿਸ਼ਨ ਸਿੰਘ 'ਪਲਤਾ' ਨਾਭਾ)

****

ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

ਮਹੀਨੇ ਦੇ ਹਰ ਐਤਵਾਰ ਨੂੰ ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ ।

ਸੰਗਰਾਂਦ - 16 ਦਿਸੰਬਰ, ਦਿਨ ਵੀਰਵਾਰ

(ਸਵੇਰ ਦੇ ਸਮੇਂ **7.00** ਵਜੇ ਤੋਂ **9.00** ਵਜੇ ਤੱਕ)

ਚੜ੍ਹਦੀ ਪੂਰਨਮਾਸ਼ੀ- 21 ਦਿਸੰਬਰ, ਦਿਨ ਮੰਗਲਵਾਰ

(ਸਮਾਂ - ਸ਼ਾਮ **7.00** ਰਾਤ **1.00** ਵਜੇ ਤੱਕ ਰੈਣ ਸਬਾਈ ਕੀਰਤਨ)

ਜਰੂਰੀ ਸੂਚਨਾ - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

ਨਿਰਮਲ ਡੇਰਾ ਹਿਰਦਾਪੁਰ ਖੇੜੀ - ਹਰ ਮਹੀਨੇ ਦੇ ਹਰ ਆਖਰੀ ਸ਼ਨਿਚਰਵਾਰ ਨੂੰ ਸਵੇਰੇ 10.00 ਤੋਂ 1.00 ਵਜੇ ਤੱਕ ਦੀਵਾਨ ਸਜਦੇ ਹਨ।